On our English language New Website
WWW.PREETNEWS.COM
preetnews2020@gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 4, ਅੰਕ 97 , ਮਿਤੀ : 14 ਅਪ੍ਰੈਲ, 2021 ਤੋਂ 20 ਅਪ੍ਰੈਲ 2021 ਵੈਬਸਾਈਟ : www.preetnama.com ਈਮੇਲ preetnamausa@gmail.com

# ਵਿਸਾਖੀ ਵਾਲਾ ਮੇਲਾ

## ਅਣਭੁੱਲ ਯਾਦਾਂ ਬਨਾਮ ਅੱਜ ਦੇ ਕੌੜੇ ਹਾਲਾਤ



"ਲਾਡੀ ਨੇ ਹਰਾ ਸੂਟ ਪਾਉਣਾ , ਰੱਜੀ ਨੇ ਕਾਲਾ । ਮਾਂ ਮੈ ਲਾਲ ਹਰਾ ਸਲਵਾਰ ਸੂਟ ਪਾਉਣਾ ਕੱਲ ਮੇਲੇ ਤੇ । ਬਿੰਦੂ ਤੂੰ ਕੀ ਪਾਉਣਾ ? ਮਰ ਜੋ ਕੁੜੀਆਂ ਸੋ ਜਾਵੋ ਹੁੱਣ । ਕਿਵੇਂ ਕਾਵਾਂ ਰੋਲੀ ਪਾਈ ਆ ਅੱਧੀ ਰਾਤ ਨੂੰ । ਦਾਦੀ ਸਾਡਾ ਰੋਲਾਂ ਸੁੱਣ ਕੇ ਉੱਠ ਖੜਦੀ ਤੇ ਝਿੜਕਾਂ ਦੇ ਨਾਲ ਨਾਲ ਚਿੰਤਾ ਵੀ ਕਰਦੀ " ਹੈ ਭਜਨੋ ਜੁਆਕੜੀਆਂ ਦੇ ਕੱਪੜੇ ਕੱਢ ਕੇ ਬਾਹਰ ਰੱਖ ਲੈ , ਨੇਰੇ ਨੇਰੇ (ਤੜਕੇ ਵਕਤ) ਵਿਸਾਖੀ ਨਹਾਂ ਆਵਾਂਗੇ , ਦਿਨ ਚੜਦੇ ਭੀੜ ਹੋ ਜਾਣੀ ।
ਅਸੀਂ ਨਿਆਣਿਆਂ ਰੋਲਾਂ ਪਾ ਦੇਣਾ ਦਾਦੀ ਅਸੀਂ ਮੇਲਾ ਵੀ ਵੇਖਣਾ । ਆਥਣੇ ਘਰੇ ਆਵਾਂਗੇ ਜਲੇਬੀਆਂ ਲੈ ਕੇ ।
ਅੱਖਾਂ ਭਰ ਜਿਹੀਆਂ ਆਉਂਦੀਆਂ ਨੇ ਯਾਦ ਕਰ ਕੇ ।ਸੱਚੀ ਉਹ ਵੀ ਵੇਲੇ ਸੀ । ਕਿੰਨੇ ਕਿੰਨੇ ਦਿਨ ਪਹਿਲਾਂ ਹੀ ਚਾਅ ਚੜ ਜਾਣਾ ਵਿਸਾਖੀ ਮੇਲੇ ਦਾ ।ਨਵੇਂ ਕੱਪੜੇ ਲੈਣੇ , ਗੁਰਗਾਬੀ ਵੀ ਲੈਣੀ ਤੇ ਮਹਿੰਦੀ ਤਾਂ ਮੁੱਖ ਕੰਮ ਸੀ । ਦੋ ਦਿਨ ਪਹਿਲਾਂ ਹੀ ਲੋਹੇ ਦੇ ਬਾਟੇ ਵਿੱਚ ਘੋਲ ਦੇਣੀ ਤਾਂ ਜੋ ਰੰਗ ਗਾੜ੍ਹਾ ਹੋਵੇ । ਰਾਤ ਨੂੰ ਮਾਂ ਨੇ ਸਾਡੇ ਹੱਥਾਂ ਤੇ ਲਗਾ ਕੇ ਮੁੱਠੀਆਂ ਬੰਦ ਕਰ ਦੇਣੀਆਂ । ਸੁਆਣੀਆਂ ਵਾਸਤੇ ਵਿਸਾਖੀ ਮਤਲਬ ਨੇਰੇ ਨੇਰੇ ਸਰੋਵਰ ਤੇ ਇਸਨਾਨ ਕਰ ਕੇ ਗੁਰੂ ਘਰ ਹਾਜਰੀ ਲਗਾਉਣਾ ਹੁੰਦਾ ਸੀ ਤੇ ਸਾਡੇ ਜੁਆਕਾਂ ਲਈ ਮੇਲੇ ਵਿੱਚੋਂ ਖਿਡਾਉਣੇ ਤੇ ਮਨਿਆਰਾਂ ਖਰੀਦਣਾ । ਪਰ ਉਠਣਾ ਸਭ ਨੂੰ ਹੀ ਸਵੱਖਤੇ ਪੈਂਦਾ । ਹਨੇਰੇ ਹਨੇਰੇ ਸਵੇਰੇ ਚਾਰ ਵਜੇ ਸੁੱਚੇ ਮੂੰਹ ਗੁਰੂ ਘਰ ਪਹੁੰਚ ਜਾਣਾ । ਮੈਨੂੰ ਯਾਦ ਹੈ ਮੰਜੀ ਸਾਹਿਬ (ਅੰਬਾਲਾਂ) ਉਸ ਵਕਤ ਸਰੋਵਰ ਨਹੀਂ ਸੀ ਹੁੰਦਾ । ਗੁਰੂ ਘਰ ਦੀ ਪੁਰਾਣੀ ਇਮਾਰਤ ਦੇ ਪਿਛਲੇ ਪਾਸੇ ਇਸਨਾਨ ਘਰ ਬਣੇ ਹੁੰਦੇ ਸੀ ਜਿੱਥੇ ਸੰਗਤਾਂ ਇਸਨਾਨ ਕਰਦੀਆਂ ਸਨ । ਪਰ ਭੀੜ ਬਹੁੱਤ ਹੁੰਦੀ ਸੀ । ਪਿੰਡਾ ਤੋਂ ਟ੍ਰਾਲੀਆਂ ਟਰੱਕ ਭਰ ਭਰ ਸੰਗਤਾਂ ਪਹੁੰਚਦੀਆਂ ਸਨ ।ਦਿਨ ਦੇ 12ਵਜੇ ਤੱਕ ਪੂਰਾ ਮੇਲਾ ਭਰ ਜਾਣਾ । ਦੀਵਾਨ ਸੱਜਣੇ , ਢਾਡੀ ਰਾਗੀ ਜੱਥਿਆ ਦਾ ਜਲੋ ਪੂਰੇ ਸੁਣਨ ਤੇ ਵੇਖਣ ਵਾਲਾ ਹੁੰਦਾ ਪਰ ਬਾਹਲੇ ਲੋਕ ਗਰਮੀ ਤੋਂ ਬਚਣ ਲਈ ਹੀ ਵੱਡੇ ਪੱਖਿਆਂ ਮੂਹਰੇ ਆ ਬਹਿੰਦੇ ਤੇ ਬੀਬੀਆਂ ਢਿੱਡ ਦੀ ਭੜਾਸ ਕੱਢਣ ਲਈ । ਸਾਨੂੰ ਬੱਸ ਮੇਲੇ ਲੱਗੀਆਂ ਦੁਕਾਨਾਂ ਘੁੰਮਣਾ ਚੰਗਾ ਲਗਦਾ । ਕਲਿੱਪ , ਸੂਈਆਂ ਹਾਰ , ਗਾਨੀਆਂ ਤੇ ਰੰਗ ਬਿਰੰਗੇ ਪਰਾਂਦੇ ਬੜੇ ਸੋਹਣੇ ਲੱਗਦੇ ਤੇ ਅਸੀਂ ਘੁੰਮ ਘੁੰਮ ਖਰੀਦੋ ਫਰੋਖਤ ਕਰਦੀਆਂ । ਕੁੱਝ ਝਡੋਲ ਵੀ ਝੂਟਦੇ ਪਰ ਮੈਨੂੰ ਝੂਟਿਆਂ ਦਾ ਜਿਆਦਾ ਸੋਕ ਨਹੀਂ ਸੀ । ਪਾਪਾ ਪਕੌੜੇ ਜਲੇਬੀਆਂ ਖਰੀਦਦੇ ਤੇ ਸਾਮ ਨੂੰ ਸਭ ਘਰੇ ਵਾਪਸ ਆ ਜਾਂਦੇ ਤੇ ਸਾਮ ਨੂੰ ਔਰਤਾਂ ਇਕੱਠੇ ਹੋ ਕੇ ਗਿੱਧਾ ਪੈਂਦੀਆਂ ਤੇ ਇੱਕ ਪਾਸੇ ਮੁਹੱਲੇ ਦੇ ਨੌਜਵਾਨ ਵੀ ਭੰਗੜੇ ਦੀ ਪਿੜ ਬੰਨ ਲੈਂਦੇ । ਦੋ ਕੁ ਕੁਲਫੀਆਂ ਵੇਚਣ ਵਾਲੇ ਆ ਜਾਂਦੇ ਤੇ ਸੰਤੋ ਮੇਹਰੀ ਗੋਲ - ਗੱਪਿਆ ਦੀ ਦੁਕਾਨ ਸਜਾ ਲੈਂਦੀ ਤੇ ਬੱਚਿਆ ਦਾ ਮੇਲਾ ਜੁੜ ਜਾਂਦਾ ।

ਉਹ ਰੋਣਕਾਂ ਹੀ ਕੁੱਝ ਹੋਰ ਸਨ । ਭੋਲਾ ਵਕਤ , ਨਾ ਕੋਈ ਤੇਰ ਮੇਰ ਤੇ ਕੋਈ ਚਿੰਤਾ । ਨਾ ਉਹ ਗਰਜੇ ਹਲਵਾਈ ਦੇ ਸਮੋਸੇ ਜਲੇਬੀਆਂ ਰਹੇ ਜਿਹੜੇ ਜਿੰਨੇ ਮਰਜੀ ਖਾਉ ਕੋਈ ਪਤਾ ਹੀ ਨਹੀਂ ਲਗਦਾ । ਉਹ ਮਜਬੂਤ ਹਾਜਮਾ , ਨਿਰੋਗ ਸਰੀਰ ਵੀ ਨਹੀਂ ਰਹੇ । ਸਮਾ ਚਾਲ ਚੱਲਦਾ ਜਾ ਰਿਹਾ ਹੈ । ਉਹ ਹਾਸੇ ਖੇੜੇ ਖੁਸੀਆ ਲੁਪੱਤ ਹੋ ਗਈਆ ਸਮੇ ਦੀ ਚਾਲ ਨਾਲ । ਸਮਾ ਉਹ ਵੀ ਸੀ ਜਦੋਂ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਿਰਜ ਕੇ ਇੱਕ ਬਹਾਦੁਰ ਸੂਰਬੀਰ ਕੋਮ ਨੂੰ ਜਨਮ ਦਿੱਤਾ । ਬਾਣੀ ਪੜ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਤੇ ਆਪ ਵੀ ਛੱਕਿਆਂ । ਸਿੱਖੀ ਦੀ ਸਥਾਪਨਾ ਕੀਤੀ ।ਇਤਿਹਾਸ ਗਵਾਹ ਹੈ ਕਿ ਸਿੱਖ ਕੋਮ ਨੇ ਹਮੇਸਾ ਆਪਣੀ ਸੂਰਬੀਰਤਾ ਨਾਲ ਆਪਣੇ ਮੁੱਲਕ ਦੀ ਰੱਖਿਆ ਕੀਤੀ ਹੈ । ਚਾਹੇ ਉਹ ਮੁਗਲਾ ਦਾ ਵਕਤ ਸੀ ਚਾਹੇ ਅੰਗਰੇਜਾਂ ਦੀ ਗੁਲਾਮੀ ਦਾ । ਸਿੱਖ ਹਮੇਸਾ ਨਿੱਡਰ ਹੋ ਕੇ ਲੜੇ ਤੇ ਇਸੇ ਇਤਹਾਸ ਵਿੱਚ ਇੱਕ ਹੋਰ ਕੜੀ 1919 ਵਾਲੀ ਜੁੜ ਗਈ ਜੋ ਬਹੁੱਤ ਦਰਦਨਾਕ ਸੀ । ਵਿਸਾਖੀ ਵਾਲੇ ਦਿਨ ਹੀ ਜਨਰਲ ਡਾਇਰ ਨੇ ਜਲਿਆ ਵਾਲੇ ਬਾਗ ਅੰਮ੍ਰਿਤਸਰ ਵਿੱਚ ਜੁੜੀ ਸੰਗਤ ਉੱਤੇ ਤਾਬੜਤੋੜ ਗੋਲੀਆਂ ਚਲਾ ਹਜਾਰਾਂ ਲੋਕ ਮੌਤ ਦੇ ਘਾਟ ਉਤਾਰ ਦਿੱਤੇ । ਉਸ ਘਟਨਾ ਨੂੰ ਯਾਦ ਕਰਦਿਆਂ ਅੱਜ ਵੀ ਦਿਲ ਦਰਦ ਨਾਲ ਭਰ ਜਾਂਦਾ ਹੈ । ਉੱਧਮ ਸਿੰਘ ਵਰਗੇ ਗੁਰੂ ਕੇ ਸਿੱਖਾਂ ਦਾ ਖੂਨ ਖੋਲ ਗਿਆ ਤੇ ਦੇਸ ਮੁਕਤ ਕਰਾਉਣ ਲਈ ਸਹੀਦ ਹੋ ਗਏ । ਭਗਤ ਸਿੰਘ , ਸੁਖਦੇਵ , ਕਰਤਾਰ ਸਿੰਘ ਸਰਾਭਾ ਵਰਗੇ ਹਜਾਰਾਂ ਸੂਰਮੇ ਦੇਸ ਖਾਤਰ ਜਾਨਾਂ ਕੁਰਬਾਨ ਕਰ ਗਏ ਪਰ ਸਾਨੂੰ ਅਜਾਦੀ ਦੇ ਗਏ । ਪਰ ਅਫਸੋਸ ਦੇਸ ਉਹਨਾਂ ਦੀ ਕੁਰਬਾਨੀ ਨੂੰ ਜਿਵੇਂ ਭੁੱਲ ਹੀ ਗਿਆ ਹੈ । ਅਸੀਂ ਅੰਗਰੇਜਾਂ ਤੋਂ ਅਜਾਦ ਹੋ ਗਏ ਪਰ ਅਨਪੜ੍ਹਤਾ , ਗਰੀਬੀ , ਬੇਰੋਜਗਾਰੀ , ਮਾੜੀ ਸੋਚ ਦੇ ਸਕਿਾਰ ਹੋ ਗਏ । ਅਜਿਹਾ ਇਸ ਲਈ ਹੋਇਆ ਕਿ ਅਸੀਂ ਚੰਦ ਰੁਪਈਆ ਆਪਣਾ ਜਮੀਰ ਵੇਚ ਕੇ ਵੋਟ ਦਾ ਗਲਤ ਇਸਤੇਮਾਲ ਕੀਤਾ ਤੇ ਘਟੀਆ ਰਾਜਨੀਤੀ ਦੇ ਸਕਿਾਰ ਹੋ ਗਏ । ਘਟੀਆ ਰਾਜਨੀਤੀ ਨੇ ਦੇਸ ਤਾਂ ਦੋ ਪਾੜ ਕੀਤਾ ਹੀ ਸੀ ਨਾਲ ਹੀ ਨਾਲ ਭਰਾ ਭਰਾ ਲੜਵਾ ਦਿੱਤੇ । ਇੱਥੇ ਹੀ ਬੱਸ ਨਹੀਂ ਅੱਜ ਵੀ ਮੁਲਕ ਵਿੱਚ ਹਰ ਮੁੱਲਕਵਾਸੀ ਦੁੱਖੀ ਹੈ । ਕਮਜੋਰ ਕਾਨੂੰਨ ਪ੍ਰਣਾਲੀ ਕਮਜੋਰ ਹੋਣ ਕਰ ਕੇ ਚੋਰੀ, ਡਕੈਤੀ , ਲੁੱਟ-ਖੂਹ ਜੋਰਾਂ ਤੇ ਹੈ । ਹਵਸ ਏਨੀ ਵੱਧ ਗਈ ਹੈ ਕਿ ਔਰਤਾਂ ਛੱਡੋ ਪੁਰਸ ਵੀ ਸੁਰੱਖਿਅਤ ਨਹੀਂ । ਹਰ ਪਾਸੇ ਅਸਾਂਤੀ ਹੀ ਅਸਾਂਤੀ ।


ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ ਪ੍ਰੀਤਨਾਮਾ ਨਿਊਯਾਰਕ

ਵਿਸਾਖੀ ਦੇ ਦਿਹਾੜੇ ਨਾਲ ਬਹੁਤ ਸਾਰੀਆਂ ਇਤਿਹਾਸਿਕ ਘਟਨਾਵਾਂ ਤੇ ਸਾਖੀਆਂ ਜੁੜੀਆਂ ਹਨ । ਵਿਸਾਖੀ ਤੋਂ ਅਗਲੇ ਦਿਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਆਉਦਾ ਹੈ । ਬਾਬਾ ਸਾਹਬ ਨੇ ਪੂਰੀ ਜੀਂਦਗੀ ਮੁਲਕ ਵਿੱਚੋਂ ਛੂਆ-ਛਾਤ ਮਿਟਾਉਣ ਲਈ ਲਗਾ ਦਿੱਤੀ । ਪਰ ਹਜੇ ਵੀ ਦੇਸ ਉੱਚ ਨੀਚ ਦੇ ਚੱਕਰ ਵਿੱਚੋਂ ਪੂਰੀ ਤਰਾਂ ਨਹੀ ਨਿਕਲਿਆ । ਵੇਖਿਆ ਜਾਵੇ ਤਾਂ ਵਿਸਾਖੀ ਕਣਕ ਦੀ ਫਸਲ ਨਾਲ ਜੁੜਿਆ ਤਿਉਹਾਰ ਹੈ । ਕਣਕ ਬੀਜਣੀ , ਗੋਡਣੀ , ਪੁੱਤਾਂ ਵਾਂਗ ਪਾਲਣੀ , ਸਾਰੀ ਸਾਰੀ ਰਾਤ ਰਾਖੀ ਕਰਨੀ , ਫੇਰ ਪੱਕੀ ਕਣਕ ਵੱਢਣੀ , ਤੂੜੀ ਤੰਦ ਸਾਂਭਣਾ ਤੇ ਕਣਕ ਨੂੰ ਮੰਡੀਆਂ ਵਿੱਤ ਪਹੁੰਚਾਉਣਾ । ਹੱਡ-ਤੋੜਵੀ ਮਿਹਨਤ ਤੋਂ ਬਾਅਦ ਕਿਸਾਨ ਨੂੰ ਉਸਦੀ ਮਿਹਨਤ ਦਾ ਫਲ ਮਿਲਦੀ ਤਾਂ ਉਸਦਾ ਮਨ ਦਿਲ ਖਿੜ ਜਾਂਦਾ ਸੀ । ਕਣਕ ਵੇਚ ਕੇ ਮਿਲੇ ਪੈਸੇ ਨਾਲ ਕਿਸਾਨ ਆਪਣੇ ਪਰਿਵਾਰ ਦੇ ਚਾਅ ਸੋਕ ਪੂਰੇ ਕਰਦਾ ਸੀ । ਮੇਲੇ ਲਗਦਾ ਸੀ । ਵਿਹਲੇ ਹੋ ਕੇ ਕਿਸਾਨ ਸਣੇ ਪਰਿਵਾਰ ਮੇਲੇ ਜਾਂਦੇ । ਭੰਗੜੇ ਪਾਉਂਦੇ । ਪਕਵਾਨ ਖਾਂਦੇ । ਜੱਟ ਦਾ ਇਹੀ ਜੋਸ ਵੇਖ ਕੇ ਧਨੀ ਰਾਮ ਚਾਤ੍ਰਿਕ ਨੇ ਲਿਖਿਆਂ ਸੀ -

**ਤੂੜੀ ਤੰਦ ਸਾਂਭ , ਹਾੜੀ ਵੇਚ ਵੱਟ ਕੇ**
**ਲੰਬੜ੍ਹਾ ਤੇ ਸਾਹਾ ਦਾ ਹਿਸਾਬ ਕੱਟ ਕੇ**
**ਪੱਗ ਝੱਗਾ ਚਾਦਰਾ ਨਵਾਂ ਸਿਵਾਈ ਕੇ**
**ਸੰਮਾ ਵਾਲੀ ਡਾਂਗ ਨੂੰ ਤੇਲ ਲਾਈ ਕੇ**
**ਕੱਛੇ ਮਾਰ ਵੰਝਲੀ ਆਨੰਦ ਛਾ ਗਿਆ**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ ।**

ਸਖਤ ਮਿਹਨਤ ਤੇ ਦੇਸੀ ਖਾਦਾਂ ਨਾਲ ਪਲੀ ਫਸਲ ਕਿਸਾਨ ਨੂੰ ਉਸਦੀ ਮਿਹਨਤ ਦਾ ਫਲ ਮੋੜਦੀ ਤੇ ਕਿਸਾਨ ਆਪਣੇ ਨਾਲ ਨਾਲ ਦੇਸ ਦਾ ਪੇਟ ਵੀ ਭਰਦੇ । ਪਰ ਹੁੱਣ ਕਾਹਦੇ ਮੇਲੇ ਤੇ ਕਾਹਦੀ ਵਿਸਾਖੀ । ਮਹਿੰਗੇ ਬੀਜਾਂ , ਰੇਹਾਂ ਤੇ ਖਾਦਾ ਨੇ ਕਿਸਾਨ ਦੀ ਕਮਰ ਤੋੜ ਕੇ ਰੱਖ ਦਿੱਤੀ । ਕਿਸਾਨ ਕਰਜੇ ਦੀ ਮਾਰ ਨਾਲ ਮਰ ਰਿਹਾ । ਮਿਹਨਤ ਦਾ ਫਲ ਤਾਂ ਦੂਰ ਸਗੋਂ ਫਸਲ ਤੇ ਹੋਇਆ ਖਰਚ ਵੀ ਪੂਰਾ ਨਹੀਂ ਹੁੰਦਾ । ਕਿਸਾਨ ਫਾਹੇ ਲੈਣ ਲਈ ਮਜਬੂਰ ਹੋ ਜਾਂਦਾ । ਭਾਰਤ ਸਰਕਾਰ ਹਰ ਪਾਸਿਓਂ ਕਿਸਾਨ ਨੂੰ ਮਾਰ ਮਾਰ ਰਹੀ ਹੈ ।
ਰਹਿੰਦੀ ਕਸਰ ਸਰਕਾਰ ਨੇ ਖੇਤੀ ਦਾ ਨਿਜੀਕਰਣ ਕਰ ਕੇ ਘਟੀਆ ਕਾਲੇ ਕਾਨੂੰਨ ਬਣਾ ਕੇ ਕਿਸਾਨਾਂ ਦੇ ਸਾਰੇ ਹੱਕ ਵੱਡੇ ਸਰਮਾਏਦਾਰਾਂ ਨੂੰ ਦਿੱਤੇ ਹੈ ।ਮਤਲਬ ਕਿਸਾਨ ਆਪਣੀ ਮਾਂ ਜਮੀਨ ਦੇ ਮਾਲਿਕ ਵੀ ਨਹੀਂ ਰਹੇ ਤੇ ਨਾ ਹੀ ਆਪਣੀ ਮਰਜੀ ਨਾਲ ਫਸਲ ਬੀਜ ਵੱਢ ਸਕਦੇ ਹਨ । ਸਿੱਧਾ ਸਿੱਧਾ ਕਹਿ ਲਵੋ ਤਾਂ ਕਿਸਾਨ ਸਰਮਾਏਦਾਰਾਂ ਦੇ ਹੱਥਾਂ ਦੀ ਕਾਠਪੁੱਤਲੀ ਬਣ ਕੇ ਰਹਿ ਜਾਵੇਗਾ ਇੰਨਾਂ ਤਿੰਨ ਕਾਲੇ ਕਾਨੂੰਨਾ ਦੇ ਲਾਗੂ ਹੋਣ ਨਾਲ । ਕਈ ਮਹੀਨਿਆਂ ਤੋਂ ਕਿਸਾਨ ਸੰਘਰਸ ਕਰ ਰਹੇ ਹਨ ਇੰਨਾਂ ਕਾਲੇ ਕਾਨੂੰਨਾ ਦੇ ਖਲਿਾਫ । ਪਰ ਸਰਕਾਰ ਨੂੰ ਕੋਈ ਅਸਰ ਨਹੀਂ । ਹਾਲਾਤਾਂ ਸਰਕਾਰੀ ਨੁਮਾਇੰਦੇ ਵੀ ਇਹ ਭਲੀ ਭਾਂਤਿ ਜਾਣਦੇ ਹਨ ਕਿ ਇਹ ਕਾਲੇ ਕਾਨੂੰਨ ਵਾਕਈ ਹੀ ਕਿਸਾਨਾਂ ਲਈ ਮਾੜੇ ਹਨ ਪਰ ਫੇਰ ਵੀ ਚੁੱਪ ਵੱਟੀ ਹੋਈ । ਸਿਰਫ ਪੰਜਾਬ ਹੀ ਨਹੀਂ ਪੂਰੇ ਦੇਸ ਦੇ ਕਿਸਾਨ ਇੱਕ ਮੁੱਠ ਹਨ । ਇੱਥੋਂ ਤੱਕ ਕਿ ਵਿਦੇਸਾਂ ਵਿੱਤ ਵਸਦੇ ਭਾਰਤੀ ਲੋਕ ਹੀ ਨਹੀਂ ਵਿਦੇਸੀ ਵੀ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਦੀ ਅਪੀਲ ਕਰ ਰਹੇ ਹਰ ਪਰ ਭਾਰਤੀ ਸਰਕਾਰ ਦੇ ਸਿਰ ਤੇ ਜੂ ਵੀ ਨਹੀਂ ਸਰਕ ਰਹੀ । ਪ੍ਰਧਾਨ ਮੰਤਰੀ ਮੋਦੀ ਆਪਣੀ ਹੀ ਜਦਿ ਤੇ ਅੜਿਆ ਹੈ । ਜਿਸ ਦੇਸ ਦਾ ਅੰਨਦਾਤਾ ਹੀ ਖ਼ੂਨ ਦੇ ਅੱਥਰੂ ਵਹਾਉਣ ਲਈ ਮਜਬੂਰ ਹੋਵੇ , ਉਸ ਦੇਸ ਦਾ ਫੇਰ ਰੱਬ ਹੀ ਰਾਖਾ । ਪ੍ਰਧਾਨ ਮੰਤਰੀ ਯਾਨੀ ਦੇਸ ਦਾ ਰਾਜਾ ਆਪਣੀ ਪਰਜਾ ਛੱਡ ਕੇ ਸਰਮਾਏਦਾਰਾਂ ਦੀਆ ਉਂਗਲਾਂ ਉੱਤੇ ਨੱਚ ਰਿਹਾ ਹੈ ।ਸਾਰਾ ਦੇਸ ਵੇਚ ਦਿੱਤਾ ਹੈ । ਬਿਜਲੀ , ਰੇਲਵੇ , ਰੋਡਵੇਜ ਤੇ ਹਵਾਈ ਯਾਤਰਾ ਦਾ ਵੀ ਨਿਜੀਕਰਣ । ਭਾਵ ਭਾਰਤ ਮੁਲਕ ਹੁਣ ਇਹਨਾਂ ਵੱਡੇ ਅਮੀਰਾਂ ਦੀ ਨਿੱਜੀ ਜਾਇਦਾਦ ਬਣ ਜਾਵੇਗਾ ਨਹੀਂ ਸਗੋਂ ਬਣ ਹੀ ਗਿਆ ਹੈ । ਕਿਸਾਨਾਂ ਤੇ ਮਜਦੂਰ ਵਰਗ ਦੀ ਸੁਣਵਾਈ ਹੁੱਣ ਹੱਬ ਭਰੋਸੇ । ਇਹੋ ਜਿਹੇ ਹਾਲਾਤਾਂ ਵਿੱਚ ਕਾਹਦੇ ਤਿਉਹਾਰ । ਬੱਸ ਸੋਸਲ ਸਾਇਟਾ ਦੇ ਸਟੇਟਸ ਬਣ ਕੇ ਰਹਿ ਗਏ ਤਿਉਹਾਰਾਂ । ਘਟੀਆ ਰਾਜਨੀਤੀ ਨੇ ਚਿਹਰਿਆਂ ਦੀ ਹਾਸੀ ਖੋਹ ਕੇ ਅਮੀਰ ਵਰਗ ਦੀ ਤਿਜੋਰੀ ਵਿੱਚ ਬੰਦ ਕਰ ਦਿੱਤੀ ਹੈ । ਭਾਰਤੀ ਸਰਕਾਰ ਦੀ ਇਹ ਖੇਡ ਕਰੋਨਾ ਵਰਗੀ ਮਹਾਂਮਾਰੀ ਤੋਂ ਵੀ ਭਿਆਨਕ ਹੈ ਜੋ ਦੇਸ ਨੂੰ ਤਬਾਹ ਕਰ ਰਹੀ ਹੈ । ਸਰਕਾਰ ਦਰਬਾਰੇ ਤਾਂ ਸੁਣਵਾਈ ਨਹੀਂ ਹੋ ਰਹੀ ਪਰ ਰੱਬ ਅੱਗੇ ਅਰਦਾਸ ਹੈ ਹੇ ਮਾਲਕਾ ਤੂੰ ਹੀ ਕੋਈ ਚਮਤਕਾਰ ਵਿਖਾ ਕੇ ਕਿਸਾਨਾਂ ਦੇ ਚਿਹਰੇ ਦੀ ਰੋਣਕ ਮੁੜ ਆਵੇ । ਵਾਪਸ ਆ ਜਾਣਾ ਬਹਾਰਾਂ । ਮੁੱੜ ਲੱਗਣ ਮੇਲੇ ਤੇ ਛਿੰਝਾਂ । ਨੱਢੀਆਂ ਦਾ ਗਿੱਧਾ ਤੇ ਗੱਭਰੂਆਂ ਦਾ ਭੰਗੜਾ ਬੱਸ ਪਿੜ੍ਹਾ ਫੇਰ ਸੱਜ ਜਾਣ ।

*ਜਿਸ ਦੇਸ ਦਾ ਅੰਨਦਾਤਾ ਹੀ ਖ਼ੂਨ ਦੇ ਅੱਥਰੂ ਵਹਾਉਣ ਲਈ ਮਜਬੂਰ ਹੋਵੇ , ਉਸ ਦੇਸ ਦਾ ਫੇਰ ਰੱਬ ਹੀ ਰਾਖਾ । ਪ੍ਰਧਾਨ ਮੰਤਰੀ ਯਾਨੀ ਦੇਸ ਦਾ ਰਾਜਾ ਆਪਣੀ ਪਰਜਾ ਛੱਡ ਕੇ ਸਰਮਾਏਦਾਰਾਂ ਦੀਆ ਉਂਗਲਾਂ ਉੱਤੇ ਨੱਚ ਰਿਹਾ ਹੈ । ਸਾਰਾ ਦੇਸ ਵੇਚ ਦਿੱਤਾ ਹੈ । ਬਿਜਲੀ , ਰੇਲਵੇ , ਰੋਡਵੇਜ ਤੇ ਹਵਾਈ ਯਾਤਰਾ ਦਾ ਵੀ ਨਿਜੀਕਰਣ । ਭਾਵ ਭਾਰਤ ਮੁਲਕ ਹੁਣ ਇਹਨਾਂ ਵੱਡੇ ਅਮੀਰਾਂ ਦੀ ਨਿੱਜੀ ਜਾਇਦਾਦ ਬਣ ਜਾਵੇਗਾ ਨਹੀਂ ਸਗੋਂ ਬਣ ਹੀ ਗਿਆ ਹੈ । ਕਿਸਾਨਾਂ ਤੇ ਮਜਦੂਰ ਵਰਗ ਦੀ ਸੁਣਵਾਈ ਹੁੱਣ ਰੱਬ ਭਰੋਸੇ । ਇਹੋ ਜਿਹੇ ਹਾਲਾਤਾਂ ਵਿੱਚ ਕਾਹਦੇ ਤਿਉਹਾਰ । ਬੱਸ ਸ਼ੋਸ਼ਲ ਸਾਈਟਾਂ ਦੇ ਸਟੇਟਸ ਬਣ ਕੇ ਰਹਿ ਗਏ ਤਿਉਹਾਰਾਂ । ਘਟੀਆ ਰਾਜਨੀਤੀ ਨੇ ਚਿਹਰਿਆਂ ਦੀ ਹਾਸੀ ਖੋਹ ਕੇ ਅਮੀਰ ਵਰਗ ਦੀ ਤਿਜੋਰੀ ਵਿੱਚ ਬੰਦ ਕਰ ਦਿੱਤੀ ਹੈ*



# ਗੁਰਦੁਆਰਾ ਸਿੱਖ ਕਲਚਰਲ ਸੇਵਾ ਸੁਸਾਇਟੀ ਦੀ ਸਮੂਹ ਕਮੇਟੀ ਵੱਲੋਂ



ਖਾਲਸਾ ਸਾਜਨਾ
ਦਿਵਸ ਅਤੇ
ਵਿਸਾਖੀ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

## Jatinder Singh Boparai

(President Gurudwara Sikh Cultural Society)
95-30-118 Street Richmond Hill, Newyork 11419


ਗੁਰਦੁਆਰਾ ਸਾਹਿਬ
ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਰਿਚਮੰਡ ਹਿੱਲ
ਨਿਊਯਾਰਕ ਦੀ ਸਮੂਹ ਕਮੇਟੀ ਵੱਲੋਂ
ਖਾਲਸਾ ਸਾਜਨਾ
ਦਿਵਸ ਅਤੇ
ਵਿਸਾਖੀ
ਦੀਆਂ ਆਪ ਸਭ ਨੂੰ
ਲੱਖ ਲੱਖ ਵਧਾਈਆਂ
Baldev Singh Gilzian
President of Gurudwara Baba Makhan Shah
Lubana Richmond Hill NewYork

# ਅਮਰੀਕੀ ਫ਼ੌਜ ਦੇ ਪਹਿਲੇ ਸਿੱਖ ਕਰਨਲ ਡਾ: ਅਰਜਿੰਦਰਪਾਲ ਸਿੰਘ ਸੇਖੋਂ ਦਾ ਕੈਲੀਫੋਰਨੀਆ ਦੇ ਸਹਿਰ ਸੈਕਰਾਮੈਂਟੋ ਚ’ ਦਿਹਾਂਤ



ਨਿਊਯਾਰਕ, (ਰਾਜ ਗੋਗਨਾ) ਬੀਤੀ ਦਿਨ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸਹਿਰ ਸੈਕਰਾਮੈਂਟੋ ਚ’ ਰਹਿੰਦੇ ਅਮਰੀਕੀ ਫੋਜ ਚ’ ਰਹੇ ਪਹਿਲੇ ਸਿੱਖ ਕਰਨਲ ਡਾ: ਅਰਜਿੰਦਰਪਾਲ ਸਿੰਘ ਸੇਖੋਂ ਇਕ ਲੰਮੀ ਬਿਮਾਰੀ ਨਾਲ ਜੂਝਣ ਤੋਂ ਬਾਦ 11 ਅਪ੍ਰੈਲ 2021 ਨੂੰ ਅਮਰੀਕਾ ਚ’ ਅਕਾਲ ਚਲਾਣਾ ਕਰ ਗਏ ।20 ਜਨਵਰੀ 1949 ਚ’ ਜਿਲ੍ਹਾ ਅੰਮ੍ਰਿਤਸਰ ਦੇ ਰਈਆਂ ਨੇੜੇ ਪਿੰਡ ਵਡਾਲਾ ਕਲਾਂ ਚ’ ਜਨਮੇ ਪਹਿਲੇ ਸਿੱਖ ਕਰਨਲ ਡਾ: ਅਰਜਿੰਦਰਪਾਲ ਸਿੰਘ ਸੇਖੋਂ ਦੇ ਅਕਾਲ ਚਲਾਣੇ ਬਾਰੇ ਇਹ ਜਾਣਕਾਰੀ ਅਮਰੀਕਾ ਦੇ ਸੂਬੇ ਮਿਸੀਗਨ ਦੇ ਡੀਟਰੋਅਟ ਸਹਿਰ ਦੇ ਵਸਨੀਕ ਉਹਨਾਂ ਦੀ ਪਤਨੀ ਦੇ ਭਰਾ ਸ: ਗੁਰਮੀਤ ਸਿੰਘ ਸੰਧੂ ਨੇ ਸਾਂਝੀ ਕੀਤੀ। ਕਰਨਲ ਡਾ: ਅਰਜਿੰਦਰਪਾਲ ਸਿੰਘ ਸੇਖੋਂ ਆਪਣੀ ਪੜ੍ਹਾਈ ਪੂਰੀ ਕਰਕੇ ਸੰਨ 1973 ਵਿੱਚ ਅਮਰੀਕਾ ਆ ਗਏ ਸਨ। ਡਾ. ਸੇਖੋਂ ਨੇ ਅਮਰੀਕਾ ਚ’ ਉਚੇਰੀ ਪੜ੍ਹਾਈ ਕਰਕੇ ਇੰਟਰਨਲ ਮੈਡੀਸਨ ਪਲਮੋਨਰੀ ਦਾ ਸਪੈਸਲਿਸਟ ( ਫੇਫੜਿਆ ਦੇ ਮਾਹਿਰ ) ਡਾਕਟਰ ਦਾ ਮਾਣ ਪ੍ਰਾਪਤ ਕੀਤਾ ਅਤੇ ਸੇਖੋਂ ਦੀ ਯੋਗਤਾ ਦੇਖਦੇ ਹੋਏ ਉਹਨਾਂ ਨੂੰ ਅਮੈਰਿਕਨ ਕਾਲਜ ਆਪ ਫਿਜਿਸੀਅਨਲ , ਅਮੈਰਿਕਨ ਕਾਲਜ ਆਫ ਵੈਸਟ ਫਿਜਿਸੀਅਨਜ ਅਤੇ ਅਮੈਰਿਕਨ ਕਾਲਜ ਆਫ ਐਨਜੀਓਲੋਜੀ ਦੀ ਅਮਰੀਕਾ ਨੇ ਫੈਲੋਸਿਪ ਵੀ ਦਿੱਤੀ ਸੀ ।ਕਰਨਲ ਡਾ: ਸੇਖੋਂ ਨੇ ਫੋਜ ਵਿੱਚ ਆਪਣੀ ਪੜ੍ਹਾਈ ਵੀ ਜਾਰੀ ਰੱਖੀ ਅਤੇ ਇੱਥੇ ਵੱਖ- ਵੱਖ ਖੇਤਰਾਂ ਚ’ ਨਾਮਣਾ ਖੱਟਿਆ ਅਤੇ ਉਹਨਾਂ ਨੇ ਸਰਜਨ ਦੀ ਗ੍ਰੈਜੂਏਸਨ ਦੀ ਡਿਗਰੀ ਯੂਐਸਏ ਆਰਮੀ ਸਕੂਲ ਏਵੀਏਸਨ ਮੈਡੀਕਲ ਤੋ ਪ੍ਰਾਪਤ ਕੀਤੀ ।ਅਮਰੀਕੀ ਫੋਜ ਚ’ ਪਹਿਲੇ ਸਿੱਖ ਕਰਨਲ ਡਾ: ਸੇਖੋਂ ਨੇ ਅਮਰੀਕੀ ਫੌਜ ਵਿੱਚ ਵੀ ਰਹਿ ਕੇ ਵੀ ਖਾਲਸਾ ਸੱਜ ਕੇ ਆਪਣੀ ਸੇਵਾ ਨਿਭਾਈ ਸੀ। ਦੱਸਣਯੋਗ ਹੈ ਕਿ ਅਮਰੀਕਾ ਦੀ ਰਾਜਧਾਨੀ ਵਾਸੰਗਿਟਨ ਡੀਸੀ ਵਿਖੇ ਜਦ ਸਿੱਖ ਕੋਲੀਸਨ ਨੇ ਦਸਤਾਰਧਾਰੀ ਸਿੱਖਾਂ ਲਈ ਅਮਰੀਕੀ ਫੌਜ ਵਿੱਚ ਲੱਗੀ ਪਾਬੰਦੀ ਨੂੰ ਖਤਮ ਕਰਵਾਉਣ ਲਈ ਮੁਹਿੰਮ ਸੁਰੂ ਕੀਤੀ ਸੀ ਜਦੋ ਅਮਰੀਕਾ ਨੇ 1980 ਦੇ ਦਹਾਕੇ ਵਿੱਚ ਇਹ ਫੈਸਲਾ ਲਿਆ ਕਿ ਕੋਈ ਵੀ (ਕੇਸ ਜਾਂ ਦਾਹੜੀ) ਦੇ ਨਾਲ ਫੌਜ ਵਿੱਚ ਭਰਤੀ ਨਹੀਂ ਹੋ ਸਕਦਾ ਤਾਂ ਡਾ: ਸੇਖੋਂ ਅਤੇ ਇਕ ਹੋਰ ਸਿੱਖ ਕਰਨਲ ਡਾ: ਜੀ.ਬੀ. ਸਿੰਘ ਤੇ ਇਹ ਨਵੇਂ ਨਿਯਮ ਲਾਗੂ ਨਹੀਂ ਸੀ ਹੋਏ। ਇਹਨਾਂ ਨਿਯਮਾਂ ਕਰਕੇ ਅਮਰੀਕੀ ਫੌਜ ਵਿੱਚ ਸੰਨ 2006-2007 ਵਿੱਚ ਡਾਕਟਰੀ ਦੀ ਪੜ੍ਹਾਈ ਦੌਰਾਨ ਸਾਮਲ ਕੀਤੇ ਜਾਣ ਤੋਂ ਬਾਦ ਅੰਮ੍ਰਿਤਸਰ ਦੇ ਜੰਮਪਲ ਡਾ: ਤੇਜਦੀਪ ਸਿੰਘ ਰਤਨ ਅਤੇ ਡਾ: ਕਮਲਦੀਪ ਸਿੰਘ ਕਲਸੀ ਨੂੰ 2009 ਵਿੱਚ ਪੜ੍ਹਾਈ ਖਤਮ ਕਰਨ ਤੋਂ ਬਾਦ ਵੀ ਕਿਹਾ ਗਿਆ ਕਿ ਇਹਨਾਂ ਨਿਯਮਾਂ ਕਾਰਨ ਤੁਹਾਨੂੰ ਆਪਣੇ ਕੇਸ ਕਟਾਉਣੇ ਪੈਣਗੇ। ਜੇਕਰ ਨਹੀਂ ਕੱਟਦੇ ਤਾਂ ਫੋਜ ਦੀ ਡਿਊਟੀ ਨਹੀਂ ਸੁਰੂ ਕਰ ਸਕਦੇ। ਉਸ ਸੰਬੰਧੀ ਡਾ. ਸੇਖੋਂ ਵੱਲੋਂ ਆਪਣਾ ਪੂਰਾ ਸਾਥ ਦੇਣ ਲਈ ਵਾਸੰਗਿਟਨ ਤੱਕ ਪਹੁੰਚ ਕੀਤੀ ਤੇ ਪਹੁੰਚੇ।ਅਮਰੀਕੀ ਸਰਕਾਰ ਨੇ ਫਿਰ ਕੁੱਝ ਮਹੀਨਿਆਂ ਬਾਦ ਇਹਨਾਂ ਦੋਨੋਂ ਨੌਜਵਾਨ ਡਾਕਟਰਾਂ ਲਈ ਇਸ ਪਾਬੰਦੀ ਨੂੰ ਖਤਮ ਕਰ ਦਿੱਤਾ ਅਤੇ ਕਰਨਲ ਡਾ: ਸੇਖੋਂ ਦੀ ਫੋਜ ਵਿੱਚ ਸੇਵਾ ਇਕ ਅਹਿਮ ਯੋਗਦਾਨ ਸੀ ਉਹ ਲੰਮੇ ਸਮੇਂ ਤੋਂ ਬਿਮਾਰ ਚਲੇ ਆਉਂਦੇ ਸਨ। ਉਨ੍ਹਾਂ ਦੀ ਫੇਫੜਿਆਂ ਦੀ ਨਾੜ (ਪਲਮੋਨਰੀ ਨਰਵ) ਕੰਮ ਨਹੀਂ ਸੀ ਕਰਦੀ ਜਿਸ ਕਰਕੇ ਉਹ ਸਿਰਫ ਆਕਸੀਜਨ ਦੀ ਸਪੋਰਟ ਤੇ ਹੀ ਜਿਊਂਦੇ ਸਨ।ਅਤੇ ਉਹ ਗੱਲਬਾਤ ਵੀ ਨਹੀਂ ਸਨ ਕਰ ਸਕਦੇ। ਅਤੇ ਲਿਖ ਕੇ ਹੀ ਗੱਲ ਕਰਦੇ ਸਨ। ਸੰਸਾਰ ਵਿਚ ਹਰ ਪ੍ਰਾਣੀ ਆਪਣੀ ਉਮਰ ਲਿਖਾ ਕੇ ਆਉਂਦਾ ਹੈ।ਅਸੀਂ ਜਿੱਥੇ ਪਰਿਵਾਰ ਦੇ ਦੁੱਖ ਵਿਚ ਸਾਮਲ ਹੁੰਦੇ ਹਾਂ, ਉੱਥੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸੇ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸੇ।

## ਅੰਤਰਰਾਸਟਰੀ ਵਿਦਿਆਰਥੀਆਂ ਨੂੰ ਪੰਜਾਬ ਦੇ ਏਜੰਟਾਂ ਵੱਲੋਂ ਨਹੀਂ ਮਿਲ ਰਹੀ ਸਹੀ ਸੇਧ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਇਹ ਗੱਲ ਪੰਜਾਬ ਦੇ ਉਨ੍ਹਾਂ ਏਜੰਟਾਂ ਦੀ ਉੱਭਰ ਕੇ ਸਾਹਮਣੇ ਆ ਰਹੀ ਹੈ ਜਿਹੜੇ ਏਜੰਟ ਵਿਦੇਸ ‘ਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ ਵਿਚੋਲਗੀ ਦਾ ਕੰਮ ਕਰਦੇ ਹਨ। ਇਨ੍ਹਾਂ ਵਿੱਚ ਚੰਡੀਗੜ੍ਹ, ਮੋਹਾਲੀ ਅਤੇ ਜਲੰਧਰ ਦੇ ਏਜੰਟਾਂ ਦਾ ਹੀ ਜਆਿਦਾ ਨਾਂਅ ਬੋਲਦਾ ਹੈ ਕਿਉਂਕਿ ਏਥੇ ਪੰਜਾਬ ਦੇ ਬਾਕੀ ਸਹਿਰਾਂ ਨਾਲੋਂ ਏਜੰਟ ਥੋਕ ਵਿੱਚ ਹੀ ਬੈਠੇ ਹਨ।

ਵੱਡੀ ਗਿਣਤੀ ਵਿੱਚ ਵਿਦੇਸ ‘ਚ ਪੜ੍ਹਾਈ ਲਈ ਵੀਜਾ ਧਾਰਕ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਏਜੰਟਾਂ ਰਾਹੀਂ ਉਨ੍ਹਾਂ ਨੂੰ ਕੈਨੇਡਾ ਦਾ ਵੀਜਾ ਤਾਂ ਜਰੂਰ ਮਿਲ ਗਿਆ ਹੈ ਪਰ ਸੰਬੰਧਤ ਏਜੰਟ ਉਨ੍ਹਾਂ ਨੂੰ ਇਹ ਸਹੀ ਜਾਣਕਾਰੀ ਨਹੀਂ ਦੇ ਰਹੇ ਕਿ ਵਿਦਿਆਰਥੀਆਂ ਨੇ ਜਹਾਜ ਚੜ੍ਹਣ ਤੋਂ ਲੈ ਕੇ ਕਾਲਜ ਜਾਣ ਤੱਕ ਹੋਰ ਕੀ ਕੁਝ ਕਿਵੇਂ ਅਤੇ ਕਿਹੜੇ ਕਿਹੜੇ ਕੰਮ ਕਰਨੇ ਹਨ। ਵੱਸ ! ਏਜੰਟ ਇਹ ਸਮਝਦੇ ਹਨ ਕਿ ਅਸੀਂ ਤਾਂ ਫਾਈਲ ਲਾ ਕੇ ਵੀਜਾ ਲੈ ਕੇ ਦੇਣਾ ਸੀ ਬਾਕੀ ਕੰਮ ਵਿਦਿਆਰਥੀਆਂ ਦਾ ਹੈ ਕਿ ਉਨ੍ਹਾਂ ਨੇ ਅੱਗੇ ਜਾ ਕੇ ਪੜ੍ਹਾਈ ਕਿਸ ਤਰੀਕੇ ਨਾਲ ਆਪਣੀ ਮੰਜਲ ਵੱਲ ਵਧਣਾ ਹੈ। ਇੰਮਗਰੇਸਨ ਦੇ ਹਵਾਲੇ ਨਾਲ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਹ ਹੈ ਕਿ ਜਿਹੜੇ ਵਿਦਿਆਰਥੀ ਕੈਨੇਡਾ ਪੜ੍ਹਾਈ ਕਰਨ ਲਈ ਆਉਂਦੇ ਹਨ ਉਨ੍ਹਾਂ ਦੇ ਹਿੱਤ ਵਿੱਚ ਜਾਣਕਾਰੀ ਇਹ ਹੈ ਕਿ ਉਹ ਵੀਜਾ ਲੱਗਣ ਤੋਂ ਬਾਅਦ ਕੈਨੇਡਾ ਪਹੁੰਚਣ ਤੋਂ ਪਹਿਲਾਂ ਉਸ ਕਾਲਜ ਤੋਂ ਇੱਕ ਪੱਤਰ ਜਰੂਰ ਲੈ ਲੈਣ ਜਿਸ ਵਿੱਚ ਕਾਲਜ ਵੱਲੋਂ ਵਿਦਿਆਰਥੀਆਂ ਨੂੰ ਕਾਲਜ ਆਉਣ ਦੀ ਆਗਿਆ ਦਿੱਤੀ ਗਈ ਹੋਵੇ ਅਤੇ ਲਿਖਿਆ ਹੋਵੇ ਕਿ ਕਾਲਜ ਖੁੱਲ੍ਹਾ ਹੈ ਜਿਸ ਕਰਕੇ ਕਾਲਜ ਦੀ ਪ੍ਰਬੰਧਕ ਕਮੇਟੀ ਇਸ ਵਿਦਿਆਰਥੀ ਨੂੰ ਸਫਰ ਕਰਨ ਦੀ ਆਗਿਆ ਦਿੰਦੀ ਹੈ ਤਾਂ ਕਿ ਉਹ ਆਪਣੀ ਪੜ੍ਹਾਈ ਸਮੇਂ ਸਿਰ ਸੁਰੂ ਕਰ ਸਕੇ। ਇਸ ਤੋਂ ਇਲਾਵਾ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਲਈ ਇਹ ਵੀ ਜਾਣਕਾਰੀ ਮਹੱਤਵਪੂਰਨ ਹੈ ਕਿ ਉਨ੍ਹਾਂ ਨੇ ਤਿੰਨ ਦਿਨ ਹੋਟਲ ਤੋਂ ਬਾਅਦ ਬਾਕੀ ਦੇ 11 ਦਿਨ ਲਈ ਜਿਸ ਘਰ ਜਾਂ ਹੋਟਲ ਵਿੱਚ ਆਪਣੇ ਆਪ ਨੂੰ ਇਕਾਂਤਵਾਸ ਲਈ ਰੱਖਣਾ ਹੈ ਉਸ ਮਕਾਨ ਮਾਲਕ ਜਾਂ ਹੋਟਲ ‘ਚ ਕਰਵਾਈ ਗਈ ਬੁਕਿੰਗ ਦੀ ਲਿਖਤ ਵੀ ਨਾਲ ਰੱਖਣ ਤਾਂ ਕਿ ਉਹ ਕੈਨੇਡਾ ਹਵਾਈ ਅੱਡੇ ‘ਤੇ ਉੱਤਰਨ ਸਮੇਂ ਆਪਣੇ ਸਾਰੇ ਕਾਗਜਾਤ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਵਿਖਾ ਸਕਣ। ਸੋ ਇਹ ਏਜੰਟ ਅੰਤਰਰਾਸਟਰੀ ਵਿਦਿਆਰਥੀਆਂ ਨੂੰ ਇਨ੍ਹਾਂ ਗੱਲਾਂ ਬਾਰੇ ਬਿਲਕੁਲ ਹੀ ਨਹੀ ਦੱਸ ਰਹੇ ਕਿ ਉਨ੍ਹਾਂ ਕੈਨੇਡਾ ਪਹੁੰਚਣ ਤੱਕ ਕੀ ਕੀ ਕੰਮ ਹਨ।







# ਜਾਮਾ

ਹਰ ਇੱਕ ਆਸਤਕ ਧਰਮੀ ਨੂੰ ਆਪਣੇ ਇਸ਼ਟ ਗੁਰੂ ਨਾਲ ਅਟੁੱਟ ਪਿਆਰ ਹੁੰਦਾ ਹੈ ਤੇ ਹੋਣਾ ਵੀ ਚਾਹੀਦਾ ਹੈ। ਇਹੀ ਪਿਆਰ ਤੇ ਸਰਧਾ ਤੇ ਸਿਦਕ ਹੀ ਤਾਂ ਸਿਰਦ ਦਾ ਬੇੜਾ ਬੰਨੇ ਲਾਉਂਦਾ ਹੈ।

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਕੁਝ ਅਜਿਹੀਆਂ ਅਧਿਕ ਵਡਿਆਈਆ ਹਨ, ਜਿਨ੍ਹਾਂ ਦੀ ਮਿਸਾਲ ਹੋਰ ਕਿਸੇ ਵੀ ਆਗੂ ਵੀ ਨਹੀਂ ਮਿਲ ਸਕਦੀਆਂ। ਜਿਵੇਂ ਜਨਮ ਤੋਂ ਪਹਿਲਾਂ ਕਿਥੇ ਕੀ ਕਰਦਾ ਸਾ। ਅਕਾਲ ਪੁਰਖ ਨੇ ਕਿਉਂ ਸੱਦਿਆ ਤੇ ਕਿਉਂ ਭੇਜਿਆ। ਸਭ ਤੋਂ ਪਹਿਲਾਂ ਇੱਕ ਮੁਸਲਮਾਨ ਪੀਰ ਭੀਖਣ ਸ਼ਾਹ ਨੂੰ ਦਰਸ਼ਨ ਦੇਣਾ । ਛੋਟੀ ਅਵਸਥਾ ਵਿਚ ਆਪਣੇ ਪਿਤਾ ਨੂੰ ਆਪ ਹਿੰਦੂ ਧਰਮ ਦੀ ਰੱਖਿਆ ਲਈ ਬਲੀ ਦੇਣ ਲਈ ਭੈਜਣਾ, ਖਾਲਸਾ ਥਰਮ ਦੀ ਸਾਜਣਾ ਅਤੇ ਉਸ ਦੀ ਪ੍ਰੀਖਿਆ, ਸੁੱਤੀ ਹੋਈ ਕੌਮ ਨੂੰ ਜਗਾਉਣਾ ਅਤੇ ਚਿੜੀਆਂ ਤੋਂ ਬਾਜ ਲੜਵਾਉਣਾ, ਚਾਰੇ ਬੱਚੇ ਅੱਖਾਂ ਦੇ ਸਾਹਮਣੇ ਸ਼ਹੀਦ ਕਰਵਾ ਕੇ ਸ਼ੁੱਕਰ ਮਨਾਉਣਾ ਕਿ ਅਮਾਨਤ ਅਦਾ ਹੋਈ। ਆਪ ਗੁਰੂ ਤੇ ਫਿਰ ਆਪ ਹੀ ਚੇਲਾ ਬਣਨਾ। ਇਤਨੀ ਸ਼ਕਤੀ ਹੁੰਦਿਆਂ ਹੋਇਆ ਵੀ ਕਹਿਣਾ ਕਿ ਮੈਂ ਹੂੰ ਪਰਮ ਪੁਰਖ ਕੋ ਦਾਸਾ। ਆਪਣਾ ਰੂਪ ਆਪਣੇ ਖਾਲਸੇ ਨੂੰ ਬਖਸ਼ਣਾ। 41 ਸਾਲ ਦੇ ਥੋੜ੍ਹੇ ਸਮੇਂ ਵਿਚ ਇਤਨੇ ਕੰਮ ਕਰਨੇ ਜਿਹੜੇ ਕਿਸੇ ਕੋਲੋਂ ਪੂਰੀ ਸਦੀ ਵਿਚ ਵੀ ਨਾ ਹੋ ਸਕਣਾ। ਇਸ ਲੇਖ ਵਿਚ ਆਪ ਜੀ ਦੇ ਰੂਪ ਅਤੇ ਜਾਮੇ ਬਾਰੇ ਆਓ ਵਿਚਾਰ ਕਰੀਏ।



ਮਾਸਟਰ ਜੀਵਨ ਸਿੰਘ

ਕਿਸੇ ਵੀ ਧਰਮ ਨੂੰ ਦੇਖੀਏ, ਉਹ ਆਪਣੇ ਇਸ਼ਟ ਦੇ ਰੂਪ ਵਿਚ ਨਜ਼ਰ ਨਹੀਂ ਆਉਂਦਾ। ਭਗਵਾਨ ਰਾਮ ਚੰਦਰ ਜੀ ਜਟਾ ਜੁੱਟ ਕੇ ਸ਼ਸਤਰਧਾਰੀ ਹਨ ਪਰ ਪੈਰੋਕਾਰ ਉਸ ਰੂਪ ਵਿਚ ਨਹੀਂ।

ਭਗਵਾਨ ਕ੍ਰਿਸ਼ਨ ਜੀ ਮੋਰ ਮੁਕਟ, ਪੀਲੇ ਵਸਤਰ, ਸੁੰਦਰ ਕੇਸ ਤੇ ਸ਼ਸਤਰਧਰੀ ਹਨ, ਸ਼ਰਧਾਲੂ ਉਸ ਰੂਪ ਵਿਚ ਨਹੀਂ।

ਇਸੇ ਤਰ੍ਹਾਂ ਬੁੱਧ, ਜੈਨ, ਮੁਸਲਿਮ ਅਤੇ ਇਸਾਈ ਵੀਰ ਵੀ ਆਪਣੇ ਆਪਣੇ ਈਸ਼ਟ ਦੇ ਰੂਪ ਵਿਚ ਅਸੀਂ ਨਹੀਂ ਵੇਖਦੇ।

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਕੁਦਰਤੀ ਰੂਪ ਧਾਰਨ ਕੀਤਾ, ਉਹ ਹੀ ਆਪਣੇ ਖਾਲਸੇ ਨੂੰ ਦਿੱਤਾ। ਇਥੋ ਤੱਕ ਕਿ ਚਮਕੌਰ ਦੀ ਗੜੀ ਵਿਚੋਂ ਨਿਕਲਣ ਲੱਗਿਆਂ ਸਿਰਫ ਕਲਗੀ ਭਾਈ ਸੰਗਤ ਦੇ ਸੀਸ 'ਤੇ ਸਜ਼ਾ ਦਿੱਤੀ। ਸ਼ਾਹੀ ਫੌਜਾਂ ਸੰਗਤ ਸਿੰਘ ਦੇ ਸੀਸ ਨੂੰ ਲੈ ਕੇ ਦਿੱਲੀ ਜਾ ਰਹੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਸ਼ਹੀਦ ਕਰ ਦਿੱਤੇ ਗਏ ਹਨ। ਆਪ ਨੇ ਆਪਣੀ ਕਲਮ ਨਾਲ ਲਿਖਿਆ ਹੈ ਖਾਲਸਾ ਮੇਰੋ ਰੂਪ ਹੈ ਖਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਕੀਰਤਨ, ਪੰਨਾ 291)

ਮੇਰੇ ਵੀਰੋ, ਦੂਹਰੀ ਦਸਤਾਰ, ਅਚਕਨ ਕੋਟ, ਚੂੜੀਦਾਰ ਪਜ਼ਾਮਾ ਤੇ ਸਣੇ ਕ੍ਰਿਪਾਨ ਆਮ ਫੋਟੋਆਂ ਵਿਚ ਦੇਖਦੇ ਹਾਂ। ਪਰ ਪਤਾ ਨਹੀਂ ਅਸੀਂ ਇਸ ਜਾਮੇ ਤੋਂ ਕਿਉਂ ਦੂਰ ਹੋਈ ਜਾਂਦੇ ਹਾਂ। ਦੂਹਰੀ ਦਸਤਾਰ ਦੀ ਥਾਂ ਸਿਰੋਂ ਨੰਗੇ, ਅਚਕਨ ਕੋਟ ਦੀ ਥਾਂ ਅੰਗ੍ਰੇਜ਼ੀ ਫੈਸ਼ਨ ਅਤੇ ਚੂੜੀਦਾਰ ਪਜ਼ਾਮੇ ਦੀ ਥਾਂ ਪੈਂਟ ਨੇ ਲੈ ਲਈ ਹੈ ਤੇ ਇਸ ਨੂੰ ਅਸੀਂ ਆਪਣੀ ਇਜ਼ਤ ਮਾਣ ਸਮਝਦੇ ਹਾਂ।

ਪੂਰੀ ਫੌਜੀ ਵਰਦੀ ਬਿਨਾਂ ਯੁੱਧ ਵਿਚ ਫੌਜ ਪੂਰੇ ਜੋਸ਼ ਤੇ ਉਤਸ਼ਾਹ ਨਾਲ ਨਹੀਂ ਲੜਦੀ, ਕਿਉਂਕਿ ਪੋਸ਼ਕਾਰ ਮਨ ਦੀ ਅਵਸਥਾ 'ਤੇ ਪੂਰਾ ਪੂਰਾ ਅਸਰ ਕਰਦੀ ਹੈ। ਸਕੂਲਾਂ ਵਿਚ ਦੇਖਦੇ ਹਾਂ ਕਿ ਯੂਨੀਫਾਰਮ ਵਿਚ ਵਰਜਿਸ਼ ਕਰਦੇ ਬੱਚੇ ਕਿੰਨੇ ਚੰਗੇ ਲੱਗਦੇ ਹਨ ਤੇ ਸ਼ੋਭਦੇ ਹਨ। ਕਿਵੇਂ ਉਨ੍ਹਾਂ ਦਾ ਮਨ ਹੁਲਾਰ ਲੈਂਦਾ ਹੈ, ਉਹ ਹੁਲਾਰਾ ਵੱਖ ਵੱਖ ਪੋਸ਼ਾਕਾਂ ਵਿਚ ਨਹੀਂ ਆ ਸਕਦਾ। ਜੇਕਰ ਇੱਕ ਬੱਚੇ ਨੂੰ ਸਾਫ ਸੁਥਰੇ ਅਤੇ ਚਿੱਟੇ ਕੱਪੜੇ ਪਹਿਨਾ ਦਿਓ ਉਹ ਮਿੱਟੇ ਘੱਟੇ ਵਿਚ ਖੇਡਣ ਤੋਂ ਕਤਰਾਉਂਦਾ ਹੈ ਅਤੇ ਕਪੜਿਆਂ ਤੇ ਗੰਦਾ ਧੱਬਾ ਨਹੀਂ ਲੱਗਣ ਦਿੰਦਾ। ਕਪੜਿਆਂ ਦੀ ਸਫਾਈ ਨੇ ਉਸ ਦੇ ਮਨ 'ਤੇ ਵੀ ਅਸਰ ਕੀਤਾ ਹੈ ਕਿ ਗੰਦਿਆਂ ਅਤੇ ਮੈਲੇ ਕਪੜਿਆਂ ਵਾਲਿਆਂ ਨਾਲ ਨਹੀਂ ਖੇਡਣਾ। ਫੌਜੀ ਅਤੇ ਪੁਲਿਸ ਵਾਲੇ ਵੀ ਆਪਣੀਆਂ ਆਪਣੀਆਂ ਵਰਦੀਆਂ ਵਿਚ ਪਰੇਡ ਕਰਦੇ ਕਿੰਨੇ ਚੰਗੇ ਲੱਗਦੇ ਹਨ। ਕਲਗੀਧਰ ਸਾਹਿਬ ਨੇ ਅਕਾਲ ਪੁਰਖ ਦੀ ਫੌਜ ਖਾਲਸਾ ਸਜਾਇਆ ਹੈ ਤੇ ਇਸ ਨੂੰ ਹਰ ਸਮੇਂ ਤਿਆਰ ਬਰ ਤਿਆਰ ਰਹਿਣਾ ਸਿਖਾਇਆ ਹੈ, ਪਰ ਅਸੀਂ ਕੁਝ ਭੁਲੇਖਿਆਂ ਵਿਚ ਪੈ ਕੇ ਦੂਰ ਦੂਰ ਹੋ ਰਹੇ ਹਾਂ। ਮੈਨੂੰ ਇੱਕ ਆਪਣੇ ਹਿੰਦੂ ਵੀਰ ਦੀ ਗੱਲ ਚੰਗੀ ਤਰ੍ਹਾਂ ਯਾਦ ਹੈ ਉਹ ਕਹਿੰਦਾ ਹੁੰਦਾ ਸੀ ਕਿ ਉਰੇਬ ਕਛਹਿਰੀ ਕਿੰਨਾ ਪਰਦੇਦਾਰ ਹੈ, ਭਾਵੇਂ ਕਿਸੇ ਵੀ ਕਿਵੇਂ ਬੈਠੀਏ, ਇਸਤਰੀ ਪੁਰਸ਼ ਦੋਹਾਂ ਲਈ ਚੰਗਾ ਹੈ ਪਰ ਮੈਂ ਇਕ ਦਿਨ ਸਿਲਵਾ ਕੇ ਪਹਿਨਿਆ ਤਾਂ ਘਰ ਵਾਲੀ ਨੇ ਬਹੁਤ ਬੁਰਾ ਸਮਝਿਆ ਤੇ ਮੈਂ ਲਾਹ ਦਿੱਤਾ। ਉਸ ਦਾ ਕਹਿਣਾ ਸੀ ਕਿ ਇਹ ਤਾਂ ਸਿੱਖਾ ਲਈ ਹੈ, ਮੈਂ ਬਥੇਰਾ ਕਿਹਾ, ਦੂਜੇ ਕੱਛੇ ਬੇਪਰਦ ਹਨ, ਧੋਤੀ ਜਾਂ ਸਲਵਾਰ ਬਿਨਾ ਨਹੀਂ ਪਾਏ ਜਾ ਸਕਦੇ ਪਰ ਕਛਹਿਰੇ ਦੇ ਗੁਣ ਔਗੁਣ ਦੀ ਪ੍ਰਵਾਹ ਨਾ ਕਰਦਿਆਂ ਹੋਇਆ ਓਰੇਬ ਕਛਹਿਰੇ ਘਰ ਵਿਚ ਨਾ ਵੜੇ ਕਿਉਂਕਿ ਇਹ ਸਿੱਖਾਂ ਦੇ ਹਨ।






PREETNAMA ਪ੍ਰੀਤਨਾਮਾ ਖਰਾ ਸੱਚ
Online and Print Media

ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180
******************
ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜੀ. ਐਸ ਸਿੰਘ ਪੰਜਾਬ
******************************
ਸੁਜਾਨ ਨਾਗ, ਯੂ.ਐਸ.ਏ.
*******************
ਜਸਵਿੰਦਰ ਕੌਰ, ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
******************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

**ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ਆਧਾਰ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।**

Preetnamausa@gmail.com
www.preetnama.com

# ਸੰਪਾਦਕੀ

# ਦੁਨੀਆਂ ਵਿੱਚ ਵੱਧ ਰਿਹਾ ਗਰੀਬੀ ਦਾ ਸੰਕਟ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨਿਓ ਗੁਤਾਰੇਸ ਦੇ ਇਹ ਸ਼ੰਕੇ ਕਿ ਦੁਨੀਆਂ ਵਿੱਚ ਕੋਰੋਨਾ ਮਹਾਂਮਾਰੀ ਦੀ ਮਾਰ ਕਾਰਨ 5 ਕਰੋੜ ਲੋਕ ਹੋਰ ਬੇਹੱਦ ਗਰੀਬੀ ਵਿੱਚ ਚਲੇ ਜਾਣਗੇ, ਇਕ ਵੱਡੇ ਖਤਰੇ ਵੱਲ ਇਸ਼ਾਰਾ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੋਰੋਨਾ ਮਹਾਂਮਾਰੀ ਨੇ ਦੁਨੀਆਂ ਦੇ ਸਾਰੇ ਅਮੀਰ ਅਤੇ ਗਰੀਬ ਦੇਸ਼ਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇਸ ਨਤੀਜਾ ਬੇਰੁਜ਼ਗਾਰੀ, ਗਰੀਬੀ ਅਤੇ ਭੁੱਖਮਰੀ ਜਿਹੀਆਂ ਗੰਭੀਰ ਸਮੱਸਿਆਵਾਂ ਦੇ ਰੂਪ ਵਿੱਚ ਸਾਹਮਣੇ ਆਉਣ ਲੱਗਾ ਹੈ। ਅਮਰੀਕਾ, ਇਟਲੀ, ਫਰਾਂਸ, ਬ੍ਰਿਟੇਨ, ਜਰਮਨੀ ਜਿਹੇ ਸੰਪੰਨ ਰਾਸ਼ਟਰਾਂ ਤੱਕ ਨੂੰ ਸਮਝ ਨਹੀਂ ਆ ਰਹੀ ਕਿ ਆਖਿਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕੀਤਾ ਕਿਵੇਂ ਜਾਵੇ, ਕਿਹੋ ਜਿਹੀਆਂ ਆਰਥਿਕ ਨੀਤੀਆਂ ਅਪਣਾਈਆਂ ਜਾਣ ਜੋ ਦੇਸ਼ ਅਤੇ ਆਬਾਦੀ ਨੂੰ ਗਰੀਬੀ ਵੱਲ ਧੱਕੇ ਜਾਣ ਤੋਂ ਰੋਕ ਸਕਣ। ਪਿਛਲੇ ਤਿੰਨ ਮਹੀਨਿਆਂ ਵਿੱਚ ਇਨ੍ਹਾਂ ਦੇਸ਼ਾਂ ਵਿੱਚ ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ। ਜ਼ਿਆਦਾਤਰ ਦੇਸ਼ੀ-ਵਿਦੇਸ਼ੀ ਕੰਪਨੀਆਂ ਲੜਖੜਾ ਗਈਆਂ ਹਨ। ਦੂਜੇ ਪਾਸੇ ਜਿਨ੍ਹਾਂ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਪਹਿਲਾਂ ਤੋਂ ਹੀ ਖਸਤਾਹਾਲ ਸਨ, ਉਥੇ ਸੰਕਟ ਹੋਰ ਜ਼ਿਆਦਾ ਗੰਭੀਰ ਹੈ। ਅਜਿਹੇ ਵਿੱਚ ਹੁਣ ਅਰਥ ਵਿਵਸਥਾਵਾਂ ਡੁੱਬੀਆਂ ਪਈਆਂ ਹਨ, ਲੋਕਾਂ ਕੋਲ ਕੰਮ-ਧੰਦਾ ਨਹੀਂ ਹੈ, ਖਾਣ ਦੇ ਲਾਲੇ ਪੈ ਰਹੇ ਹਨ ਤਾਂ ਗਰੀਬ ਨੂੰ ਹੋਰ ਗਰੀਬ ਹੋਣ ਬਚਾ ਸਕਣਾ ਸਰਕਾਰਾਂ ਦੇ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਚੁਣੌਤੀ ਹੈ। ਸਭ ਤੋਂ ਵੱਡਾ ਖਤਰਾ ਤਾਂ ਇਹ ਹੈ ਕਿ ਗਰੀਬੀ ਵਧਣ ਦੇ ਕਾਰਨ ਕਈ ਦੇਸ਼ਾਂ ਨੂੰ ਭੁੱਖਮਰੀ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ। ਲੱਖਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਣਗੇ ਅਤੇ ਘੱਟ ਉਮਰ ਵਿੱਚ ਹੀ ਅਜਿਹੀਆਂ ਬਿਮਾਰੀਆਂ ਵਿੱਚ ਘਿਰ ਜਾਣਗੇ ਜਿਨ੍ਹਾਂ ਦਾ ਉਨ੍ਹਾਂ ਦੇ ਵਿਕਾਸ ਅਤੇ ਭਵਿੱਖ ਉਤੇ ਬੁਰਾ ਅਸਰ ਪਵੇਗਾ। ਦੁਨੀਆਂ ਵਿੱਚ ਭੁੱਖਮਰੀ ਦੇ ਆਂਕੜੇ ਚਿੰਤਾਜਨਕ ਹਨ। ਹਾਲੇ ਵੀ 82 ਕਰੋੜ ਭੁੱਖਮਰੀ ਦਾ ਸ਼ਿਕਾਰ ਹਨ ਅਤੇ ਪੰਜ ਸਾਲ ਤੋਂ ਘਟ ਉਮਰ ਦੇ 14 ਕਰੋੜ ਬੱਚੇ ਅਜਿਹੇ ਹਨ ਜੋ ਕੁਪੋਸ਼ਣ ਦੇ ਕਾਰਨ ਸਰੀਰਕ ਵਿਕਾਸ ਸਬੰਧੀ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਅਜਿਹੇ ਵਿੱਚ ਸਰਕਾਰਾਂ ਦੇ ਸਾਹਮਣੇ ਵੱਡਾ ਸੰਕਟ ਮਹਾਂਮਾਰੀ ਦੇ ਨਾਲ-ਨਾਲ ਭੁੱਖਮਰੀ ਜਿਹੀ ਸਮੱਸਿਆ ਨਾਲ ਨਿਪਟਣ ਦਾ ਵੀ ਹੈ। ਕੌਮਾਂਤਰੀ ਖਾਧ ਸੁਰੱਖਿਆ ਪ੍ਰੋਗਰਾਮ ਚਲਾਉਣ ਵਾਲਾ ਵਿਸ਼ਵ ਖਾਧ ਸੰਗਠਨ ਪਹਿਲਾਂ ਹੀ ਇਹ ਕਹਿ ਚੁੱਕਾ ਹੈ ਕਿ ਉਸ ਨੂੰ ਧਨ ਮੁਹਈਆ ਕਰਾਉਣ ਵਾਲੇ ਸਾਰੇ ਅਮੀਰ ਦੇਸ਼ ਅਮਰੀਕਾ, ਜਰਮਨੀ, ਇਟਲੀ, ਫਰਾਂਸ ਆਦਿ ਖੁਦ ਹੀ ਕੋਵਿਡ-19 ਨਾਲ ਜੂਝ ਰਹੇ ਹਨ ਅਤੇ ਇਨ੍ਹਾਂ ਦੇਸ਼ਾਂ ਦੀ ਹਾਲਤ ਇੰਨੀ ਖਰਾਬ ਹੋ ਚੁੱਕੀ ਹੈ ਕਿ ਇਨ੍ਹਾਂ ਨੂੰ ਆਪਣਾ ਦੇਸ਼ ਚਲਾ ਸਕਣਾ ਵੀ ਭਾਰੀ ਪੈ ਰਿਹਾ ਹੈ। ਅਜਿਹੇ ਵਿੱਚ ਇਹ ਦੇਸ਼ ਕੌਮਾਂਤਰੀ ਸੰਗਠਨਾਂ ਨੂੰ ਮਦਦ ਦੇਣ ਜਾਂ ਆਪਣੇ ਆਪ ਨੂੰ ਸੰਭਾਲਣ। ਜੇਕਰ ਵਿਕਸਤ ਦੇਸ਼ਾਂ ਤੋਂ ਮਦਦ ਨਹੀਂ ਮਿਲੀ ਤਾਂ ਵਿਸ਼ਵ ਖਾਧ ਸੰਗਠਨ ਕਿਵੇਂ ਗਰੀਬਾਂ ਤੱਕ ਖਾਣਾ ਪਹੁੰਚਾ ਸਕੇਗਾ, ਇਹ ਵੱਡਾ ਸਵਾਲ ਹੈ। ਭਾਰਤ ਦੇ ਸੰਦਰਭ ਵਿੱਚ ਦੇਖੀਏ ਤਾਂ ਗਰੀਬਾਂ ਦੀ ਗਿਣਤੀ ਵਧਣ ਦਾ ਇਹ ਸੰਕਟ ਕਿਧਰੇ ਜ਼ਿਆਦਾ ਵੱਡਾ ਹੈ। ਪਿਛਲੇ ਢਾਈ ਮਹੀਨਿਆਂ ਵਿੱਚ ਲਾਕਡਾਊਨ ਦੇ ਕਾਰਨ ਜਿਸ ਤਰ੍ਹਾਂ ਕਰੋੜਾਂ ਲੋਕਾਂ ਦਾ ਰੁਜ਼ਗਾਰ ਚੱਲਿਆ ਗਿਆ, ਉਹ ਘੱਟ ਵੱਡਾ ਸੰਕਟ ਨਹੀਂ ਹੈ। ਲੱਖਾਂ ਪ੍ਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਪਰਤ ਗਏ ਹਨ ਅਤੇ ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਉਦਯੋਗ ਜਗਤ ਪਹਿਲਾਂ ਹੀ ਖਸਤਾਹਾਲ ਹੈ ਅਤੇ ਜੇਕਰ ਅਗਲੇ ਕੁਝ ਮਹੀਨਿਆਂ ਵਿੱਚ ਮਜ਼ਦੂਰ ਕਾਰਖਾਨਿਆਂ-ਫੈਕਟਰੀਆਂ ਵਿੱਚ ਨਾ ਆਏ ਤਾਂ ਮੰਦੀ ਹੋਰ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਨਤੀਜਾ ਇਹ ਹੋਵੇਗਾ ਕਿ ਲੋਕਾਂ ਦੇ ਕੋਲ ਪੈਸਾ ਨਹੀਂ ਹੋਵੇਗਾ, ਇਕ ਸੀਮਾ ਦੇ ਬਾਅਦ ਲੋਕਾਂ ਨੂੰ ਮਦਦ ਪਹੁੰਚਾਉਣ ਵਿੱਚ ਸਰਕਾਰਾਂ ਦਾ ਦਮ ਨਿਕਲਣ ਲੱਗੇਗਾ ਅਤੇ ਗਰੀਬ ਜ਼ਿਆਦਾ ਬੁਰੀ ਸਥਿਤੀ ਵਿੱਚ ਚਲਾ ਜਾਵੇਗਾ। ਮੱਧ ਵਰਗ ਦੇ ਸਾਹਮਣੇ ਵੀ ਪਹਾੜ ਜਿਹਾ ਸੰਕਟ ਖੜ੍ਹਾ ਹੈ, ਜਿਸ ਦਾ ਅਸਰ ਬਾਅਦ ਵਿੱਚ ਦਿੱਸਣ ਲੱਗੇਗਾ। ਕੇਂਦਰ ਅਤੇ ਸੂਬਾ ਸਰਕਾਰਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਵੱਡੇ ਪੈਮਾਨੇ 'ਤੇ ਰੁਜ਼ਗਾਰ ਮੁਹਈਆ ਕਰਾਉਣ ਦੀ ਹੈ। ਜਦੋਂ ਲੋਕਾਂ ਦੇ ਕੋਲ ਕੰਮ ਹੋਵੇਗਾ, ਤਾਂ ਹੱਥ ਵਿੱਚ ਪੈਸਾ ਆਵੇਗਾ ਅਤੇ ਬਾਜ਼ਾਰ ਵਿੱਚ ਮੰਗ ਨਿਕਲਣ ਨਾਲ ਅਰਥ ਵਿਵਸਥਾ ਦਾ ਚੱਕਰ ਚੱਲ ਸਕੇਗਾ। ਨਹੀਂ ਤਾਂ ਆਬਾਦੀ ਦੇ ਵੱਡੇ ਹਿੱਸੇ ਨੂੰ ਗਰੀਬੀ ਵੱਲ ਜਾਣ ਤੋਂ ਰੋਕ ਸਕਣਾ ਸੰਭਵ ਨਹੀਂ ਹੋਵੇਗਾ।

# ਅਲੋਪ ਹੋ ਪੰਜਾਬੀ ਸੱਭਿਆਚਾਰ 'ਚ ਸੰਦੂਕ

**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ**

**ਕਿਹੜੇ ਪਿੰਡ ਮੁਕਲਾਵੇ ਜਾਣਾ**
**ਨੀਂ ਨਿੰਮ ਦੇ ਸੰਦੂਕ ਵਾਲੀਏ।**

ਸੰਦੂਕ ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਚਿੰਨ੍ਹ ਹੈ। ਇਕ ਸਮਾਂ ਅਜਿਹਾ ਵੀ ਸੀ ਜਦੋਂ ਹਰ ਘਰ ਵਿਚ ਸੰਦੂਕ ਦੀ ਸਰਦਾਰੀ ਹੁੰਦੀ ਸੀ। ਸੰਦੂਕ ਲੱਕੜੀ ਦਾ ਬਣਿਆ ਇੱਕ ਵਰਗਾਕਾਰ ਬਕਸਾ ਹੁੰਦਾ ਹੈ।ਭਾਵੇਂ ਅੱਜ ਕੱਲ੍ਹ ਲੜਕੀ ਨੂੰ ਦਾਜ ਵਿੱਚ ਲੋਹੇ ਦੀ ਪੇਟੀ ਜਾਂ ਅਲਮਾਰੀ ਦਿੱਤੀ ਜਾਂਦੀ ਹੈ ਪਰ ਪੁਰਾਤਨ ਸਮੇਂ ਵਿੱਚ ਸੰਦੂਕ ਦਾਜ ਵਿੱਚ ਦੇਣ ਵਾਲੀ ਇੱਕ ਅਹਿਮ ਵਸਤੂ ਹੁੰਦਾ ਸੀ। ਉੱਥੇ ਹੀ ਇਕ ਜ਼ਰੂਰੀ ਘਰੇਲੂ ਵਸਤੂ ਵੀ ਸੀ, ਜਿਸ ਵਿਚ ਸੁਆਣੀਆਂ ਆਪਣੇ ਪਹਿਨਣ ਵਾਲੇ ਕੱਪੜੇ, ਫੁਲਕਾਰੀਆਂ, ਪੱਖੀਆਂ, ਭਾਂਡੇ, ਬਿਸਤਰੇ, ਝੋਲੇ ਅਤੇ ਹਾਰ-ਸ਼ਿੰਗਾਰ ਆਦਿ ਦਾ ਸਾਮਾਨ ਰੱਖਦੀਆਂ ਸਨ।ਸੰਦੂਕ ਅਕਸਰ ਵਧੀਆ ਅਤੇ ਮਜਬੂਤ ਲੱਕੜੀ ਦਾ ਕਿਸੇ ਮਾਹਿਰ ਕਾਰੀਗਰ ਵੱਲੋਂ ਤਿਆਰ ਕੀਤਾ ਜਾਂਦਾ ਸੀ। ਇਸ ਲਈ ਕਾਲੀ ਟਾਹਲੀ, ਨਿੰਮ ਜਾਂ ਕਿੱਕਰ ਦੀ ਲੱਕੜ ਵਰਤੀ ਜਾਂਦੀ ਸੀ।ਸੰਦੂਕ ਲਈ ਕਾਲੀ ਟਾਹਲੀ ਦੀ ਲੱਕੜ ਸਭ ਤੋਂ ਉੱਤਮ ਮੰਨੀ ਜਾਂਦੀ ਸੀ ਪਰ ਟਾਹਲੀ ਨੂੰ ਕਾਲੀ ਹੋਣ 'ਤੇ ਬਹੁਤ ਸਮਾਂ ਲੱਗਦਾ ਸੀ। ਇਸ ਲਈ ਇਹ ਲੱਕੜ ਬਹੁਤ ਮੁਸ਼ਕਿਲ ਨਾਲ ਮਿਲਦੀ ਸੀ। ਇਸ ਤੋਂ ਬਣੇ ਸੰਦੂਕ ਬਹੁਤ ਸੋਹਣੇ, ਚਮਕਦਾਰ ਤੇ ਮਜ਼ਬੂਤ ਹੁੰਦੇ ਸਨ। ਲੱਕੜੀ ਦੇ ਕੰਮ ਵਿੱਚ ਨਿਪੁੰਨ ਕਾਰੀਗਰ ਸੰਦੂਕ ਨੂੰ ਬੜੀਆਂ ਰੀਝਾਂ ਨਾਲ ਬਣਾਉਂਦੇ ਸਨ।ਜਦੋਂ ਸੰਦੂਕ ਦਾਜ ਵਿੱਚ ਦੇਣ ਲਈ ਤਿਆਰ ਕਰਨਾ ਹੁੰਦਾ ਸੀ ਤਾਂ ਵਿਆਹ ਤੋਂ ਦੋ ਤਿੰਨ ਮਹੀਨੇ ਪਹਿਲਾਂ ਮਾਹਿਰ ਤਰਖਾਣ ਨੂੰ ਘਰ ਬਿਠਾਇਆ ਜਾਂਦਾ ਸੀ। ਤਰਖਾਣ ਕਾਰੀਗਰ ਆਪਣੀ ਪੂਰੀ ਕਲਾ ਕਿਰਤ ਅਤੇ ਮਹੀਨ ਮੀਨਾਕਾਰੀ ਰਾਹੀਂ ਸੰਦੂਕ ਤਿਆਰ ਕਰਦੇ ਸਨ। ਸੰਦੂਕ ਦਾ ਪਿਛਲਾ ਹਿੱਸਾ ਬਿਲਕੁਲ ਸਾਫ਼ ਅਤੇ ਸਾਧਾਰਨ ਰੱਖਿਆ ਜਾਂਦਾ ਸੀ। ਸਾਹਮਣੇ ਵਾਲੇ ਪਾਸੇ ਅਤੇ ਪਾਸਿਆਂ ਵਾਲੇ ਹਿੱਸੇ ਉੱਤੇ ਵਰਗਾਕਾਰ ਡੱਬੇ ਬਣਾਏ ਜਾਂਦੇ ਸਨ। ਸੰਦੂਕ ਨੂੰ ਹੋਰ ਸ਼ਿੰਗਾਰਨ ਲਈ ਮਾਹਿਰ ਕਾਰੀਗਰ ਪਿੱਤਲ ਦੀਆਂ ਮੇਖਾਂ, ਸ਼ੀਸ਼ਿਆਂ ਦੇ ਟੁੱਕੜੇ ਅਤੇ ਰੰਗਾਂ ਦਾ ਪ੍ਰਯੋਗ ਵੀ ਕਰਦੇ ਸਨ। ਸੰਦੂਕਾਂ ਉੱਪਰ ਹਾਰ-ਸ਼ਿੰਗਾਰ ਲਈ ਵੱਡਾ ਸ਼ੀਸਾ ਜਾਂ ਗੁਰੂਆਂ ਦੀਆਂ ਤਸਵੀਰਾਂ ਵੀ ਫਿੱਟ ਕਰ ਦਿੱਤੀਆਂ ਜਾਂਦੀਆਂ ਸਨ।

**ਗੱਡੀ ਵਿਚ ਆ ਗਿਆ ਸੰਦੂਕ ਮੁਟਿਆਰ ਦਾ**
**ਸ਼ੀਸ਼ਿਆਂ ਜੜ੍ਹਤ ਚਮਕਾਰੇ ਪਿਆ ਮਾਰਦਾ।**

ਸੰਦੂਕ ਦੀ ਪਾਵਿਆਂ ਸਮੇਤ ਉਚਾਈ ਲਗਪਗ 6 ਫੁੱਟ ਹੁੰਦੀ ਹੈ ਅਤੇ ਲੰਬਾਈ ਚੌੜਾਈ ਕ੍ਰਮਵਾਰ 5/6 ਤੇ 3/4 ਫੁੱਟ ਹੁੰਦੀ ਸੀ। ਸੰਦੂਕ ਦੇ ਸਾਹਮਣੇ ਵਾਲੇ ਹਿੱਸੇ ਵਿੱਚ 7/8 ਕੁ ਇੰਚ ਦੇ ਡੱਬੇ ਬਣੇ ਹੁੰਦੇ ਸਨ। ਦੋ ਛੱਤਾਂ ਵਾਲੇ ਸੰਦੂਕ ਦੇ ਅੰਦਰ ਵਿਚਕਾਰ ਇੱਕ ਫੱਟਾ ਲਗਾ ਦਿੱਤਾ ਜਾਂਦਾ ਸੀ ਤੇ ਦੋ ਟਾਕੀਆਂ ਲਗਾ ਦਿੱਤੀਆਂ ਜਾਂਦੀਆਂ ਸਨ।ਦੋ ਛੱਤੇ ਸੰਦੂਕਾਂ ਦੇ ਹੇਠਲੇ ਪਾਸੇ ਬਿਸਤਰੇ ਜਿਵੇ ਦਰੀਆਂ, ਖੇਸ, ਰਜਾਈਆਂ, ਗਦੈਲੇ ਰੱਖੇ ਜਾਂਦੇ ਸਨ। ਉਪਰਲੇ ਖਾਨੇ ਵਿੱਚ ਘਰ ਜਾਂ ਔਰਤ ਦੇ ਨਿੱਤ ਵਰਤੋਂ ਦਾ ਸਾਮਾਨ ਸਾਂਭਿਆ ਜਾਂਦਾ ਸੀ। ਸੰਦੂਕ ਵਿੱਚ ਇੱਕ-ਦੋ ਸ਼ੈਲਫਾਂ ਵੀ ਪਾਈਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਫੱਟੀਆਂ ਕਿਹਾ ਜਾਂਦਾ ਸੀ। ਇਨ੍ਹਾਂ ਫੱਟੀਆਂ ਉੱਪਰ ਪੰਜਾਬਣ ਮੁਟਿਆਰ ਆਪਣੇ ਹਾਰ-ਸ਼ਿੰਗਾਰ ਦਾ ਸਾਮਾਨ ਰੱਖਦੀ ਸੀ, ਜਿਸ ਵਿੱਚ 'ਸੁਹਾਗ ਪਿਟਾਰੀ' ਦਾ ਅਹਿਮ ਸਥਾਨ ਸੀ। ਸੁਹਾਗ ਪਿਟਾਰੀ ਅੱਜ-ਕੱਲ੍ਹ ਦੇ 'ਮੇਕਅੱਪ ਬਾਕਸ' ਵਾਂਗ ਲੱਕੜੀ ਦਾ ਇੱਕ ਢੱਕਣ ਵਾਲਾ ਡੱਬਾ ਹੁੰਦਾ ਸੀ, ਜਿਸ ਨੂੰ ਗੋਟੇ-ਕਿਨਾਰੀਆਂ 'ਤੇ ਰੰਗਦਾਰ ਕੱਪੜੇ ਖਾਸ ਕਰਕੇ ਲਾਲ-ਸੂਹੇ ਨਾਲ ਸ਼ਿੰਗਾਰਿਆ ਹੁੰਦਾ ਸੀ। ਇਸ ਦੇ ਵਿਚਕਾਰ ਢੱਕਣ ਦੇ ਅੰਦਰਲੇ ਪਾਸੇ ਇੱਕ ਸ਼ੀਸ਼ਾ ਜੜਤ ਹੁੰਦਾ ਸੀ। ਇਨ੍ਹਾਂ ਫੱਟੀਆਂ ਉੱਪਰ ਨਾਲੇ, ਪਰਾਂਦੀਆਂ, ਚੂੜੀਆਂ, ਗਹਿਣੇ, ਦੰਦਾਸਾ, ਮਹਿੰਦੀ ਅਤੇ ਸੁਰਮੇਦਾਨੀ ਵਰਗੇ ਸ਼ਿੰਗਾਰ ਸਾਧਨ ਰੱਖੇ ਹੁੰਦੇ ਸਨ।ਸੰਦੂਕ ਨੂੰ ਕਮਰੇ ਦੇ ਦਰਵਾਜ਼ੇ ਵਾਂਗ ਨਿੱਕੇ ਤਖ਼ਤਿਆਂ ਵਾਲਾ ਇੱਕ ਦਰਵਾਜ਼ਾ ਲੱਗਿਆ ਹੁੰਦਾ ਸੀ, ਜਿਸ ਨੂੰ ਲੋਹੇ ਦਾ ਇੱਕ ਕੁੰਡਾ ਲਾਇਆ ਜਾਂਦਾ ਸੀ। ਪੁਰਾਤਨ ਸੰਦੂਕਾਂ ਨੂੰ ਆਮ ਕਰਕੇ ਮੁੱਠੀਨੁਮਾ ਜਿੰਦੇ ਲਗਾਏ ਜਾਂਦੇ ਸਨ ਜਿਸ ਦੀ ਚਾਬੀ ਮਾਲਕਣ ਨਿਗਰਾਨੀ ਹੇਠ ਰੱਖਦੀ ਸੀ। ਕਦੇ-ਕਦੇ ਸੁਆਣੀਆਂ ਚਾਬੀ ਆਪਣੀ ਪਰਾਂਦੀ ਨਾਲ ਹੀ ਬੰਨ੍ਹ ਲੈਂਦੀਆਂ ਸਨ।ਸੰਦੂਕ ਹਰ ਵਸਦੇ-ਰਸਦੇ ਘਰ ਦੀ ਨਿਸ਼ਾਨੀ ਹੁੰਦੇ ਸਨ। ਵੱਡੇ ਕੱਚੀ ਸਬਾਤ ਵਿੱਚ ਪਏ ਸੰਦੂਕ ਘਰ ਦਾ ਸ਼ਿੰਗਾਰ ਮੰਨੇ ਜਾਂਦੇ ਸਨ। ਜਿਵੇਂ ਪੁਰਾਤਨ ਬਰਾਤਾਂ ਅਤੇ ਮੇਲ ਊਠ ਗੱਡੀਆਂ ਜਾਂ ਬੈਲ ਗੱਡੀਆਂ 'ਤੇ ਹੀ ਆਉਂਦਾ ਸੀ। ਇਸ ਤਰ੍ਹਾਂ ਵਿਆਹ ਸਮੇਂ ਦਾਜ ਦਾ ਸਾਮਾਨ ਵੀ ਇਨ੍ਹਾਂ ਗੱਡੀਆਂ ਉੱਪਰ ਹੀ ਲਿਆਂਦਾ ਜਾਂਦਾ ਸੀ।ਗੱਡੀ ਵਿੱਚ ਆ ਗਿਆ ਸੰਦੂਕ ਮੁਟਿਆਰ ਦਾ, ਸ਼ੀਸ਼ਿਆਂ ਜੜਤ ਚਮਕਾਰੇ ਪਿਆ ਮਾਰਦਾ।

ਜੇ ਸੰਦੂਕ ਲਈ ਢੁੱਕਵੀਂ ਲੱਕੜ ਨਾ ਮਿਲਦੀ ਜਾਂ ਨਿਪੁੰਨ ਕਾਰੀਗਰ ਨਾ ਮਿਲਦਾ ਤਾਂ ਵਿਆਹ-ਸਾਹੇ ਮਿਥਣ ਵਿੱਚ ਵੀ ਦੇਰੀ ਹੋ ਜਾਂਦੀ ਕਿਉਂਕਿ ਕੁੜੀ ਦੇ ਵਿਆਹ ਦਾ ਸਾਰਾ ਸਾਮਾਨ ਸੰਦੂਕ ਵਿੱਚ ਪਾ ਕੇ ਹੀ ਤੋਰਨਾ ਹੁੰਦਾ ਸੀ। ਪਰ ਜੇਕਰ ਲੜਕੀ ਨੂੰ ਦਾਜ ਵਿਚ ਕੋਈ ਮਾਂ-ਬਾਪ ਸੰਦੂਕ ਨਾ ਦੇ ਪਾਉਂਦੇ ਜਾਂ ਬਾਅਦ ਵਿਚ ਸੰਦੂਕ ਦੇਣ ਦਾ ਵਾਅਦਾ ਕਰਕੇ ਡੋਲੀ ਤੋਰ ਦਿੰਦੇ ਸਨ ਤਾਂ ਲੜਕੀ ਨੂੰ ਸਹੁਰੇ ਘਰ ਵਿਚ ਸੰਦੂਕ ਕਾਰਨ ਕਈ ਵਾਰ ਤਾਅਨੇ - ਮਿਹਣੇ ਵੀ ਸੁਣਨੇ ਪੈਂਦੇ ਸਨ

**ਗੱਡੀ ਆ ਗਈ ਸੰਦੂਕੋਂ ਖਾਲੀ**
**ਨੀਂ ਬਹੁਤਿਆਂ ਭਰਾਵਾਂ ਵਾਲੀਏ।**

ਸਹੁਰਿਆਂ ਦੇ ਅਜਿਹੇ ਤਿੱਖੇ ਬੋਲ ਸਹਾਰਦੀ ਤੇ ਆਪਣੇ ਆਪ ਨੂੰ ਹੀਣੀ ਮਹਿਸੂਸ ਕਰਦੀ ਉਹ ਅੱਗੋਂ ਵੀਰ ਨੂੰ ਉਲਾਂਭਾ ਦਿੰਦੀ ਹੈ

**ਭੈਣ ਤੁਰਗੀ ਸੰਦੂਕੋਂ ਸੱਖਣੀ,**
**ਵੀਰਾ ਵੇ ਮੁਰੱਬੇ ਵਾਲਿਆ।**

ਧੀ ਬਾਬਲ ਨੂੰ ਵੀ ਸੂਟ, ਘੱਗਰੇ, ਫੁਲਕਾਰੀਆਂ ਨਾਲ ਭਰਿਆ ਸੰਦੂਕ ਦੇਣ ਅਤੇ ਚੰਗਾ ਵਰ-ਘਰ ਟੋਲਣ ਦੀ ਅਰਜ਼ੋਈ ਕਰਦੀ ਹੈ, ਜਿੱਥੇ ਉਹ ਸੰਦੂਕ ਵਿੱਚੋਂ ਕੱਢ ਕੇ ਨਿੱਤ ਬਦਲਵੇਂ ਬਾਣੇ ਪਾ ਸਕੇ।

**ਦੇਈਂ ਵੇ ਬਾਬਲ ਉਸ ਘਰੇ,**
**ਜਿੱਥੇ ਦਰਜੀ ਸੀਵੇ ਪੱਟ।**
**ਇੱਕ ਲਾਹਾਂ ਇੱਕ ਪਾਵਾਂ,**
**ਮੇਰਾ ਵਿੱਚ ਸੰਦੂਕਾਂ ਦੇ ਹੱਥ।**
**ਬਾਬਲ ਤੇਰਾ ਪੁੰਨ ਹੋਵੇ...।**

ਵਿਆਹੀ ਕੁੜੀ ਜਦੋਂ ਆਪਣੇ ਲੋੜੀਂਦੇ ਸਾਮਾਨ ਸਹਿਤ ਸਹੁਰੇ ਘਰ ਪਹੁੰਚਦੀ ਹੈ ਤਾਂ ਉਸ ਦੀ ਨਣਦ ਵੱਲੋਂ 'ਸੰਦੂਕ ਖੁੱਲ੍ਹਵਾਈ' ਦੀ ਰਸਮ ਕੀਤੀ ਜਾਂਦੀ ਹੈ। ਨਣਦ ਆਪਣੀ ਭਰਜਾਈ ਦਾ ਸੰਦੂਕ ਖੋਲ੍ਹ ਕੇ ਉਸ ਵਿੱਚੋਂ ਇੱਕ ਸੂਟ ਆਪਣੇ ਸਿਵਾਉਣ ਲਈ ਕੱਢ ਲੈਂਦੀ ਹੈ। ਭਾਵ ਇਹ ਰਸਮ ਨਣਦ-ਭਰਜਾਈ ਦੇ ਮਿਲਵਰਤਣ ਦਾ ਪ੍ਰਤੀਕ ਹੈ।

ਪਤੀ-ਪਤਨੀ ਦੀ ਹੁੰਦੀ ਨਿੱਕੀ ਨੋਕ-ਝੋਕ ਵੇਲੇ ਵੀ ਪਤਨੀ ਆਪਣੇ ਪਤੀ ਨੂੰ ਸੰਦੂਕ ਵਿੱਚ ਪਿਆ ਵਰੀਆਂ ਵਾਲਾ ਘੱਗਰਾ ਚੇਤੇ ਕਰਵਾਉਂਦੀ ਹੈ। ਉਹ ਕਹਿੰਦੀ ਹੈ, "ਹੁਣ ਤੂੰ ਮੇਰੇ ਨਾਲ ਲੜਦਾ ਹੈਂ ਪਰ ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਸੰਦੂਕ ਵਿੱਚ ਪਿਆ ਕਾਲੀ ਸੂਫ ਦਾ ਘੱਗਰਾ ਵੇਖ-ਵੇਖ ਕੇ ਰੋਇਆ ਕਰੇਂਗਾ।

**ਕਾਲਾ ਘੱਗਰਾ ਸੰਦੂਕ ਵਿੱਚ ਮੇਰਾ,**
**ਵੇ ਵੇਖ-ਵੇਖ ਰੋਏਂਗਾ ਜੱਟਾ।**

ਸੰਦੂਕ ਦਾ ਹੋਰ ਵੀ ਲੋਕ ਗੀਤ ਵਿੱਚ ਜਕਿਰ ਹੁੰਦਾ ਜਿਵੇਂ :-

**ਸੱਸ ਕੁੱਟਣੀ ਸੰਦੂਕਾਂ ਓਹਲੇ**
**ਨਿੰਮ ਦਾ ਘੜਾ ਦੇ ਘੋਟਣਾ।**

ਜੇ ਜੱਟੀਏ ਜੱਟ ਕੁੱਟਣਾ ਹੋਵੇ

**ਕੁੱਟੀਏ ਸੰਦੂਕਾਂ ਓਹਲੇ**
**ਪਹਿਲਾਂ ਜੱਟ ਤੋਂ ਦਾਲ ਦਲਾਈਏ**
**ਫੇਰ ਦਲਾਈਏ ਛੋਲੇ**
**ਜੱਟੀਏ ਦੇਹ ਦਬਕਾ**
**ਜੱਟ ਫੇਰ ਨਾ ਬਰਾਬਰ ਬੋਲੇ।**

ਸੰਦੂਕ ਨਾਲ ਸੰਬੰਧੀ ਇੱਕ ਬੁਝਾਰਤ ਵੀ ਹੈ।
ਨਿੱਕੇ ਨਿੱਕੇ ਠੇਮਣੇ ਸੰਦੂਕ ਚੁੱਕੀ ਜਾਂਦੇ ਨੇ, ਰਾਜਾ ਪੁੱਛੇ ਰਾਣੀ ਨੂੰ ਇਹ ਕੀ ਜਨੌਰ ਜਾਂਦੇ ਨੇ।
ਇਸ ਬੁਝਾਰਤ ਦਾ ਉੱਤਰ ਰੇਲ ਗੱਡੀ ਸੀ। ਪੰਜਾਬੀਆਂ ਨੇ ਰੇਲ ਗੱਡੀ ਦੇ ਡੱਬਿਆਂ ਦੀ ਤੁਲਨਾ ਵੀ ਸੰਦੂਕਾਂ ਨਾਲ ਕੀਤੀ।

ਆਖਰੀ ਗੱਲ ਇਹ ਹੈ ਕੀ ਇੱਕ ਸਮੇਂ ਸੰਦੂਕ ਨਾਲ ਪੰਜਾਬਣ ਦਾ ਨਹੁੰ-ਮਾਸ ਦਾ ਰਿਸ਼ਤਾ ਰਿਹਾ ਹੈ। ਸਹੁਰੇ ਘਰ ਜੇ ਕੋਈ ਚੀਜ਼ ਉਸ ਦੀ ਆਪਣੀ ਹੁੰਦੀ ਸੀ ਤਾਂ ਉਹ ਸੀ ਪੇਕਿਆਂ ਵੱਲੋਂ ਦਿੱਤਾ ਸੰਦੂਕ ਜਿਸ ਨੂੰ ਖੋਲ੍ਹਦੀ ਉਹ ਪੇਕਿਆਂ ਦੀਆਂ ਅਤੀਤ ਦੀਆਂ ਯਾਦਾਂ ਵਿੱਚ ਗੁੰਮ ਜਾਂਦੀ ਸੀ। ਸੰਦੂਕ ਵਿੱਚ ਰੱਖੇ ਝੋਲੇ, ਸਰ੍ਹਾਣਿਆਂ, ਫੁਲਕਾਰੀਆਂ ਨੂੰ ਫਰੋਲਦੀ ਉਹ ਸਹੇਲੀਆਂ ਸੰਗ ਸੰਵਾਦ ਰਚਾ ਲੈਂਦੀ ਸੀ। ਬਹੁਤ ਹੀ ਅਪਣੱਤ ਭਰਿਆ ਰਿਸ਼ਤਾ ਹੁੰਦਾ ਸੀ ਸੁਆਣੀ ਦਾ ਸੰਦੂਕ ਨਾਲ। ਧੀ-ਬਾਬਲ ਜਿਹਾ ਰਿਸ਼ਤਾ। ਵਰ੍ਹੇ ਛਿਮਾਹੀ ਉਹ ਆਪ ਰੰਗ-ਰੋਗਨ ਕਰਕੇ ਫੁੱਲਾਂ ਵੇਲਾਂ, ਮੋਰ-ਘੁੱਗੀਆਂ ਨਾਲ ਸੰਦੂਕ ਸ਼ਿੰਗਾਰਦੀ ਸੀ। ਸੱਚਮੁੱਚ ਉਸ ਦਾ ਸੱਚਾ ਸਾਥੀ ਹੁੰਦਾ ਸੀ ਸੰਦੂਕ। ਪਰ ਹੁਣ ਸਮਾਂ ਬਦਲ ਚੁੱਕਾ ਹੈ। ਹੁਣ ਨਾ ਤਾਂ ਸੰਦੂਕ ਦੀ ਸਰਦਾਰੀ ਰਹੀ ਅਤੇ ਨਾ ਹੀ ਇਹ ਘਰਾਂ ਦਾ ਸ਼ਿੰਗਾਰ ਹਨ। ਹੁਣ ਸੰਦੂਕ ਦੀ ਜਗ੍ਹਾ ਪੇਟੀਆਂ ਅਤੇ ਅਲਮਾਰੀਆਂ ਨੇ ਲੈ ਲਈ ਹੈ। ਕੋਈ ਵਿਰਲਾ ਹੀ ਘਰ ਹੋਵੇਗਾ ਜਿੱਥੇ ਸੰਦੂਕ ਅਜੇ ਵੀ ਸੰਭਾਲੇ ਹੋਏ ਹਨ। ਆਉਣ ਵਾਲੀਆਂ ਪੀੜ੍ਹੀਆਂ ਤਾਂ ਸ਼ਾਇਦ ਸੰਦੂਕ ਸ਼ਬਦ ਤੋਂ ਵੀ ਅਣਜਾਣ ਹੀ ਹੋਣਗੀਆਂ। ਭਾਵੇਂ ਅੱਜ ਦੀ ਨੌਜਵਾਨ ਪੀੜ੍ਹੀ ਸੰਦੂਕ ਦੀ ਮਹੱਤਤਾ ਤੋਂ ਜਾਣੂ ਨਹੀਂ ਹੈ। ਲੋੜ ਹੈ ਇਨ੍ਹਾਂ ਨੂੰ ਝਾੜ-ਪੂੰਝ ਕੇ ਇਨ੍ਹਾਂ ਦੀ ਸਿਰਜਣਾਤਮਕ ਅਤੇ ਕਲਾਤਮਕ ਦਿੱਖ ਦੇਖਣ ਦੀ। ਭਾਵੇਂ ਇਨ੍ਹਾਂ ਉੱਪਰ ਸਮੇਂ ਦੀ ਧੂੜ ਪੈ ਗਈ ਹੈ ਪਰ ਇਹ ਲੱਕੜੀ ਦੇ ਸੰਦੂਕ ਸਾਡੇ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਰਹੇ ਹਨ।

# ਫੈਡਰੇਸ਼ਨ ਨੇ ਢੀਂਡਸਿਆਂ ਦੀ ਹਮਾਇਤ ਵਿੱਚ ਕਿਹਾ ਚੌਥਾ ਸਿਆਸੀ ਫਰੰਟ ਸਮੇਂ ਦੀ ਮੁੱਖ ਲੋੜ

## ਪੰਥ ਤੇ ਪੰਜਾਬ ਬਾਦਲਾਂ ਤੋਂ 12 ਸਵਾਲਾਂ ਦੇ ਜਵਾਬ ਮੰਗਦਾ ਹੈ



ਸ ਕੁਲਦੀਪ ਸਿੰਘ ਮਜੀਠੀਆਂ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਢੀਡਸਿਆਂ ਦੀ ਪੁਰਜੋਰ ਹਮਾਇਤ ਕਰਦਿਆਂ ਕਿਹਾ ਕਾਂਗਰਸ , ਬੇਅਦਬੀ ਦਲ ਤੇ ਭਾਜਪਾ ਨੂੰ ਪੰਜਾਬ ਵਿਚੋਂ ਹਰਾਉਣ ਲਈ ਚੌਥਾ ਸਿਆਸੀ ਫਰੰਟ ਸਮੇਂ ਦੀ ਮੁੱਖ ਲੋੜ ਹੈ । ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ ਕੁਲਦੀਪ ਸਿੰਘ ਮਜੀਠੀਆਂ ਤੇ ਹਰਸਰਨ ਸਿੰਘ ਭਾਤਪੁਰ ਜਟਾਂ ਨੇ ਜਾਰੀ ਇੱਕ ਸਾਂਝੇ ਬਿਆਨ ਵਿੱਚ ਉਕਤ ਵੀਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਅਕਾਲੀ ਦਲ ਬਾਦਲ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਲਾਹਾ ਲੈਣ ਲਈ ਕੀਤੀ ਜਾ ਰਹੀ ਸੋੜੀ ਰਾਜਨੀਤੀ 'ਤੇ ਸੁਖਬੀਰ ਸਿੰਘ ਬਾਦਲ ਨੂੰ ਆੜੇ ਹੱਥ ਲੈਂਦਿਆਂ ਕਿਹਾ ਕਿ ਇੱਕ ਪਾਸੇ ਕਿਸਾਨ ਜਥੇਬੰਦੀਆਂ ਦਿੱਲੀ ਦੇ ਬਾਰਡਰਾਂ ਤੇ ਪੰਜਾਬ ਦੀ ਖੇਤੀ ਤੇ ਵਿਕਾਸ ਨੂੰ ਬਚਾਉਣ ਲਈ ਲੱਗੀਆਂ ਹੋਈਆਂ ਹਨ ਪਰ ਦੂਜੇ ਪਾਸੇ ਬੇਅਦਬੀ ਦਲ ਥਾਂ-ਥਾਂ ਰੈਲੀਆਂ ਕਰਕੇ ਆਪਣੇ ਉਮੀਦਵਾਰਾਂ ਦਾ ਐਲਾਨ ਕਰਕੇ ਕਿਸਾਨੀ ਸੰਘਰਸ ਦਾ ਮਜਾਕ ਉਡਾ ਰਿਹਾ ਹੈ । ਕਿਸਾਨੀ ਸੰਘਰਸ਼ ਵਿੱਚ ਸਾਥ ਦੇਣ ਦੀ ਬਜਾਏ ਪੰਜਾਬ ਦੀ ਲੋਕ-ਸ਼ਕਤੀ ਨੂੰ ਗਲਤ ਦਿਸ਼ਾ ਦੇ ਕੇ ਕਿਸਾਨੀ ਸੰਘਰਸ ਨੂੰ ਵੱਡੀ ਢਾਹ ਲਾ ਰਿਹਾ ਹੈ । ਹਰ ਰੋਜ ਔਸਤ ਦੋ ਕਿਸਾਨਾਂ ਦੀ ਮੌਤ ਹੋ ਰਹੀ ਹੈ । ਪਰ ਬੇਅਦਬੀ ਦਲ ਨੇ ਮੂੰਹ ਬੰਦ ਕੀਤਾ ਹੋਇਆ ਹੈ । ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਬਾਦਲ "ਪੰਜਾਬ ਮੰਗਦਾ ਜਵਾਬ" ਤਹਿਤ ਪੈਸੇ ਦੇ ਜੋਰ ਤੇ ਵੱਡੀਆਂ-ਵੱਡੀਆਂ ਰੈਲੀਆਂ ਕਰਕੇ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਕਰ ਰਿਹਾ ਹੈ ਜਦੋਂਕਿ ਕੋਰੋਨਾ ਆਪਣੀ ਚਰਮਸੀਮਾ ਤੇ ਪਹੁੰਚ ਰਿਹਾ ਹੈ। ਉਹਨਾਂ ਨੇ ਸਿੱਖ ਪੰਥ ਅਤੇ ਪੰਜਾਬ ਦਾ ਹਿਤੈਸੀ ਹੋਣ ਦਾ ਵਿਖਾਵਾ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਨੂੰ ਸੁਆਲਾਂ ਦੇ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਤੇ ਪੰਥਕ ਦਰਦੀ ਬਾਦਲਾਂ ਤੋਂ ਹੇਠ ਲਿਖੇ ਸੁਆਲਾਂ ਦੇ ਜਵਾਬ ਮੰਗਦੇ ਹਨ ਅਤੇ ਇਨ੍ਹਾਂ ਸਵਾਲਾਂ ਦੇ ਜਵਾਬ ਬਾਦਲਾਂ ਨੂੰ ਸਿੱਖ ਕੌਮ ਤੇ ਪੰਜਾਬੀਆਂ ਨੂੰ ਦੇਣੇ ਪੈਣਗੇ । ਜਿਵੇਂ ਕਿ 1978 ਵਿੱਚ ਸ ਪ੍ਰਕਾਸ ਸਿੰਘ ਬਾਦਲ ਨੇ ਮੁੱਖ ਮੰਤਰੀ ਹੁੰਦਿਆਂ ਨਿਰੰਕਾਰੀਆਂ ਨੂੰ ਅਮ੍ਰਿਤਸਰ ਵਿੱਚ ਸਮਾਗਮ ਕਰਨ ਦੀ ਆਗਿਆ ਕਿਉਂ ਦਿੱਤੀ ਗਈ ? ਫਿਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਕਰਨ ਵਾਲੇ ਤੇ 13ਸਿੰਘਾਂ ਦੇ ਕਾਤਲ ਗੁਰਬਚਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਸਰਕਾਰੀ ਕਾਰ ਵਿੱਚ ਪੰਜਾਬੋਂ ਬਾਹਰ ਕਿਉਂ ਕੱਢਿਆਂ ਗਿਆ ? ਉਨ੍ਹਾ ਪੁੱਛਿਆ ਕਿ ਮੁੱਖ ਮੰਤਰੀ ਹੁੰਦਿਆਂ ਬਾਦਲ ਨੇ 1978 ਕਾਂਡ ਦੇ ਮੁੱਖ ਦੋਸ਼ੀ ਨਿਰੰਕਾਰੀ ਗੁਰਬਚਨ ਸਿੰਘ ਤੇ ਉਹਨਾਂ ਦੇ ਸਾਥੀਆਂ ਜਿਹਨਾਂ ਨੂੰ ਕਰਨਾਲ ਸੈਸ਼ਨ ਕੋਰਟ ਨੇ ਬਰੀ ਕਰ ਦਿੱਤਾ ਸੀ , ਦੇ ਵਿਰੁੱਧ ਪੰਜਾਬ ਸਰਕਾਰ ਵਲੋਂ ਹਾਈ ਕੋਰਟ ਵਿੱਚ ਮਿੱਥੇ ਸਮੇਂ ਅਨੁਸਾਰ ਅਪੀਲ ਕਿਉਂ ਨਹੀ ਪਾਈ ਸੀ ? ਜਿਸ ਕਾਰਨ ਨਿਰੰਕਾਰੀਆਂ ਵਿਰੁੱਧ ਕੇਸ ਹਾਈਕੋਰਟ ਵਿੱਚ ਅੱਗੇ ਨਾ ਚੱਲ ਸਕਿਆਂ । ਉਨ੍ਹਾਂ ਕਿਹਾ ਕਿ ਕੀ ਬਾਦਲਾਂ ਨੇ ਓਪਰੇਸ਼ਨ ਬਲਿਊ ਸਟਾਰ ਵੇਲੇ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ , ਜੋਧਪੁਰੀਆਂ ਤੇ ਧਰਮੀ ਫੌਜੀਆਂ ਦੀ ਕਦੇ ਬਾਂਹ ਫੜੀ ? ਕੀ ਬਾਦਲਾਂ ਨੇ ਨਕੋਦਰ ਕਾਂਡ ਵਿਚ ਸ਼ਹੀਦ ਕੀਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਚਾਰ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ? ਕੀ ਬਾਦਲਾਂ ਨੇ ਸਿੰਘ ਸਹਿਬਾਨਾਂ ਨੂੰ ਮੁੱਖ ਮੰਤਰੀ ਨਿਵਾਸ ਤੇ ਸੱਦ ਕੇ ਦਬਾਅ ਪਾ ਕੇ ਸਿਰਸੇ ਵਾਲੇ ਸਾਧ ਨੂੰ ਮੁਆਫੀ ਨਹੀਂ ਦਿਵਾਈ ? ਕੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ ਫੰਡ ਵਿੱਚੋਂ 92 ਲੱਖ ਦੇ ਇਸ਼ਤਿਹਾਰ ਜਾਰੀ ਨਹੀਂ ਕੀਤੇ ਕਿ ਡੇਰਾ ਮੁਖੀ ਦੀ ਮੁਆਫੀ ਸਿੱਖਾਂ ਦੇ ਹੱਕ ਵਿੱਚ ਹੈ ? ਕੀ ਬਾਦਲਾਂ ਦੇ ਰਾਜ ਵਿੱਚ ਬਰਗਾੜੀ ਤੇ ਪੰਜਾਬ ਦੇ ਚੱਪੇ ਚੱਪੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਨਹੀਂ ਹੋਈ ? ਸਿੱਖ ਨੌਜਵਾਨਾਂ ਦੇ ਖੂਨ ਦੇ ਪਿਆਸੇ ਤੇ ਕਾਤਲ ਸੁਮੇਧ ਸੈਣੀ ਨੂੰ ਡੀ ਜੀ ਪੀ ਕਿਉਂ ਲਾਇਆਂ ਗਿਆਂ ? ਕੀ ਬਾਦਲਾਂ ਦੇ ਰਾਜ ਵਿੱਚ ਬਹਿਬਲ ਕਲਾਂ ਕਾਂਡ ਵਿੱਚ ਪੁਲੀਸ ਦੀ ਗੋਲੀ ਨਾਲ ਦੋ ਸਿੱਖ ਨੌਜਵਾਨ ਸ਼ਹੀਦ ਨਹੀਂ ਹੋਏ ? ਦੋਸੀਆਂ ਨੂੰ ਕੋਈ ਸਜਾ ਦਿੱਤੀ ਗਈ ? ਕੀ ਬਾਦਲਾਂ ਨੇ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੇ ਦੇ ਦੋਸ਼ੀਆਂ ਤੇ ਕੋਈ ਕਾਰਵਾਈ ਕੀਤੀ ? ਕੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ 328 ਸਰੂਪਾਂ ਦੇ ਮਾਮਲੇ ਵਿਚ ਸਿੱਖ ਸੰਗਤ ਨੂੰ ਇਨਸਾਫ਼ ਦਿੱਤਾ ? ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਬਾਦਲਾਂ ਕੋਲੋਂ ਵੀ ਜਵਾਬ ਮੰਗਦੇ ਹਨ । ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਆਓ ਆਪੋ ਆਪਣਾ ਬਣਦਾ ਯੋਗਦਾਨ ਪਾਈਏ ਤੇ ਪੰਜਾਬ ਵਿੱਚ ਚੌਥਾ ਸਿਆਸੀ ਮੁਹਾਜ ਉਸਾਰ ਕੇ ਕਾਂਗਰਸ , ਬੇਅਦਬੀ ਦਲ ਤੇ ਭਾਜਪਾ ਦਾ ਪੰਜਾਬ ਵਿਚੋਂ ਸਫਾਇਆ ਕਰਕੇ ਲੋਕਾਂ ਦੀਆਂ ਭਾਵਨਾਵਾਂ ਵਾਲੇ ਨਵੇਂ ਪੰਜਾਬ ਦੀ ਸਿਰਜਣਾ ਕਰੀਏ।

# ਗੁਰੂ ਗ੍ਰੰਥ ਸਾਹਿਬ ਬੇਅਦਬੀ ਦੇ ਇਨਸਾਫ ਦੀ ਕਿੱਥੋਂ ਆਸ ਰੱਖੀਏ

ਮੈਨੂੰ ਖੁਦ ਹੀ ਸਮਝ ਨਹੀਂ ਆ ਰਹੀ ਕਿ ਮੈਂ ਇਹ ਲੇਖ ਲਿਖਣ ਲਈ ਗੱਲ ਕਿੱਥੋਂ ਤੇ ਕਿਵੇਂ ਸ਼ੁਰੂ ਕਰਾਂ , ਕਿਉਂਕਿ ਬਹੁਤ ਵੱਡਾ ਪ੍ਰਮੁੱਖ ਧਾਰਮਿਕ ਮਸਲਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਹੈ। ਉਸ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ । ਜਿਸ ਨੂੰ ਸਾਡੇ ਗੁਰੂ ,ਸਾਡੇ ਲਈ, ਇਸ ਨੂੰ ਗੁਰੂ ਸਾਹਿਬ ਦਾ ਦਰਜਾ ਦੇ ਗਏ ਹਨ। ਇਕੱਲੀ ਸਿੱਖ ਕੌਮ ਹੀ ਨਹੀਂ ਹੋਰਾਂ ਧਰਮਾਂ ਦੇ ਲੋਕ ਜਿੱਥੇ ਵੀ ਵਸਦੇ ਹਨ ਜਾਂ ਜਿਨ੍ਹਾਂ ਨੂੰ ਸਹੀ ਤੌਰ ਉੱਤੇ ਸਾਰੇ ਧਰਮਾਂ ਦੀ ਸੂਝ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਜ਼ਰੂਰ ਹੁੰਦੇ ਹੀ ਹਨ।

ਪੰਜਾਬ ਵਸਦਾ ਗੁਰਾਂ ਦੇ ਨਾਂ ਹੇਠ, ਤਹਿਤ ਪੰਜਾਬ ਦੀ ਧਰਤੀ ਉੱਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸੋਚੀ ਸਮਝੀ ਸਾਜਸ਼ਿ ਅਧੀਨ ਹੋਵੇ ਤਾਂ ਮਸਲਾ ਗੁੰਝਲਦਾਰ ਹੀ ਨਹੀਂ ਵੱਡਾ ਫ਼ਿਕਰਮੰਦੀ ਵਾਲਾ ਵੀ ਬਣਦਾ ਹੈ। ਕਿਵੇਂ ਪਿੰਡ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਹੁੰਦਾ ਹੈ ਫਿਰ ਛੇ ਮਹੀਨੇ ਬਾਅਦ ਬਰਗਾੜੀ ਵਿਚ ਪੱਤਰੇ ਖਿੱਲਰਦੇ ਹਨ ।ਇਲਾਕੇ ਦੇ ਲੋਕ ਸ਼੍ਰੋਮਣੀ ਕਮੇਟੀ ਮੈਂਬਰਾਂ ਰਾਹੀਂ ਮੁੱਖ ਦਫਤਰ ਵਿੱਚ ਪਹੁੰਚ ਕਰਦੇ ਹਨ, ਉਸ ਵੇਲੇ ਦੀ ਸਰਕਾਰ ਜੋ ਆਪਣੇ ਆਪ ਨੂੰ ਅਖੌਤੀ ਪੰਥਕ ਕਹਾ ਰਹੀ ਸੀ, ਉਸ ਤੱਕ ਪਹੁੰਚਿਆ ਜਾਂਦਾ ਹੈ ਪਰ ਕਿਸੇ ਨੇ ਵੀ ਕੁਝ ਨਾ ਸੁਣਿਆ ਨਾ ਦੇਖਿਆ। ਜਦੋਂ ਲੋਕ ਅਸਲੀਅਤ ਜਾਣ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਸੱਚ ਸਾਹਮਣੇ ਲਿਆ ਕੇ ਇਨਸਾਫ ਮੰਗਣ ਲਈ ਇਕੱਠੇ ਹੋ ਕੇ ਧਰਨੇ ਮੁਜ਼ਾਹਰੇ ਕਰਦੇ ਹਨ ਤਾਂ ਸਰਕਾਰੀ ਹੁਕਮਾਂ ਉੱਤੇ ਸਰਕਾਰ ਦੇ ਲਾਡਲੇ ਜ਼ੁਲਮੀ ਪੁਲਸੀਏ ਕਿਵੇਂ ਇਕੱਤਰ ਹੋਏ ਲੋਕਾਂ ਉੱਤੇ ਡਾਂਗਾਂ ਗੰਦੇ ਪਾਣੀ ਦੀਆਂ ਬੁਛਾੜਾਂ ਤੋਂ ਲੈ ਕੇ ਗੋਲੀਆਂ ਤਕ ਚਲਾਈਆਂ ਜਾਂਦੀਆਂ ਹਨ ਤੇ ਦੋ ਨੌਜਵਾਨ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਦੇ ਰੋਸ ਵਿਚ ਲੱਗੇ ਧਰਨੇ ਦੌਰਾਨ ਗੋਲੀਆਂ ਨਾਲ ਆਪਣੀਆਂ ਜਾਨਾਂ ਤੋਂ ਵੀ ਹੱਥ ਧੋ ਬਹਿੰਦੇ ਹਨ। ਇਹ ਸੀ ਗੁਰੂ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਸੱਚ ਸਾਹਮਣੇ ਲਿਆਉਣ ਦਾ ਨਤੀਜਾ।

ਉਸ ਵੇਲੇ ਦੀ ਬਾਦਲ ਸਰਕਾਰ ਨੇ ਜੋ ਕੁਝ ਵੀ ਕੀਤਾ ਹੈ ਉਹ ਅਤਿ ਮਾੜਾ ਹੈ। ਇਹ ਤਾਂ ਸਭ ਕੁਝ ਸਾਹਮਣੇ ਆ ਗਿਆ ਕਿ ਕਿਵੇਂ ਸਿੱਖਾਂ ਤੇ ਦੁਸ਼ਮਣ ਸਿਰਸੇ ਵਾਲੇ ਪਾਖੰਡੀ ਸਾਧ ਨੂੰ ਸਿਰਫ਼ ਵੋਟਾਂ ਖ਼ਾਤਰ ਇਨ੍ਹਾਂ ਨੇ ਸ਼ਹਿ ਦਿੱਤੀ ।ਪਹਿਲਾਂ ਤਾਂ ਉਹ ਸਿੱਖ ਧਰਮ ਵਿਰੁੱਧ ਬੋਲਦਾ ਸੀ। ਫਿਰ ਰਾਜਨੀਤਕ ਸ਼ਹਿ ਉੱਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਕਾਰਿਆਂ ਤੱਕ ਉਤਰ ਗਿਆ ।ਇਹੋ ਜਿਹੇ ਨਿਕੰਮੇ ਤੇ ਸਿਆਸੀ ਕੁਰਸੀ ਉੱਤੇ ਬੈਠੇ ਉਸ ਦੇ ਸਿਆਸੀ ਯਾਰਾਂ ਨੇ ਉਸ ਦੀ ਹਰ ਪਾਸਿਓਂ ਮੱਦਦ ਕੀਤੀ ।ਇਹ ਸਭ ਕੁਝ ਹੋਣ ਲੁਕਿਆ ਨਹੀਂ ਜੱਗ ਜ਼ਾਹਰ ਹੋ ਚੁੱਕਾ ਹੈ। ਹੋਰ ਤਾਂ ਹੋਰ ਉਸ ਵੇਲੇ ਸਿੱਖਾਂ ਦੀ ਸਿਰਮੌਰ ਕਹਾ ਰਹੀ ਸ਼੍ਰੋਮਣੀ ਕਮੇਟੀ ਵੀ ਆਪਣੇ ਆਕਾਵਾਂ ਦੇ ਇਸ਼ਾਰਿਆਂ ਉੱਤੇ ਪਤਾ ਨ੍ਹੀਂ ਕਿਹੜੇ ਘੁਰਨੇ ਵਿੱਚ ਵੜ ਗਈ ਸੀ ਹਾਲਾਂਕਿ ਇਸ ਕੇਸ ਨੂੰ ਸਾਂਭਣਾ ਸ਼੍ਰੋਮਣੀ ਕਮੇਟੀ ਦਾ ਮੁੱਖ ਕੰਮ ਸੀ ਪਰ....।

ਧਾਰਮਿਕ ਪੱਖੋਂ ਦੁਖੀ ਹੋਏ ਤੇ ਹੋਰ ਗੱਲਾਂ ਤੋਂ ਅੱਕੇ ਹੋਏ ਪੰਜਾਬ ਦੇ ਲੋਕਾਂ ਨੇ ਕੁਰਸੀ ਦੇ ਭੁੱਖੇ ਉਨ੍ਹਾਂ ਆਗੂਆਂ ਨੂੰ ਸਿਆਸੀ ਮੈਦਾਨ ਵਿੱਚੋਂ ਬਾਹਰ ਕਰਨ ਦਾ ਮਨ ਬਣਾ ਲਿਆ ਤੇ ਮੌਜੂਦਾ ਸਮੇਂ ਪੰਜਾਬ ਵਿੱਚ ਰਾਜ ਕਰ ਰਹੀ ਕਾਂਗਰਸ ਪਾਰਟੀ ਦੇ ਝੂਠੇ ਵਾਅਦਿਆਂ ਦਾਅਵਿਆਂ ਵਿੱਚ ਆ ਕੇ ਪੰਜਾਬ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਦੇ ਦਿੱਤੀ । ਲੋਕਾਂ ਨੇ ਕੈਪਟਨ ਦੀਆਂ ਉਨ੍ਹਾਂ ਗੱਲਾਂ ਉੱਤੇ ਯਕੀਨ ਕਰ ਲਿਆ , ਜੋ ਕਹਿੰਦਾ ਸੀ ਕਿ ਮੈਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਵਾਂਗਾ ।ਕਾਂਗਰਸ ਦੇ ਚਾਰ ਸਾਲ ਦੇ ਕਾਰਜ ਕਾਲ ਦੌਰਾਨ ਬੇਅਦਬੀ ਦੇ ਸੰਬੰਧੀ ਸਪੈਸ਼ਲ ਕਮੇਟੀਆਂ ਸਿਟਾਂ ਆਦਿ ਬਣੀਆਂ ਤੇ ਕੇਸ ਵਧੀਆ ਤਰੀਕੇ ਨਾਲ ਵਧੀਆ ਪੁਲੀਸ ਅਫਸਰਾਂ ਦੇ ਕੋਲ ਗਿਆ ਜੋ ਕੁਝ ਹੋਇਆ ਉਹ ਸਭ ਨੂੰ ਪਤਾ ਸੀ।

ਪਰ ਬੀਤੇ ਦਿਨੀਂ ਜਦੋਂ ਇਸ ਕੇਸ ਵਿੱਚ ਨਾਮਜਦ ਪੁਲੀਸ ਮੁਲਾਜਮਾਂ ਨੇ ਹਾਈ ਕੋਰਟ ਜਾ ਕੇ ਪਟੀਸ਼ਨ ਦਾਇਰ ਕੀਤੀ ਤੇ ਉਸ ਦਾ ਜੋ ਨਤੀਜਾ ਸਾਹਮਣੇ ਆਇਆ ਸਭ ਹੱਕੇ ਬੱਕੇ ਰਹਿ ਗਏ ਕਿ ਇਹ ਕੀ ਹੋਇਆ ?ਕਿਉਂਕਿ ਸਾਰੇ ਪੰਜਾਬ ਤੋਂ ਇਲਾਵਾ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਸਿੱਖਾਂ ਦੀਆਂ ਨਜ਼ਰਾਂ ਇਸ ਕੇਸ ਵਲ ਸਨ । ਜਦੋਂ ਇਸ ਕੇਸ ਦਾ ਨਤੀਜਾ ਬਿਲਕੁਲ ਹੀ ਉਲਟ ਆ ਗਿਆ ਤਾਂ ਸਭ ਸੋਚੀਂ ਪੈ ਗਏ ਕਿ ਕੱਲੀ ਪਟੀਸ਼ਨ ਹੀ ਰੱਦ ਨਹੀਂ ਕੀਤੀ ਸਹੀ ਤਰੀਕੇ ਨਾਲ ਕੰਮ ਕਰਨ ਵਾਲੇ ਪੁਲਸ ਅਫਸਰ ਕੁੰਵਰ ਵਿਜੇ ਪ੍ਰਤਾਪ ਤੇ ਵੀ ਪਾਬੰਦੀ ਲਾ ਦਿੱਤੀ ਇਸ ਮਸਲੇ ਉੱਤੇ ਉਨ੍ਹਾਂ ਕਈ ਲੋਕਾਂ ਨਾਲ ਗੱਲ ਕੀਤੀ ਜੋ ਇਸ ਕੇਸ ਨੂੰ ਨਿੱਜੀ ਤੌਰ ਉਤੇ ਨੇੜਿਓਂ ਦੇਖ ਰਹੇ ਸਨ ।ਸਭ ਹੈਰਾਨ ਹਨ ਸਿਆਸੀ ਲੋਕ ਇਸ ਨੂੰ ਸਿਆਸੀ ਪਾਰਟੀਆਂ ਦੀ ਮਿਲੀ ਭੁਗਤ ਆਖ ਰਹੇ ਹਨ ਕੋਈ ਅਕਾਲੀ ਦਲ ਨੂੰ ਕਾਂਗਰਸ ਨਾਲ ਜੋੜ ਰਿਹਾ ਹੈ ਕੋਈ ਆਮ ਆਦਮੀ ਪਾਰਟੀ ਨੂੰ ਕਿਸੇ ਪਾਸੇ ਜੋੜ ਰਿਹਾ ਹੈ । ਦੁਬਾਰਾ ਫਿਰ ਸਿਆਸੀ ਘਮਸਾਣ ਸ਼ੁਰੂ ਹੋ ਗਿਆ ਹੈ ਸ਼ਾਇਦ ਇਸ ਕੇਸ ਨੂੰ ਸਿਆਸੀ ਚੋਣ ਮੁੱਦਾ ਦੁਬਾਰਾ ਫਿਰ ਬਣਾਇਆ ਜਾਵੇ ਤੇ ਇਸ ਉੱਤੇ ਸਿਆਸੀ ਰੋਟੀਆਂ ਸੇਕ ਕੇ ਪੰਜਾਬ ਵਾਸੀਆਂ ਨੂੰ ਫਿਰ ਮੂਰਖ ਬਣਾਇਆ ਜਾਵੇ । ਇਹ ਵੀ ਸਮਝ ਤੋਂ ਬਾਹਰ ਹੈ ਕਿ ਸੁਖਬੀਰ ਬਾਦਲ ਠੋਕ ਵਜਾ ਕੇ ਬਿਆਨ ਦੇ ਰਹੇ ਹਨ ਕਿ ਕਾਂਗਰਸ ਨੇ ਸਾਡੇ ਵਿਰੁੱਧ ਬੇਅਦਬੀ ਦਾ ਗਲਤ ਕੇਸ ਪੇਸ਼ ਕੀਤਾ ਪਰ ਅਸੀਂ ਸੱਚੇ ਸਾਂ। ਇਨ੍ਹਾਂ ਦੀਆਂ ਗੱਲਾਂ ਤਾਂ ਅੱਜਕੱਲ੍ਹ ਬਿਲਕੁਲ ਵੀ ਹਜ਼ਮ ਹੋਣ ਵਾਲੀਆਂ ਨਹੀਂ ਹਨ। ਜਿਹੜੇ ਸਿੱਧੇ ਤੌਰ ਤੇ ਇਸ ਕੇਸ ਨਾਲ ਉਸ ਸਮੇਂ ਸਰਕਾਰ ਹੋਣ ਕਾਰਨ ਜੁੜਦੇ ਸਨ ਉਹ ਆਪਣੇ ਆਪ ਨੂੰ ਕਿਵੇਂ ਸੁਰਖਰੂ ਕਰ ਰਹੇ ਹਨ ਇਹ ਵੀ ਸਵਾਲ ਉੱਠਦਾ ਹੈ ਹੁਣ ਅੱਗੇ ਦੇਖਦੇ ਹਾਂ ਕਿ ਕੀ ਕੁਝ ਨਵਾਂ ਹੁੰਦਾ ਹੈ ਪਰ ਮਨ ਬੜਾ ਦੁਖੀ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਜਿਹੇ ਸੰਵੇਦਨਸ਼ੀਲ ਮੁੱਦੇ ਉੱਤੇ ਕੀ ਇਨਸਾਫ ਨਹੀਂ ਮਿਲ ਰਿਹਾ ? ਹੋਰ ਕਿੱਥੋਂ ਇਨਸਾਫ਼ ਦੀ ਆਸ ਰੱਖੀਏ । ਬਸ ਦੁਖੀ ਤੇ ਭਰੇ ਮਨ ਨਾਲ ਕਹਿਣਾ ਪੈ ਰਿਹਾ ਕੋਈ ਦਰਦੀ ਦਿਸਦਾ ਨਾ ਕੀਹਨੂੰ ਦਿਲ ਦਾ ਦੁੱਖ ਸੁਣਾਈਏ !



ਬਲਬੀਰ ਸਿੰਘ ਬੱਬੀ
7009107300

# ਵੇਲਾ ਸਵੇਰ ਦਾ

ਮਹਿੰਦਰ ਸਿੰਘ

ਧੰਨਾ : ਰਿਸ਼ਤੇ ਧਰਮ ਦੇ ਹੁੰਦੇ ਨੇ ਦੀਨਿਆ। ਬਚਨੀ ਸੱਚ ਆਖਦੀ ਏ। ਨਿਭਾਉਣੇ ਔਖੇ ਹੁੰਦੇ ਨੇ

ਦੀਨਾ : ਜੇ ਆਖਿਆ ਏ ਤਾਂ ਫਿਰ ਅੱਲ੍ਹਾ ਗਵਾਹ ਹੈ॥ ਅੱਜ ਤੋਂ ਭੈਣ ਹੀ ਹੋਈ। ਪੂਰੀ ਤਰ੍ਹਾਂ ਨਿਭਾਵਾਂਗਾ। ਕਿਤੇ ਤੁਸੀਂ ਨਾ ਮੂੰਹ ਮੋੜ ਜਾਇਓ।

ਬਚਨੀ : ਅੱਲ੍ਹਾ ਦਾ ਵਾਸਤਾ ਦਿੱਤਾ ਈ ਵੀਰ। ਸਾਡੇ ਗੁਰਾਂ ਦਾ ਫੁਰਮਾਨ ਏ ਸਿਰ ਦੀਜੈ ਬਾਹਿ ਨਾ ਛੋੜੀਐ। ਲੈ ਅੱਜ ਤੋਂ ਮੇਰਾ ਭਰਾ ਏ ਤੂੰ

ਧੰਨਾ : ਲੈ ਬਈ ਦੀਨਿਆ ਪੈ ਗਈ ਓ ਰਿਸ਼ਤੇਦਾਰੀ।

ਬਚਨੀ : ਚਲੋ ਬੰਦ ਕਰੋ ਗਲਾਂ। ਰੋਟੀ ਉਡੀਕਦੀ ਪਈ ਏ। ਛਕੋ ਫਿਰ ਗਲਾਂ ਕਰਾਂਗੇ ਵਿਹਲੇ ਹੋਕੇ।

ਧੰਨਾ ਸਿੰਘ : ਹੱਥ ਧੋ ਲੈ ਦੀਨਿਆ। ਤੂੰ ਵੀ ਬਿਸਮਿਲਾ ਕਰ ਲੈ। ਭੁੱਖ ਲਗੀ ਹੋਣੀ ਓ

ਦੀਨਾ : ਤੁਹਾਨੂੰ ਥੋੜੀ ਹੋਊ। ਅਸੀਂ ਤਾਂ ਸਵੇਰੇ ਰੱਜ ਕੇ ਖਾ ਲੈਂਦੇ ਆਂ, ਫਿਰ ਸ਼ਾਮਾ ਨੂੰ ਖਾ ਲਈਦੀਏ

ਧੰਨਾ : ਓ ਛੱਡ ਬਹਾਨੇ। ਆਕੇ ਰਲ ਕੇ ਖਾ ਲੈਂਦੇ ਹਾਂ। ਬਾਲੜੀ ਨੂੰ ਭੁੱਖ ਲੱਗੀ ਹੋਊ। ਇਸਨੂੰ ਵੀ ਖੁਆ ਆਪ ਵੀ ਖਾ ਲੈਬਚਨੀ ਨੇ ਜ਼ੋਰ ਪਾਉਂਦ ਤੇ ਦੀਨੇ ਦੋ ਰੋਟੀਆਂ ਲੈ ਲਈਆਂ। ਇੱਕ ਆਪ ਤੇ ਇੱਕ ਕੁੜੀ ਨੂੰ ਦੇ ਦਿੱਤੀ।

ਬਚਨੀ : ਤੂੰ ਭਰਾ ਏ ਮੇਰਾ ਹੁਣ ਸ਼ਰਮ ਨਾ ਕਰਿਆ ਕਰ। ਕੀ ਨਾਂ ਈ ਬਾਲੜੀ ਦਾ। ਇਹਨੂੰ ਉਥੇ ਹੀ ਛੱਡ ਆਇਆ ਕਰ ਖੇਡਣ ਨੂੰ ਬਾਲਾਂ ਨਾਲ। ਕਿਸੇ ਨਾਲ ਲਈ ਫਿਰਦਾ ਏ।

ਦੀਨਾ : ਮੈਂ ਤਾਂ ਪਾਲਣੀ ਹੀ ਭੈਣੇ। ਤੁਹਾਨੂੰ ਤਕਲੀਫ ਹੋਊ ਜੇ ਮੈਂ ਘਰ ਛੱਡ ਆਇਆ। ਅਸੀਂ ਇਸਨੂੰ ਸ਼ਬਨੋ ਸਦਦੇ ਹਾਂ।

ਬਚਨੀ : ਫਿਕਰ ਨਾ ਕਰ। ਛੱਡ ਆਇਆ ਕਰ , ਗੁਰੂ ਨਾਨਕ ਮਿਹਰ ਏ। ਪਲ ਵੀ ਜਾਊ, ਨਾਲੇ ਗੁਰਦੁਆਰੇ 'ਚ ਬਾਬਾ ਜੀ ਪੜ੍ਹਾਉਂਦੇ ਨੇ, ਪੜਨ ਚਲੀ ਜਾਵੇਗੀ ਸਾਡੀ ਬੀਰੀ ਨਾਲ ਹੀ।

ਦੀਨਾ: ਕੀ ਪਤਾ ਬਾਬਾ ਬਣਾਉਣ ਜਾਂ ਨਾਂਹ, ਅਸੀਂ ਮੁਸਲਮਾਨ ਜੂ ਹੋਏ

ਧੰਨਾ ਸਿੰਘ : ਗੁਰੂ ਨਾਨਕ ਘਰ ਕੋਈ ਭੇਦ ਭਾਵ ਨਹੀਂ ਜਾਤ ਪਾਤ ਨਹੀਂ। ਨਾਲੇ ਇੱਕ ਜ਼ੁਬਾਨ ਪੜ੍ਹਿਆਂ ਕਈ ਜ਼ੁਬਾਨਾ ਦਾ ਗਿਆਨ ਪ੍ਰਾਪਤ ਹੋ ਜਾਂਦਾ ਏ

ਦੀਨਾ : ਉਹ ਤਾਂ ਠੀਕ ਹੈ। ਤੁਹਾਨੂੰ ਬਹੁਤ ਖੇਚਲ ਹੋਵੇਗੀ।

ਧੰਨਾ : ਓ ਕਮਲਿਆ ਖੇਚਲ ਕਾਹਦੀ। ਜੇ ਤੂੰ ਰਿਸ਼ਤੇਦਾਰ ਈ ਬਣ ਗਿਆ ਏ। ਫਿਰ ਓਪਰਲੀਆ ਗੱਲਾਂ ਕਰੀ ਜਾਂਦਾ ਏ

ਬਚਨੀ : ਆਪਣੀ ਕਿਸਮਤ ਲਊ। ਸਾਡਾ ਕੀ ਲੈਣਾ ਸੂ।

ਦੀਨਾ : ਚੰਗਾ ਭੈਣੇ ਤੁਸੀਂ ਸਹਾਰਾ ਦੇ ਰਹੇਹੋ। ਸ਼ਰੀਕ ਤਾਂ ਕੋਈ ਨੇੜੇ ਨਹੀਂ ਢੁੱਕਦਾ। ਮਜ਼ਾਕਾਂ ਕਰਦੇ ਨੇ। ਮਿਹਰਬਾਨੀ ਅਲਾਹ ਸਲਾਮਤ ਰੱਖੇ ਜੋ ਮੇਰਾ ਭਾਰ ਆਪਣੇ ਮੋਢਿਆਂ ਤੇ ਰੱਖ ਲਿਆ ਜੇ। ਦਿਨ ਢਲ ਗਿਆ ਏ ਮੈਂ ਵੀ ਖੇਤਾਂ ਨੂੰ ਪਾਣੀ ਲਾ ਲਵਾਂ। ਇਹ ਵੀ ਤੁਹਾਡਾ ਸਹਾਰਾ ਏ।

*******

ਇੱਕ ਛੋਟਾ ਜਿਹਾ ਕਮਰਾ ਕੰਧਾ ਧੂੰਏਂ ਨਾਲ ਕਾਲੀਆਂ ਹਨ। ਪਰ ਕੰਧ ਤੇ ਤਸਵੀਰਾਂ ਫਿਲਮੀ ਅਦਾਕਾਰਾਂ ਦੀਆਂ ਚਮਕਦੀਆਂ ਨੇ ਸਾਫ। ਇਸ ਕਮਰੇ ਵਿਚ ਇੱਕ ਵਿਅਕਤੀ ਰਹਿੰਦਾ ਏ। ਨਾਮ ਏ ਮੰਗਤ ਰਾਮ। ਹੋਰ ਕੰਮ ਭਾਵੇਂ ਭੁੱਲ ਜਾਵੇ ਤਸਵੀਰਾਂ ਸਾਫ ਕਰਨਾ ਨਹੀਂ ਭੁਲਦਾ। ਤਸਵੀਰਾ ਨਾਲ ਗੱਲਾਂ ਵੀ ਰੋਜ਼ ਕਰਦਾ ਏ। ਉਸਦਾ ਵਿਸ਼ਵਾਸ ਇਨ੍ਹਾਂ ਵਿਚੋਂ ਕੋਈ ਉਸ ਨਾਲ ਵਿਾਹ ਵੀ ਕਰ ਸਕਦੀ ਏ।

ਮੰਗਤ ਰਾਮ ਪੋਠੋਹਾਰ ਦੇ ਇਲਾਕੇ ਦਾ ਵਸਨੀਕ ਏ। ਉਹ ਪੋਠੋਹਾਰੀ ਜ਼ੁਬਾਨ ਬੋਲਦੇ ਏ। ਕੱਦ ਦਰਮਿਆਲਾ ਕੁਰੜਤਾ ਤੇ ਸਲਵਾਰ ਪਹਿਨਦਾ ਏ। ਸਿਰ 'ਤੇ ਪਗੜੀ ਦੋ ਫੁੱਟ ਦਾ ਤੁਰਲਾ। ਇਹ ਪਹਿਚਾਣ ਹੈ ਉਸਦੀ। ਟੋਕਰੀ ਵਿਚ ਵੰਗਾਂ ਤੇ ਹੋਰ ਨਿਕਸੁਕ ਪਾ ਕੇ ਪਿੰਡ ਵਿਚ ਵੇਚਣ ਦਾ ਕੰਮ ਕਰਦਾ ਏ। ਮੰਗ ਆਚਰਣ ਦਾ ਸੱਚਾ ਸੁੱਚਾ ਹਰ ਸੁਆਣੀ ਨੂੰ ਭੈਣ ਕਹਿ ਕੇ ਬੁਲਾਂਦੇ ਏ। ਸਾਰਾ ਪਿੰਡ ਕੀ ਵੱਡਾ ਕੀ ਛੋਟਾ। ਉਸਨੂੰ ਮਾਮਾ ਮੰਗਾ ਕਹਿ ਕੇ ਬੁਲਾਂਦੇ ਹਨ। ਜਦੋਂ ਉਹ ਘਰ ਹੋਵੇ ਤਾਂ ਇੱਕ ਦੋ ਪਿੰਡ ਦੇ ਮੁੰਡੇ ਉਸ ਕੋਲ ਬੈਠੇ ਹੀ ਰਹਿੰਦ ਹਨ। ਉਹ ਵੀ ਮੁੰਡਿਆਂ ਦੀਆਂ ਗਲਾਂ ਦਾ ਗੁਸਾਂ ਨਹੀਂ ਕਰਦਾ। ਮੰਗੇ ਮਾਮਤੂੰ ਇਨੀਆਂ ਤਸਵੀਰਾਂ ਲਾਈਆਂ ਨੇ ਵਿਆਹ ਤਾਂ ਇੱਕ ਨਾਲ ਹੀ ਕਰੇਂਗਾ ਬਾਕੀਆਂ ਨੂੰ ਕਿਉਂ ਫਾਹੇ ਲਾਇਆ ਈ ਮੁੰਡੇ ਛੇੜਦੇ।

ਮੰਗਾ : ਹਿਤਨੀਆਂ ਹੋਈਆਂ ਤਾਂ ਕੀ ਹੋਇਆ ਜਿਹੜੀ ਮੰਨਸੀ ਉਸੇ ਨਾਲ ਵਿਜਹਾ ਕਰ ਲੈਸਾਂ ਉਹ ਪੋਠੋਹਾਰੀ ਜ਼ੁਬਾਨ ਵਿਚ ਜੁਆਬ ਦਿੰਦਾ।

ਮੁੰਡੇ : ਤੂੰ ਕਿਸੇ ਨੂੰ ਕਿਹਾ ਏ ਜੁ ਉਨ੍ਹਾਂ ਵਿਚੋਂ ਕੋਈ ਮੰਨੇਗੀ।

ਮੰਗਾ : ਰੋਜ਼ ਮਿੰਨਤਾ ਤਾਂ ਕਰੇਨਾ ਜੇ ਰਹਿਮ ਆ ਵੰਞੇ ਕਿਸੇ ਨੇ ਦਿਲ ਵਿਚ

ਮੁੰਡੇ : ਮਾਮਾ ਕੋਈ ਸੋਹਣੀ ਜਹੀ ਲਿਆਂਵੀ ਸਾਡੀ ਮਾਮੀ

ਮੰਗਾ : ਹੇ ਸਾਰੀਆਂ ਦੀ ਫੋਟੋ ਲਗੀ ਏ ਤੁਸੀਂ ਪਸੰਦ ਕਰੋ ਚਾ

ਮੁੰਡੇ : ਮਾਮਾ ਤੇਰੇ ਨਾਲ ਗੱਲਾਂ ਕਰਦੀਆ ਨੇ ਸਾਡੇ ਨਾਲ ਤਾਂ ਕੋਈ ਬੋਲਦੀ ਈ ਨਹੀਂ

ਮੰਗਾ : ਵੰਞੋ ਵੰਞੋ ਤੁਸੀਂ ਤਾਂ ਵਿਚਲੇ ਹੋ। ਮੇਰੇ ਕੰਮ ਦਾ ਵੇਲੇ ਹੋ ਗਿਆ

ਮੁੰਡੇ : ਮਾਮਾ ਸਾਨੂੰ ਭੇਜ ਕੇ ਪੁਛੇਗਾ। ਸਾਨੂੰ ਵੀ ਦਸੀਂ ਜੇ ਕੋ ਰਾਜ਼ੀ ਹੋ ਗਈ ਤੇ

ਮੁੰਡੇ ਉਸਦੀ ਪੱਕੀ ਰੋਟੀ ਵੀ ਖਾ ਜਾਂਦੇ ਉਹ ਕੁਝ ਨਾ ਕਹਿੰਦਾ। ਹੱਸ ਕੇ ਟਾਲ ਛਡਦਾ ਕੋਈ ਨਾ ਜਾਤਕ ਨੇ ਮੰਗੇ ਨੂੰ ਗਾਣੇ ਗਾਉਣ ਦੀ ਲਲਕੀ ਸੀ। ਉਹ ਘਰ ਵੀ ਕੁਝ ਨਾ ਕੁਝ ਗਾਉਂਦੇ ਰਹਿੰਦਾ ਆਪਣੀ ਜ਼ੁਬਾਨ ਵਿਚ। ਸਾਰਾ ਪਿੰਡ ਉਸ ਨਾਲ ਮਜ਼ਾਕ ਵੀ ਕਰਦਾ ਤੇ ਪਿਆਰ ਵੀ। ਸਿਰ ਤੇ ਟੋਕਰੀ ਚੁੱਕ ਕੇ ਜਦੋਂ ਆਪਣੇ ਕਮਰੇ ਵਿਚੋਂ ਨਿਕਲਦਾ ਤਾਂ ਉਚੀ ਤੇ ਲੰਬੀ ਅਵਾਜ਼ ਲਗਾਉਂਦਾ। ਚੂੜੀਆਂ..... ਚੜਾ.... ਲਓ... ਚੂੜੀਆਂ ਆਂਂਂਂਂਂ। ਅਵਾਜ਼ ਸੁਣਦਿਆਂ ਈ ਪਿੰਡ ਦੇ ਛੋਟ ਵੱਡੇ ਗਲੀ ਦੇ ਮੋੜ 'ਤੇ ਇਕੱਠੇ ਹੋ ਜਾਂਦੇ।

## राजनीतिक कारणों से पीछे हटी सरकार

# बचत योजनाओं में ब्याज कटौती मध्यम वर्ग पर वज्रपात

**कंतु यहाँ यह प्रश्न महत्वपूर्ण नहीं है कि इस फैसले को वापस क्यों लिया गया अपितु यह प्रश्न महत्वपूर्ण है कि इस फैसले को लाने का औचित्य क्या था। वर्तमान परिस्थितियों में भले ही कोविड काल से उपजी स्थिति को इस प्रश्न के उत्तर स्वरूप प्रस्तुत करने के प्रयास किए जाए लेकिन फिर भी इस घटना ने भारतीय कर प्रणाली पर एक नए विमर्श की आवश्यकता को जरूर महसूस करा दिया है। इस विमर्श में जाने से पूर्व कर संबंधी कुछ बुनियादी तथ्यों पर विचार करना आवश्यक हैं। दरअसल कर अथवा टैक्स सरकार द्वारा देश के नागरिकों से ली जाने वाली एक निर्धारित रकम होती है जिसका उपयोग देश और देशवासियों की तरक्की उनके कल्याण एवं सुविधाओं के लिए किया जाता है। एक न्यायपूर्ण कर व्यवस्था देश को आर्थिक उन्नति और उसके नागरिकों को खुशहाली के मार्ग पर ले जाती है।भारत में अगर कर प्रणाली की बात करें तो मनुस्मृति और वेदों से लेकर कौटिल्य के अर्थशास्त्र में इसका स्पष्ट एवं सुव्यवस्थित उल्लेख मिलता है। भारत के प्राचीन ग्रंथों में राजा के द्वारा लिए गए कर एवं राजस्व पद्धति की व्याख्या राजा के शासन संबंधी सेवाओं के वेतन के रूप में किया गया था।वैदिक काल में भी ग्राम वासियों द्वारा कृषि एवं पशु संपति पर एक निर्धारित राशि बलि के रूप में चुकाई जाती थी।**

**.डॉ नीलम महेंद्र**

अभी कुछ दिन पहले सरकार ने बचत योजनाओं पर ब्याज दर कम करने का एक ऐसा फैसला लिया था जिसे चौबीस घंटों से भी कम समय में ही वापस लेने की घोषणा वित्तमंत्री को करनी पड़ी। कहा जा सकता है कि यह देश की अर्थव्यवस्था से जुड़ा ऐसा फैसला था जो कि शायद राजनैतिक कारणों से वापस ले लिया गया।

किंतु यहाँ यह प्रश्न महत्वपूर्ण नहीं है कि इस फैसले को वापस क्यों लिया गया अपितु यह प्रश्न महत्वपूर्ण है कि इस फैसले को लाने का औचित्य क्या था। वर्तमान परिस्थितियों में भले ही कोविड काल से उपजी स्थिति को इस प्रश्न के उत्तर स्वरूप प्रस्तुत करने के प्रयास किए जाए लेकिन फिर भी इस घटना ने भारतीय कर प्रणाली पर एक नए विमर्श की आवश्यकता को जरूर महसूस करा दिया है। इस विमर्श में जाने से पूर्व कर संबंधी कुछ बुनियादी तथ्यों पर विचार करना आवश्यक हैं। दरअसल कर अथवा टैक्स सरकार द्वारा देश के नागरिकों से ली जाने वाली एक निर्धारित रकम होती है जिसका उपयोग देश और देशवासियों की तरक्की उनके कल्याण एवं सुविधाओं के लिए किया जाता है। एक न्यायपूर्ण कर व्यवस्था देश को आर्थिक उन्नति और उसके नागरिकों को खुशहाली के मार्ग पर ले जाती है।भारत में अगर कर प्रणाली की बात करें तो मनुस्मृति और वेदों से लेकर कौटिल्य के अर्थशास्त्र में इसका स्पष्ट एवं सुव्यवस्थित उल्लेख मिलता है। भारत के प्राचीन ग्रंथों में राजा के द्वारा लिए गए कर एवं राजस्व पद्धति की व्याख्या राजा के शासन संबंधी सेवाओं के वेतन के रूप में किया गया था।वैदिक काल में भी ग्राम वासियों द्वारा कृषि एवं पशु संपति पर एक निर्धारित राशि बलि के रूप में चुकाई जाती थी। कृषकों से प्राप्त राशि को बलि तथा विक्रय वस्तु से प्राप्त राशि को शुल्क कहा जाता था जो सामान्यत: उसके मूल्य का छटवां अथवा आठवां हिस्सा होता था। वहीं कौटिल्य के अर्थशास्त्र में भी विस्तारपूर्वक राजकीय आय के स्रोतों का वर्णन किया गया है। मौर्यकाल में भू राजस्व समेत अनेक शुल्क नगरवासियों पर लगाए जाते थे जैसे

सेना भक्तरू युद्धकाल में राज्यादेश से प्रजा जनों द्वारा प्राप्त खाद्य पदार्थ

3. बलि करों के अतिरिक्त अन्य उपहार के रूप में प्राप्त धन

4. कर: अधीनस्त राजाओं से मिलने वाला कर

5. उत्संग: उत्सव आदि अवसरों पर भेंट स्वरूप प्राप्त वस्तुएं

6.पाश्व नियत कर से अधिक की वसूली

7. पारीहीणक: पशुओं द्वारा खेत आदि की हुई हानि के कारण पशु स्वामी को दिए गए अर्थ दंड से उपलब्ध धन

8. औपयानिकरू राजा को उपहार में प्राप्त धन

9. कौष्टेयकरू खुदाई से सहसा प्राप्त धन।

करों की इतनी वृहद व्याख्या करने के साथ साथ कौटिल्य ने राजा और प्रजा दोनों के लिए यह भी स्पष्ट किया है कि राज्य कर आदि का अधिकारी है तो प्रजा के प्रति उसके कर्तव्य भी हैं। और प्रजा कर देने के लिए कर्तव्यबद्ध है तो उसके अधिकार भी हैं अगर राजा कर लेने के बाद भी अपने कर्तव्यों का ठीक से निर्वहन नहीं करता तो प्रजा उसके प्रति अपनी निष्ठा छोड़ सकती है। मध्यकालीन भारत में विभिन्न रियासतों का वर्चस्व था जो अपने अपने हिसाब से प्रजा से कर लेती थीं। सल्तनत काल से लेकर मुग़ल काल मैं यह कर छठवें हिस्से से बढ़कर आय के आधे हिस्से तक पहुंच गया था। आधुनिक भारत में आयकर प्रणाली 1857 के विद्रोह के बाद ब्रिटिश सरकार पर आए वित्तीय संकट के कारण 1860 में अंग्रेजों द्वारा लाई गई थी। मजेदार बात यह है कि भारत के तत्कालीन ब्रिटिश वित्तमंत्री जेम्स विल्सन ने भी आयकर की शुरूआत करते हुए मनु को उद्दृत किया था। 1886 में भारत में इनकम टैक्स एक्ट पास हुआ था तब से उसमें कई बार बदलाव किए गए। प्रथम विश्व युद्ध के पश्चात 1918 में फिर 1922 में नया एक्ट लाया गया। स्वतंत्र भारत में वर्तमान में जो आयकर कानून चल रहा है वो 1 अप्रैल 1962 को लागू किया गया था। भारत में दो प्रकार के कर लिए जाते हैं प्रत्यक्ष और अप्रत्यक्ष कर। 2017 में जीएसटी लागू कर के अप्रत्यक्ष करों में क्रांतिकारी बदलाव लाकर कर सुधारों की तरफएक महत्वपूर्ण कदम उठाया गया था। प्रत्यक्ष करों में भी सरकार हर बजट में कुछ बदलाव करती रहती है लेकिन इसके बावजूद जब विश्व के देशों की टैक्स कंपेटेटिव इंडेक्स 2020 की रिपोर्ट आती है तो 36 देशों की इस सूची में न्यूज़ीलैंड अमेरिका ब्रिटेन जापान फ्रांस जर्मनी पुर्तुगाल जैसे देशों के नाम हैं लेकिन भारत का कोई स्थान नहीं है। जब व्यक्तिगत आयकर वसूलने वाले देशों से तुलना की जाती है तो वर्ल्ड बैंक की रिपोर्ट के अनुसार अमेरिका में यह 37:ए न्यूज़ीलैंड में 39: और भारत मे 35.88: है। जीएसटी की बात की जाए तो भारत में 28: के साथ यह 140 देशों की तुलना में सबसे ज्यादा है 27 प्रतिशत के साथ दूसरे स्थान पर अर्जेंटिनिया है जबकि यूके और फ्रांस में यह 20 प्रतिशत तो सिंगापुर में 7 प्रतिशत है।

इन आंकड़ों से यह तो स्पष्ट है कि कर वसूली के मामले में भारत कहीं विकसित देशों के समक्ष तो कहीं उनसे आगे है। लेकिन जब नागरिक सुविधाओं की बात आती है तो भारत अंतिम पायदानों पर है। क्योंकि अमेरिका जापान न्यूज़ीलैंड और यूरोपीय देश जैसे अन्य देश अपने नागरिकों से ऊँचे दरों पर कर अवश्य लेते हैं लेकिन उसी अनुपात में सुविधाएं भी देते हैं। शिक्षा स्वास्थ्य यात्रा वरिष्ठ नागरिकों को पेंशन सहित अनेक बुनियादी योजनाएं चलाई जाती हैं जिनसे उनके नागरिकों का जीवन सुगमता से व्यतीत हो सके। जबकि भारत अपने नागरिकों को स्वास्थ्य सेवाएं देने के मामले में 195 देशों की सूची में 154 वें पायदान पर आता है। हालात का अंदाज़ा इसी बात से लगाया जा सकता है कि हम बांग्लादेश नेपाल घाना और लाइबेरिया जैसे देशों से भी पीछे हैं। यह स्थिति तब है जब भारत में स्वास्थ्य के क्षेत्र में आयुष्मान योजना लागू की गई है।

# प्रखर राष्ट्रवादी विचारक थे डा. भीमराव अंबेदकर

***लाल सिंह आर्य***

श्रद्धेय डॉ. भीमराव रामजी आम्बेडकर एक प्रखर राष्ट्रवादी एवं समतामूलक राष्ट्र के नायक के रूप में अपनी छाप छोड़ी है। भारत भूमि पर जिन नायकों के पराक्रम के बारे में पढ़ते.सुनते आए हैं उनमें एक डॉ. भीमराव आंबेडकर प्रमुख नायकों में हैं। हमारा भारतीय समाज उन्हें अपनत्व के साथ बाबा साहेब पुकारता है। बाबा साहेब समतामूलक समाज के पक्षधर थे। वह मानते थे कि एक व्यवस्था के भीतर समतावादी न्याय सुनिश्चित करने के लिए स्वतंत्रता समानता और बंधुत्व को कायम करने की जरूरत होती है। वर्तमान भारत डॉ. भीमराव आंबेडकर के सपनों को सच करता एक राष्ट्र है जहां दलितों और शोषितों को उनका अधिकार मिल रहा है और महिलाओं के हक में श्री नरेन्द्र मोदी के नेतृत्व में लगातार कार्य कर रही है। कश्मीर से धारा 370 समाप्त कर एक देश एक झंडा के बाबा साहब का देखा गया सपना सच हो चुका है। मुस्लिम बहनों के हक में तीन तलाक कानून खत्म कर उन्हें समान रूप से जीने का अधिकार मोदी सरकार ने दिया है। बाबा साहेब के सबका का साथए सबका विकास का प्रकल्प पूरा हो रहा है।डा. अम्बेडकर के राष्ट्रीय एकता का आधार महिलाओं को बराबरी का अधिकार एक देश.एक संविधान.एक कानून एक शिक्षा.एक देश एक देश.एक राशनकार्ड आत्मनिर्भर भारत नोटबंदी गरीबों के बैंकों में खाता खोलने गाँव.गाँव तक सड़क पीने का पानी बिजली हर गरीब को पक्का घर शौचालय गैस सिलेंडर.चूल्हा आयुष्मान भारत जैसी योजनाओं के माध्यम से सेवा के संकल्प को पूरा करने की सफल कोशिशें की जा रही हैं। आज नए भारत का जो स्वरूप हम देखते हैं उसकी नींव में बाबा साहेब अम्बेडकर की सोच एवं परिश्रम है। सामाजिक समरसता के मसीहा डॉ. भीमराव अम्बेडकर को भारत का सर्वोच्च नागरिक पुरस्कार भारत रत्न से भी सम्मानित किया गया है। डॉ. अम्बेडकर की जीवन यात्रा हर युग में पथ.प्रदर्शक के रूप में कार्य करता रहेगा। इस महामना का जन्म मध्यप्रदेश की धरा महू इंदौर में हुआ था जो मध्यप्रदेश को गौरवांवित करता है।

1980 ਵਿੱਚ ਇੱਕ ਵਾਰ ਮੈਂ ਵਿੱਤ ਮੰਤਰੀ ਮਧੂ ਦੰਡਵਤੇ ਤੋਂ ਪੁੱਛਿਆ ਸੀ ਕਿ ਕਿਸਾਨਾਂ ਨੂੰ ਦਸ ਹਜ਼ਾਰ ਰੁਪਏ ਮਾਫ ਕਰਨ ਦਾ ਜਨਤਾ ਦਲ ਦਾ ਚੋਣ ਵਾਅਦਾ ਉਹ ਕਿਵੇਂ ਪੂਰਾ ਕਰਨਗੇ। ਉਨ੍ਹਾਂ ਨੇ ਮੁਸਕੁਰਾਉਂਦੇ ਹੋਏ ਕਿਹਾ, 'ਅਸੀਂ ਵਾਅਦਾ ਕੀਤਾ ਸੀ, ਕਿਉਂਕਿ ਅਸੀਂ ਨਹੀਂ ਸੋਚਿਆ ਸੀ ਕਿ ਇੰਨੀ ਜਲਦੀ ਸੱਤਾ ਵਿੱਚ ਆ ਜਾਵਾਂਗੇ।' ਮੁਫ਼ਤ ਦੀ ਪੇਸ਼ਕਸ਼ ਕਰਦੇ ਸਮੇਂ ਕੀ ਪਾਰਟੀਆਂ ਨੇ ਉਨ੍ਹਾਂ ਨੂੰ ਲਾਗੂ ਕਰਨ ਦੀ ਲਾਗਤ ਦੀ ਗਿਣਤੀ ਕੀਤੀ ਕਿ ਉਨ੍ਹਾਂ ਨੂੰ ਪੈਸਾ ਕਿੱਥੋਂ ਮਿਲੇਗਾ ? ਭਾਜਪਾ ਅਤੇ ਕਾਂਗਰਸ ਦੇਸ਼ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਦੇਣ ਦਾ ਵਾਅਦਾ ਕੀਤਾ ਹੈ। ਮੌਜੂਦਾ ਸਰਕਾਰ ਰਾਮ ਮੰਦਰ, ਧਾਰਾ 370 ਨੂੰ ਰੱਦ ਕਰਨ ਦੇ ਪਹਿਲੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਵਧ ਰਹੀ ਹੈ। 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਆਪਣੇ 'ਸੰਕਲਪ ਪੱਤਰ' ਵਿੱਚ ਭਰੋਸਾ ਦਿੱਤਾ ਕਿ ਭਾਰਤ ਨੂੰ 2030 ਤੱਕ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥ ਵਿਵਸਥਾ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਵੀ ਕੀਤਾ ਹੈ। 'ਸੰਕਲਪ ਪੱਤਰ' ਵਿੱਚ ਅਜਿਹੇ 75 ਸੰਕਲਪ ਸਨ। ਸੱਤਾ ਵਿੱਚ ਚੁਣੀ ਗਈ ਕਿਸੇ ਵੀ ਪਾਰਟੀ ਨੇ ਆਪਣਾ ਐਲਾਨ ਪੱਤਰ 100 ਫੀਸਦੀ ਪੂਰਾ ਨਹੀਂ ਕੀਤਾ। ਆਂਧਰਾ ਪ੍ਰਦੇਸ਼ ਦੇ ਸਵਰਗੀ ਮੁੱਖ ਮੰਤਰੀ ਐਨ ਟੀ ਰਾਮਾਰਾਓ ਸਿਰਫ ਇੱਕ ਸਫੇ ਦੇ ਐਲਾਨ ਪੱਤਰ ਨਾਲ ਆਏ ਸਨ, ਜਿਸ ਵਿੱਚ ਭੋਜਨ, ਕੱਪੜੇ ਤੇ ਘਰ ਨਾਲ ਸਬੰਧਤ ਵਾਅਦੇ ਕੀਤੇ ਗਏ ਸਨ। ਉਨ੍ਹਾਂ ਨੇ ਇੱਕ ਵਿਸ਼ਾਲ ਲੋਕ ਫਤਵਾ ਜਿੱਤਿਆ ਸੀ। ਇਸ ਲਈ ਪਾਰਟੀ ਵੱਲੋਂ ਕੀਤੇ ਵਾਅਦਿਆਂ ਦੀ ਗਿਣਤੀ ਮਾਇਨੇ ਨਹੀਂ ਰੱਖਦੀ, ਸਗੋਂ ਉਨ੍ਹਾਂ ਨੂੰ ਪੂਰਾ ਕਰਨ ਦਾ ਮਾਇਨੇ ਰੱਖਦੀ ਹੈ। ਕਾਂਗਰਸ, ਭਾਜਪਾ ਤੇ ਖੱਬੇ ਪੱਖੀ ਪਾਰਟੀਆਂ ਵਰਗੀਆਂ ਰਾਸ਼ਟਰੀ ਪਾਰਟੀਆਂ ਨੇ ਐਲਾਨ ਪੱਤਰ ਵਿੱਚ ਆਮ ਤੌਰ ਉੱਤੇ ਸਿਆਸੀ, ਆਰਥਿਕ ਅਤੇ ਕੌਮਾਂਤਰੀ ਸੰਕਲਪਾਂ ਦਾ ਵਰਣਨ ਕੀਤਾ ਹੈ। ਅਮਰੀਕਾ ਵਿੱਚ ਐਲਾਨ ਪੱਤਰ ਜ਼ਿਆਦਾਤਰ ਆਰਥਿਕ ਨੀਤੀ, ਵਿਦੇਸ਼ ਨੀਤੀ, ਸਿਹਤ ਦੇਖਭਾਲ, ਪ੍ਰਸ਼ਾਸਨਿਕ ਸੁਧਾਰ, ਵਾਤਾਵਰਣ ਮੁੱਦੇ, ਇਮੀਗ੍ਰੇਸ਼ਨ ਆਦਿ ਨੀਤੀਆਂ ਉੱਤੇ ਆਧਾਰਤ ਹੁੰਦੇ ਹਨ। ਅਮਰੀਕੀ ਰਾਸ਼ਟਰਪਤੀ ਜੋਅ-ਬਾਈਡੇਨ ਨੇ ਆਪਣੀ ਚੋਣ ਮੁਹਿੰਮ ਦੇ ਦੌਰਾਨ ਭਾਰਤੀ ਅਮਰੀਕੀਆਂ ਲਈ ਇੱਕ ਵੱਖਰਾ ਏਜੰਡਾ ਵੀ ਜਾਰੀ ਕੀਤਾ ਸੀ। ਸਿਆਸੀ ਪਾਰਟੀਆਂ ਨੂੰ ਆਪਣੇ ਵਾਅਦਿਆਂ ਪ੍ਰਤੀ ਜਵਾਬਦੇਹ ਬਣਾਉਣਾ ਜ਼ਰੂਰੀ ਹੈ ਕਿਉਂਕਿ ਐਲਾਨ ਪੱਤਰ ਵੋਟਾਂ ਦੇ ਬਦਲੇ ਇੱਕ ਸਿਆਸੀ ਸੌਦਾ ਹੈ, ਨਹੀਂ ਤਾਂ ਇਹ ਸ਼ੀਸ਼ੇ ਵਿੱਚ ਚੰਦਰਮਾ ਦਿਖਾਉਣ ਵਰਗਾ ਹੋ ਜਾਂਦਾ ਹੈ। ਐਲਾਨ ਪੱਤਰ ਕਾਨੂੰਨੀ ਤੌਰ ਉੱਤੇ ਪਾਬੰਦਕਾਰੀ ਹੋਣਾ ਚਾਹੀਦਾ ਹੈ ਨਹੀਂ ਤਾਂ ਉਸਦਾ ਮਕਸਦ ਕੁਝ ਨਹੀਂ ਰਹਿ ਜਾਂਦਾ।

## 21 ਅਪ੍ਰੈਲ ਨੂੰ ਜਨਮ ਦਿਨ ਤੇ ਵਿਸ਼ੇਸ਼

# ਪੰਥ ਰਤਨ ਗਿਆਨੀ ਦਿੱਤ ਸਿੰਘ ਜਿਨ੍ਹਾਂ ਨੇ ਆਪਣੀ ਵਿਦਵਤਾ ਦਾ ਡੰਕਾ ਵਜਾਇਆ



ਮਹਾਰਾਜਾ ਰਣਜੀਤ ਸਿੰਘ ਦੀ ਮੌਤ 1839 ਸਮੇਂ ਸਿੱਖਾਂ ਦੀ ਗਿਣਤੀ 1 ਕਰੋੜ ਤੋਂ ਵੀ ਵੱਧ ਸੀ ਜੋ 1881 ਦੀ ਮਰਦਮ ਸ਼ੁਮਾਰੀ ਵਿਚ ਇਹ ਘੱਟ ਕੇ 18,53,429 ਰਹਿ ਗਈ ਸੀ। ਇਸੀ ਦੌਰਾਨ ਰਿਆਸਤ ਪਟਿਆਲਾ ਦੇ ਮਸ਼ਹੂਰ ਪਿੰਡ ਕਲੌੜ (ਨੰਦਪੁਰ) ਵਿਖੇ ਜੋ ਅੱਜ ਕੱਲ ਜਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਹੈ ਵਿਖੇ ਬਾਬਾ ਦਿਵਾਨ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ ਇੱਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਦਿਤਾ ਰਾਮ ਰੱਖਿਆ ਗਿਆ ਜੋ ਬਾਅਦ ਵਿੱਚ ਗਿਆਨੀ ਦਿੱਤ ਸਿੰਘ ਦੇ ਨਾਂ ਨਾਲ ਮਸ਼ਹੂਰ ਹੋ ਗਿਆ। 8 ਸਾਲ ਦੀ ਉਮਰੇ, ਪਿਤਾ ਨੇ ਇਹ ਕਹਿਕੇ ਕਿ "ਜਾਓ ਮੇਰੇ ਪਿਛੇ ਕਿਉਂ ਫਿਰਦਾ ਹੈਂ, ਤੂੰ ਭੀ ਬ੍ਰਹਮ ਤੇ ਮੈਂ ਭੀ ਬ੍ਰਹਮ, ਬ੍ਰਹਮੰਡ ਤੇਰਾ ਹੀ ਹੈ, ਜਾ ਕੇ ਸੰਭਾਲ" ਕੇ ਘਰੋਂ ਤੋਰ ਦਿੱਤਾ ਤੇ ਇਕ ਦਿਨ ਬਡਾਲੇ ਵਿਖੇ ਸ. ਭਾਗ ਸਿੰਘ ਦੇ ਘਰ ਰਹਿ ਕੇ ਅਗਲੇ ਦਿਨ ਪਿੰਡ ਤਿਊੜ ਵਿਖੇ ਗੁਲਾਬਦਾਸੀਆਂ ਦੇ ਡੇਰੇ ਪੁੱਜ ਗਿਆ। 18 ਸਾਲ ਦੀ ਉਮਰ ਤੱਕ ਬਹੁਤ ਸਾਰਾ ਗਿਆਨ ਪ੍ਰਾਪਤ ਕੀਤਾ। ਡੇਰੇ ਵਿਖੇ ਆਉਂਦੇ ਸਾਧੂ, ਸੰਤਾਂ, ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਕਰਦੇ ਰਹੇ। ਪੰਜਾਬੀ ਦੇ ਕਾਲ ਨਾਲ ਹਿੰਦੀ, ਸੰਸਕ੍ਰਿਤ, ਫਾਰਸੀ, ਅਰਬੀ, ਉਰਦੂ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ। ਦਿਤਾ ਰਾਮ ਛੋਟੀ ਉਮਰ ਵਿਚ ਹੀ ਲਾਗਲੇ ਪਿੰਡਾਂ ਵਿਚ ਪ੍ਰਚਾਰ ਕਰਨ ਲੱਗ ਗਿਆ ਸੀ।

ਇਥੋਂ ਉਹ ਚੱਠਿਆਂ ਵਾਲਾ (ਲਾਹੌਰ) ਵਿਖੇ ਪੁੱਜਿਆ ਇਥੇ ਉਸ ਦੀਆਂ ਆਰੀਆ ਸਮਾਜ ਦੇ ਮੁੱਖੀ ਸਵਾਮੀ ਦਯਾ ਨੰਦ ਨਾਲ ਲਗਾਤਾਰ ਤਿੰਨ ਧਰਮ ਬਹਿਸਾਂ ਹੋਈਆਂ

ਆਰੀਆ ਸਮਾਜ ਦੀ ਸਥਾਪਨਾ 29 ਮਾਰਚ, 1875 ਵਿੱਚ ਬੰਬਈ ਵਿਖੇ ਹੋਈ ਇਸ ਦੇ ਸੰਸਥਾਪਕ ਸਵਾਮੀ ਦਯਾ ਨੰਦ ਜੀ ਸਨ। ਉਹ 19 ਅਪ੍ਰੈਲ 1877 ਨੂੰ ਲਾਹੌਰ ਆਏ ਅਤੇ ਰਤਨ ਚੰਦ ਦਾਹੜੀ ਵਾਲੇ ਦੇ ਬਾਗ ਵਿੱਚ ਠਹਿਰੇ। ਸਵਾਮੀ ਦਯਾ ਨੰਦ ਹਰ ਰੋਜ ਵਿਖਿਆਨ ਕਰਿਆ ਕਰਦੇ ਸਨ ਅਤੇ ਬਾਅਦ ਵਿੱਚ ਲੋਕਾਂ ਨੂੰ ਪ੍ਰਸ਼ਨ ਪੁਛਣ ਦਾ ਮੌਕਾ ਦਿੱਤਾ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੂੰ ਉਨ੍ਹਾਂ ਦੇ ਆਉਣ ਅਤੇ ਵਿਖਿਆਨ ਕਰਨ ਦਾ ਪਤਾ ਚਲਿਆ। ਗਿਆਨੀ ਜੀ ਨੂੰ ਕਿਉਂਕਿ ਬਚਪਨ ਉਪਰੰਤ ਗੁਲਾਬਦਾਸੀਆਂ ਦੇ ਡੇਰੇ ਤਿਊੜ ਤੋਂ ਹੀ ਵਿਚਾਰ ਚਰਚਾ ਕਰਨ, ਸੰਬਾਦ ਕਰਨ ਅਤੇ ਭਾਸ਼ਨ ਦੇਣ ਆਦਿ ਦਾ ਕਾਫੀ ਅਧਿਐਨ ਹੋ ਚੁੱਕਾ ਸੀ ਅਤੇ ਚੱਠਿਆਂ ਵਾਲੇ ਆ ਕੇ ਉਨ੍ਹਾਂ ਨੇ ਇਨ੍ਹਾਂ ਵਿਸ਼ਿਆਂ ਵਿੱਚ ਹੋਰ ਬੇਮਿਸਾਲ ਵਾਧਾ ਕਰ ਲਿਆ ਸੀ, ਇਹ ਕਹਿਣਾ ਕੋਈ ਗਲਤ ਨਹੀ ਹੋਵੇਗਾ ਕਿ 1877 ਈ: ਤੱਕ ਗਿਆਨੀ ਦਿੱਤ ਸਿੰਘ ਨੂੰ ਗਿਆਨ ਦੀ ਚੰਗੀ ਖਾਸੀ ਪ੍ਰਾਪਤੀ ਹੋ ਗਈ ਸੀ। ਉਹ ਆਪਣੇ ਗਿਆਨ ਦੇ ਬਲਬੂਤੇ 'ਤੇ ਕਿਸੇ ਵੀ ਗੁਣੀ ਗਿਆਨੀ ਨਾਲ ਵਿਚਾਰ ਚਰਚਾ ਕਰਨ ਦੇ ਯੋਗ ਹੋ ਗਏ ਸਨ। ਉਹ ਹਮੇਸ਼ਾ ਦੂਜਿਆਂ ਨਾਲ ਵਿਚਾਰ ਚਰਚਾ ਕਰਕੇ ਆਪਣੇ ਵਿਸ਼ਾਲ ਗਿਆਨ ਵਿੱਚ ਹੋਰ ਵਾਧਾ ਕਰਨ ਦੇ ਇਛੁੱਕ ਰਹਿੰਦੇ ਸਨ। ਸਵਾਮੀ ਜੀ ਦੇ ਵਿਖਿਆਨ ਸੁਨਣ ਲਈ ਇਕ ਦੋ ਦਿਨ ਜਾਣ ਤੋਂ ਬਾਅਦ ਉਨ੍ਹਾਂ ਨੇ ਸਵਾਮੀ ਜੀ ਨਾਲ ਪ੍ਰਸ਼ਨ ਉੱਤਰ ਕਰਨ ਦੀ ਇੱਛਾ ਪ੍ਰਗਟ ਕੀਤੀ। ਆਖਰ ਇਕ ਦਿਨ ਗਿਆਨੀ ਦਿੱਤ ਸਿੰਘ ਉਰਫ ਰਾਮ ਦਿੱਤਾ ਤੇ ਸਵਾਮੀ ਦਯਾ ਨੰਦ ਪਹਿਲੀ ਧਰਮ ਵਿਚਾਰ ਚਰਚਾ ਲਈ ਆਹਮੋਂ-ਸਾਹਮਣੇ ਬੈਠ ਗਏ। ਦਿਤਾ ਰਾਮ ਨੇ ਸਵਾਮੀ ਜੀ ਨੂੰ ਪਹਿਲਾ ਸਵਾਲ ਕੀਤਾ, "ਇਸ ਜਗਤ ਦਾ ਕਰਤਾ ਕੌਣ ? ਦਯਾ ਨੰਦ ਨੇ ਉੱਤਰ ਦਿੱਤਾ, "ਈਸ਼ਵਰ"। ਗਿਆਨੀ ਜੀ ਨੇ ਮੋੜਵਾਂ ਸਵਾਲ ਕੀਤਾ ਕਿ ਕੀ ਈਸ਼ਵਰ ਜਗਤ ਨੂੰ ਆਪਣੇ ਵਿਚੋਂ ਪੈਦਾ ਕਰਦਾ ਹੈ ਜਾਂ ਕਿਸੇ ਹੋਰ ਵਸਤੂ ਵਿਚੋਂ ? ਫਿਰ ਸਾਧੂ ਜੀ ਨੇ ਕਿਹਾ, "ਈਸ਼ਵਰ ਨਿਰਾਕਰ ਹੈ ਪਰ ਚਾਰੇ ਪ੍ਰਮਾਣੂਆਂ ਤੋਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਫਿਰ ਗਿਆਨੀ ਜੀ ਨੇ ਪੁੱਛਿਆ ਕਿ ਪ੍ਰਮਾਣੂ ਪਹਿਲਾਂ ਹੀ ਬਣੇ ਹੋਏ ਸਨ ਜਾਂ ਇਨ੍ਹਾਂ ਨੂੰ ਈਸ਼ਵਰ ਨੇ ਰਚਿਆ ਹੈ। ਫਿਰ ਸਾਧੂ ਜੀ ਨੇ ਕਿਹਾ ਕਿ ਈਸ਼ਵਰ ਕੋਈ ਸਾਕਾਰ ਪ੍ਰਦਾਰਥ ਨਹੀਂ ਕਿ ਸਥੂਲ ਤੱਥਾਂ ਨੂੰ ਰਚਦਾ ਫਿਰੇ, ਉਸ ਨੇ ਤਾਂ ਇਨ੍ਹਾਂ ਨੂੰ ਪਰਸਪਰ ਮਿਲਾ ਕੇ ਜਗਤ ਰਚਨਾ ਪੈਦਾ ਕਰ ਦਿੱਤੀ। ਗਿਆਨੀ ਜੀ ਨੇ ਕਿਹਾ, "ਫਿਰ ਈਸ਼ਵਰ ਤਾਂ ਇਕ ਰਾਜ ਕਾਰੀਗਰ ਹੈ ਜੋ ਇੱਟਾਂ ਚੂਨਾ, ਗਾਰਾ ਅਤੇ ਲਕੜੀ ਦਾ ਕਰਤਾ ਨਹੀਂ ਹੈ ਪਰ ਉਹ ਤਰਤੀਬ ਨਾਲ ਮਕਾਨ ਬਣਾ ਦਿੰਦਾ ਹੈ। ਪਹਿਲੀ ਗੋਸ਼ਟੀ ਤੋਂ ਹੀ ਗਿਆਨੀ ਦਿੱਤ ਸਿੰਘ ਜਾਣ ਗਿਆ ਸੀ ਕਿ ਸਾਧੂ ਪੜ੍ਹਿਆ ਲਿਖਿਆ ਤਾਂ ਹੈ ਪਰ ਅਨੁਭਵ ਦੀ ਘਾਟ ਹੈ। ਦੁਬਾਰਾ ਕਦੀ ਫਿਰ ਚਰਚਾ ਕਰਾਂਗਾ। ਸੋ ਉਨ੍ਹਾਂ ਦੀ ਦੂਜੀ ਚਰਚਾ ਕੁੱਝ ਦਿਨਾਂ ਬਾਅਦ ਹੀ ਹੋਈ। ਸਵਾਮੀ ਦਯਾ ਨੰਦ ਜੀ ਰਹੀਮ ਖਾਂ ਦੀ ਕੋਠੀ ਠਹਿਰੇ ਅਤੇ ਤਿੰਨ ਦਿਨ ਵਿਖਿਆਨ ਕਰਦੇ ਤੇ ਚੌਥੇ ਦਿਨ ਲੋਕਾਂ ਨੂੰ ਮੌਕਾ ਦਿੰਦੇ ਸਨ ਕਿ ਉਹ ਕੋਈ ਪ੍ਰਸ਼ਨ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਹੋਇਆ ਸੀ ਕਿ ਜਿਸ ਨੇ ਕੋਈ ਪ੍ਰਸ਼ਨ ਕਰਨਾ ਹੈ ਤਾਂ ਸਾਹਮਣੇ ਪਈ ਕੁਰਸੀ 'ਤੇ ਬੈਠ ਸਕਦਾ ਹੈ ਤੇ ਨਾਲ ਇਹ ਵੀ ਸ਼ਰਤ ਸੀ, ਕਿ ਜੋ ਵੀ ਹਾਰ ਜਾਵੇਗਾ ਉਸ ਨੂੰ ਕੁਰਸੀ ਛੱਡਣੀ ਪਵੇਗੀ। ਗਿਆਨੀ ਦਿੱਤ ਸਿੰਘ ਜੀ ਨੇ ਲਿਖਿਆ ਹੈ, ਉਸ ਦਿਨ ਪਹਿਲਾਂ ਇਕ ਮੌਲਵੀ ਨੇ ਪ੍ਰਸ਼ਨ ਉੱਤੇ ਕੀਤੇ ਪਰ ਉਹ ਜਲਦੀ ਹੀ ਹਾਰ ਕੇ ਕੁਰਸੀ ਤੋਂ ਹੇਠਾਂ ਆ ਗਿਆ। ਪਰ ਗਿਆਨੀ ਜੀ ਕੁਰਸੀ 'ਤੇ ਬੈਠੇ ਅਤੇ ਕਿਹਾ ਕਿ ਜੋ ਤੁਸੀਂ ਆਪਣੇ ਵਿਖਿਆਨ ਵਿੱਚ ਕਿਹਾ ਹੈ ਕਿ ਵੇਦ ਈਸ਼ਵਰ ਨੇ ਰਚੇ ਹਨ ਪਰ ਮੇਰੇ ਅਨੁਸਾਰ ਵੇਦ ਈਸ਼ਵਰ ਦੀ ਕਿਰਤ ਨਹੀਂ ਹਨ ਬਲਕਿ ਵੇਦ ਮਨੁੱਖ ਨੇ ਰਚੇ ਹਨ ਅਤੇ ਬੈਖਰੀ ਬਾਣੀ ਰੂਪ ਹਨ ਕਿਉਂਕਿ ਸਵਾਮੀ ਦਯਾ ਨੰਦ ਦਾ ਸੰਬਾਦ ਪੁਸਤਕ ਦੇ ਪੰਨਾ 26 'ਤੇ ਇਸ ਤਰ੍ਹਾਂ ਲਿਖਦੇ, "ਬੈਖਰੀ ਬਾਣੀ ਅੱਖਰਾਂ ਦੇ ਉਚਾਰਨ ਬਿਨ੍ਹਾਂ ਬੋਲੀ ਜਾਂਦੀ ਹੈ ਕਿਉਂਕਿ ਜਿਤਨਾ ਚਿਰ ਅੱਖਰ ਉਚਾਰਨ ਨਹੀਂ ਹੋਵੇਗਾ ਉਤਨਾਂ ਚਿਰ ਕੋਈ ਪਦ ਯਾ ਵਾਕ ਨਹੀਂ ਬਨੇਗਾ। ਇਸ ਵਾਸਤੇ ਵੇਦ ਜੋ ਇਕ ਅੱਖਰ-ਪਦ ਅਤੇ ਵਾਕ ਰੂਪ ਹੈ। ਇਸੀ ਤੇ ਬੈਖਰੀ ਬਾਣੀ ਹੈ ਜੋ ਪੰਜ ਭੂਤਕ ਦੇਹਧਾਰੀ ਦੀ ਹੈ, ਤਾਂਤੇ ਇਸ ਅੱਖਰਾਂ ਵਾਲੀ ਬੋਲੀ ਦੇ ਉਚਾਰਨ ਲਈ ਅਵੱਸ਼ ਕਿਸੇ ਦੇਹਧਾਰੀ ਦੀ ਲੋੜ ਹੈ।" ਇਸ ਲਈ ਗਿਆਨੀ ਜੀ ਨੇ ਲਿਖਿਆ ਹੈ ਕਿ ਮੈਂ ਕਿਹਾ ਕਿ ਆਪ ਕੁੱਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰਕੇ ਦਿਖਾ ਦਿੱਤਾ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ। ਸੋ ਦੂਜੀ ਧਰਮ ਬਹਿਸ ਵਿੱਚ ਵੀ ਗਿਆਨੀ ਦਿੱਤ ਸਿੰਘ ਜੇਤੂ ਰਹੇ।

ਕੁੱਝ ਦਿਨ ਮਗਰੋਂ ਜਦੋਂ ਸਾਧੂ ਦਯਾ ਨੰਦ ਰਾਇ ਮੇਲਾ ਰਾਮ ਸਾਹਿਬ ਦੇ ਤਲਾਬ 'ਤੇ ਠਹਿਰੇ ਹੋਏ ਸਨ ਤੇ ਵਿਖਿਆਨ ਕਰਦੇ ਸਨ ਤਾਂ ਗਿਆਨੀ ਦਿੱਤ ਸਿੰਘ ਇਕੱਲੇ ਹੀ ਇਥੇ ਪਹੁੰਚ ਗਏ। ਪ੍ਰਸ਼ਨ ਕਾਲ ਵਿੱਚ ਗਿਆਨੀ ਜੀ ਨੇ ਸਵਾਲ ਕੀਤਾ ਕਿ ਸਵਾਮੀ ਜੀ ਇਹ ਦਸੋ ਕਿ ਆਪ ਦੇ ਮੱਤ ਵਿੱਚ ਮੁਕਤੀ ਦਾ ਕਿਆ ਸਰੂਪ ਹੈ ਅਤੇ ਲਖਣ ਕਿਆ ਹੈ ? ਸਵਾਮੀ ਜੀ ਨੇ ਮੁਕਤੀ ਦਾ ਅਰਥ ਛੁੱਟ ਜਾਣਾ ਦਸਿਆ ਤੇ ਗਿਆਨੀ ਜੀ ਨੇ ਕਿਹਾ ਕਿ ਕਿਨ੍ਹਾਂ ਬਾਤਾਂ ਤੋਂ ਛੁਟਨਾ ਹੈ ? ਸਵਾਮੀ ਜੀ ਨੇ ਜਵਾਬ ਦਿੱਤਾ, "ਜੀਵ ਆਤਮਾਂ ਨੇ ਦੇਹ ਵਿੱਚੋਂ ਛੁਟਨਾ ਹੈ। ਚਾਰ ਵਾਕ ਵਾਲੇ ਵੀ ਇਹੋ ਮੰਨਦੇ ਹਨ।"

ਚਾਰ ਵਾਕ ਮਤ ਅਨੁਸਾਰ ਜੀਵ ਦਾ ਪੁਨਰ ਜਨਮ ਨਹੀ ਹੁੰਦਾ ਪ੍ਰੰਤੂ ਸਾਡੇ ਮੱਤ ਵਿੱਚ ਜੀਵ ਦਾ ਪੁਨਰ ਜਨਮ ਹੁੰਦਾ ਹੈ। ਗਿਆਨੀ ਜੀ ਅਨੁਸਾਰ ਸਾਡੇ ਇਸ ਪ੍ਰਸ਼ਨ ਦਾ ਵੀ ਉਹ ਸਹੀ ਉੱਤਰ ਨਹੀਂ ਦੇ ਸਕੇ। ਇਸ ਬਹਿਸ ਚਰਚਾ ਦੀ ਫੋਟੋ ਵੀ ਗਵਾਹੀ ਵਜੋਂ ਪੇਸ਼ ਕੀਤੀ ਗਈ ਹੈ ਜਿਸ ਵਿੱਚ ਕਿ ਜਦੋਂ ਸਵਾਮੀ ਜੀ ਨੂੰ ਪ੍ਰਸ਼ਨ ਦਾ ਸਹੀ ਉੱਤਰ ਨਹੀਂ ਮਿਲਿਆ ਤਾਂ ਕਿਵੇਂ ਉਹ ਪਿਛੇ ਬੈਠੀ ਪਬਲਿਕ ਵੱਲ ਮੂੰਹ ਘੁੰਮਾਉਂਦੇ ਹਨ। ਉਪਰੋਕਤ ਸੰਖੇਪ ਜਾਣਕਾਰੀ ਤੋਂ ਹੀ ਪਤਾ ਲਗਦਾ ਹੈ ਕਿ ਗਿਆਨੀ ਜੀ ਦੀ ਧਰਮਾਂ ਦੇ ਵਿਸ਼ਿਆਂ ਤੇ ਕਿੰਨੀ ਪਕੜ ਸੀ। ਇਹੀ ਕਾਰਨ ਹੈ ਤੇ ਲਗਾਤਾਰ ਤਿੰਨ ਧਰਮ ਬਹਿਸਾਂ ਵਿੱਚ ਸਵਾਮੀ ਦਯਾ ਨੰਦ ਨੂੰ ਨਿਰਉੱਤਰ ਕੀਤਾ।

ਇਹਨਾਂ ਬਹਿਸਾਂ ਸਬੰਧੀ ਗਿਆਨੀ ਦਿੱਤ ਸਿੰਘ ਨੇ ਬਾਅਦ ਵਿਚ ਇਕ ਪੁਸਤਕ ਲਿਖੀ ਜਿਸ ਦਾ ਨਾਂ ਹੈ ਕਿ ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ। ਇਸ ਪੁਸਤਕ ਦੀ ਅੱਜ ਵੀ ਬਹੁਤ ਮੰਗ ਹੈ ਇਸ ਦਾ ਊਰਦੂ ਅਨੁਵਾਦ ਵੀ ਹੈ। ਇਹ ਵਿਸ਼ਵ ਪੱਧਰੀ ਪੁਸਤਕ ਬਣ ਚੁੱਕੀ ਹੈ। ਇਸੇ ਤਰ੍ਹਾਂ ਦੀ ਇਕ ਪੁਸਤਕ ਦੰਭ ਵਿਦਾਰਨ ਜੋ ਸੁਆਮੀ ਦਯਾ ਦੀ ਪੁਸਤਕ ਦੀ ਅਲੋਚਨਾ ਦੇ ਤੌਰ ਲਿਖੀ ਗਈ ਹੈ। ਜੋ ਕਿ ਲਾਹੌਰ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ ਅਤੇ ਕਈ ਪੰਜਾਬੀਆਂ ਪਾਸ ਵੀ ਇਸਦੀ ਕਾਪੀ ਹੈ। ਇਸ ਵਿਚ ਵੀ ਗਿਆਨੀ ਨੇ ਉਹਨਾਂ ਦੀ ਲਿਖਤ ਦੇ ਹਵਾਲੇ ਦੇ ਕੇ ਆਪਣੇ ਤਰਕ ਦਿਤੇ ਹਨ ਅਤੇ ਸੁਆਮੀ ਦਯਾ ਨੰਦ ਨੂੰ ਝੁਠਲਾਇਆ ਗਿਆ ਹੈ ਅਤੇ ਉਹਨਾਂ 'ਤੇ ਕਈ ਵਿਅੰਗ ਵੀ ਕੱਸੇ ਗਏ ਹਨ।

ਦੋਹਿਰਾ

ਇਹ ਮੇਰੀ ਹੈ ਸੰਮਤੀ ਉਸ ਦੀ ਵਿੱਦਯਾ ਹੇਤ।।  
ਜੇ ਅਤਬਾਰ ਨ ਆਵੰਦਾ ਖੋਜ ਲਵੋ ਸਭ ਭੇਤ।।੫।।  
ਮਨ ਦੇ ਵਿੱਦਯਾ ਨੂੰ ਪੜ੍ਹੋ ਵੇਦ ਔਰ ਸਭ ਭਾਸ।।  
ਦਤ ਆਪ ਲਖ ਲੇਹੁਗੇ ਜੋ ਹੈ ਸੱਤ ਬਲਾਸ।।੬।।  
ਨਾਲ ਦਯਾਨੰਦ ਸਾਧ ਦੇ ਇਹ ਹੋਏ ਪ੍ਰਸੰਗ।  
ਜਿਸ ਨੂੰ ਪੜ੍ਹ ਕੇ ਸੁਜਾਨ ਜਨ ਮਨ ਮਹਿ ਹੋਵਨ ਦੰਗ।।੭।।  
ਜੇ ਕਰ ਕੋਈ ਉਨ੍ਹਾਂ ਦਾ ਚੇਲਾ ਕਰੇ ਘਮੰਡ।  
ਤਾਂ ਮੈਂ ਸਦ ਹੀ ਤਯਾਰ ਹਾਂ ਖੋਲਨ ਹੇਤ ਪਖੰਡ।।੮।।  
।।ਇਤੀ।।

ਸਮੁੱਚੇ ਤੌਰ 'ਤੇ ਨਿਰਣਾ ਲਿਆ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਜੀ ਇਕ ਬਹੁਤ ਵੱਡੇ ਸੁਲਝੇ ਹੋਏ ਤੇ ਕੌਮ ਨੂੰ ਸਮਰਪਿਤ ਮਹਾਨ ਵਿਦਵਾਨ ਸਨ, ਪਰ ਅਫਸੋਸ ਕੇ ਕੌਮ ਨੇ ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੀ ਯਾਦ ਪ੍ਰਤੀ ਉਹ ਕਾਰਜ ਨਹੀਂ ਕੀਤੇ ਜੋ ਕਰਨ ਦੀ ਲੋੜ ਸੀ 1941 ਤੋਂ ਭਾਵੇਂ ਜਥੇਦਾਰ ਬਖਸ਼ੀਸ਼ ਸਿੰਘ ਕਲੌੜ ਦੀ ਅਗਵਾਈ ਹੇਠ ਪਿੰਡ ਕਲੌੜ ਅਤੇ ਨੇੜੇ ਇਲਾਕਿਆਂ ਵਿਚ ਗਿਆਨੀ ਜੀ ਨੂੰ ਪ੍ਰਚਾਰਿਆ ਗਿਆ ਤੇ 1901 ਵਿੱਚ ਗਿਆਨੀ ਦਿੱਤ ਸਿੰਘ ਮੈਮੋਰੀਅਲ ਅੰਤਰਰਾਸ਼ਟਰੀ ਸੁਸਾਇਟੀ (ਰਜਿ) ਪ੍ਰਿੰ. ਨਸੀਬ ਸਿੰਘ ਸੇਵਕ ਦੀ ਪ੍ਰਧਾਨਗੀ ਹੇਠ ਬਣੀ ਤੇ 2010 ਜਨਵਰੀ ਤੋਂ ਭਾਈ ਦਿੱਤ ਪੱਤ੍ਰਿਕਾ ਮਹੀਨਾਵਾਰ ਪ੍ਰਿੰ. ਸਾਹਿਬ ਹੀ ਕੱਢ ਰਹੇ ਹਨ। ਦੇਸ਼ ਵਿਦੇਸ਼ ਦੇ ਲੋਕ ਕਾਫੀ ਜਾਗਰੂਕ ਹੋਏ ਹਨ ਪਰ ਜਿਸ ਦੀ ਇਹ ਜਿੰਮੇਵਾਰੀ ਸੀ ਉਸ ਨੇ ਕੋਈ ਉਪਰਾਲਾ ਨਹੀਂ ਕੀਤਾ। ਦੂਜੇ ਪਾਸੇ ਹਾਰੇ ਹੋਏ ਵਿਅਕਤੀ ਦੇ ਪੈਰੋਕਾਰਾਂ ਨੇ ਉਹਨਾਂ ਦੇ ਨਾਂ ਤੇ ਸਕੂਲ ਕਾਲਜ, ਹਸਪਤਾਲ ਤੇ ਯੂਨੀਵਰਸਿਟੀਆਂ ਤੱਕ ਬਣਵਾ ਕੇ ਉਹਨਾਂ ਦਾ ਨਾ ਰੌਸ਼ਨ ਕੀਤਾ ਹੋਇਆ ਹੈ।

ਗਿਆਨੀ ਦਿੱਤ ਸਿੰਘ ਜੀ ਨੇ ਜੀਵਨ ਭਰ ਸਿੱਖੀ ਦੀ ਰੱਜ ਕੇ ਸੇਵਾ ਕੀਤੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹਮੇਸ਼ਾਂ ਪ੍ਰਵਾਨ ਕੀਤੀ ਤੇ ਇਸੇ ਅਧੀਨ ਸਕੂਲ ਕਾਲਜ, ਸਿੰਘ ਸਭਾ ਲਹਿਰ, ਵਹਿਮਾਂ ਭਰਮਾਂ ਖਿਲਾਫ ਅਤੇ ਸਮਾਜ ਸੁਧਾਰ ਪ੍ਰਤੀ ਅਜੇਹੇ ਕਾਰਜ ਕੀਤੇ ਜੋ ਰਹਿੰਦੀ ਦੁਨੀਆਂ ਤੀਕ ਚੇਤਿਆਂ ਵਿੱਚ ਰਹਿਣਗੇ। ਕੁੱਝ ਵਰਨਣ ਯੋਗ ਕਾਰਜ ਹਨ ਜਿਹਨੇ ਪੰਜਾਬੀ ਸਾਹਿਤ ਦੇ ਵੱਡੇ ਸਾਹਿਤਕਾਰ ਬਣਕੇ 51 ਸਾਲ ਦੀ ਉਮਰ ਵਿਚ 72 ਕਿਤਾਬਾਂ ਲਿਖੀਆਂ। ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ, ਪ੍ਰੋ. ਗੁਰਮੁੱਖ ਸਿੰਘ ਨਾਲ ਮਿਲਕੇ ਇਹ ਇਤਿਹਾਸਕ ਕਾਰਜ ਕੀਤਾ। ਇਹ ਇਕ ਰੌਚਿਕ ਕਹਾਣੀ ਹੈ ਕਿ ਕਾਲਜ ਲਈ ਜਦੋਂ ਪੈਸੇ ਇਕੱਠੇ ਕਰਨ ਲਈ ਮੀਟਿੰਗ ਹੋ ਰਹੀ ਸੀ ਤੇ ਦਿਆਲ ਸਿੰਘ ਮਜੀਠੀਆ ਨੇ ਕਿਹਾ ਕਿ ਕਾਲਜ 'ਤੇ ਸਾਰਾ ਪੈਸਾ ਉਹ ਖਰਚੇਗਾ ਪਰ ਕਾਲਜ ਦਾ ਨਾਂ ਮੇਰੇ ਨਾਂ ਤੇ ਹੋਵੇ। ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਜੀ ਨੇ ਠੋਕ ਕੇ ਨਾਂਹ ਕਰ ਦਿੱਤੀ ਸੀ। ਗਿਆਨੀ ਜੀ ਵਿਸ਼ਵ ਦੇ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਬਣੇ ਅਤੇ ਵਿਸ਼ਵ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਹਿਲੇ ਬੈਚ ਤੇ ਪਹਿਲਾ ਨੰਬਰ ਲੈ ਕੇ ਲਾਰਡ ਬੈਟਿਨ ਤੋਂ ਇਨਾਮ ਵਿੱਚ ਸੋਨੇ ਦੀ ਘੜੀ ਪ੍ਰਾਪਤ ਕੀਤੀ ਸੀ। 1886 ਵਿੱਚ ਖਾਲਸਾ ਅਖਬਾਰ ਲਾਹੌਰ ਦੇ ਸ਼ੁਰੂ ਤੋਂ ਹੀ ਸੰਪਾਦਕ ਬਣਕੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਅਖਵਾਏ। ਇੱਕ ਵੱਡੇ ਕੱਦ ਦੇ ਸਮਾਜ ਸੁਧਾਰਕ ਦੇ ਤੌਰ 'ਤੇ ਮਾਣ ਪ੍ਰਾਪਤ ਕੀਤਾ। ਇਕ ਹੋਰ ਘਟਨਾ ਜੋ ਕਿ ਬਾਬਾ ਖੇਮ ਸਿੰਘ ਬੇਦੀ ਬਾਰੇ ਹੈ ਕਿ ਉਹ ਸਨ ਭਾਵ ਸ੍ਰੀ ਸਾਹਿਬ ਦੇ ਨਾਲ ਨਾਲ ਜਨੇਊ ਵੀ ਪਹਿਨਦੇ ਸਨ। ਉਹ ਆਪਣੇ ਆਪ ਨੂੰ ਬਾਬੇ ਨਾਨਕ ਦੀ ਅੰਸ਼ ਵਿੱਚੋਂ ਹੋਣ ਦਾ ਦਸਦੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀ ਲਾ ਕੇ ਬੈਠਦੇ ਸਨ। ਪ੍ਰੋ. ਗੁਰਮੁੱਖ ਸਿੰਘ, ਗਿ. ਦਿੱਤ ਸਿੰਘ ਹੁਰਾਂ ਨੇ ਕਈ ਵਾਰੀ ਬੇਨਤੀ ਕੀਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਅਜੇਹਾ ਨਾ ਕੀਤਾ ਜਾਵੇ ਪਰ ਉਹ ਨਾ ਮੰਨੇ। ਉਹਨਾਂ ਆਖਰ ਇੱਕ ਦਿਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਭਰੇ ਦੀਵਾਨ ਵਿਚ ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ ਉਹਨਾਂ ਦੇ ਹੇਠਿਓਂ ਗਦੈਲਾ ਘੜੀਸ ਕੇ ਬਾਹਰ ਸੜਕ ਤੇ ਸੁੱਟ ਦਿੱਤਾ ਅਤੇ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਰੱਖੀਆਂ ਗਈਆਂ ਮੁਰਤੀਆਂ ਵੀ ਬਾਹਰ ਸੁੱਟ ਦਿੱਤੀਆਂ ਸਨ। ਇਹ ਉਹਨਾਂ ਦੀ ਇੱਕ ਬਹੁਤ ਵੱਡੀ ਦਲੇਰੀ ਸੀ ਤੇ ਸਿੱਖੀ ਪ੍ਰਤੀ ਸੱਚੀ ਸ਼ਰਧਾ ਸੀ। ਇਸ ਨਾਲ ਆਪਣੀ ਹੱਤਕ ਸਮਝਦੇ ਹੋਏ ਸ੍ਰੀ ਅਕਾਲ ਤੱਖਤ ਸਾਹਿਬ ਹੋ ਪ੍ਰੋ. ਗੁਰਮੁੱਖ ਸਿੰਘ ਨੂੰ ਪਹਿਲੀ ਵਾਰ, ਬਾਬਾ ਬੇਦੀ ਦੇ ਕਹੇ ਤੇ ਸ੍ਰੀ ਅਕਾਲ ਤੱਖਤ ਸਾਹਿਬ ਤੋਂ ਹੁਕਮਨਾਮਾਂ ਜਾਰੀ ਕਰਕੇ ਪੰਥ ਤੋਂ ਛੇਕਿਆ ਗਿਆ। ਇਹ ਘਟਨਾ 18 ਮਾਰਚ 1887 ਦੀ ਹੈ ਤੇ ਕੌਮ ਨੇ 1995 ਵਿੱਚ ਮਰਨ ਉਪਰੰਤ ਲੱਗਭਗ ਇੱਕ ਸਦੀ ਪਿੱਛੋਂ ਇਹ ਹੁੱਕਮ ਰਦ ਕਰਕੇ ਪੰਥ ਵਿਚ ਵਾਪਸ ਲਿਆ ਸੀ। ਗਿਆਨੀ ਦਿੱਤ ਸਿੰਘ ਨੇ ਵਿਰੋਧੀਆਂ 'ਤੇ ਵਿਅੰਗ ਭਰਿਆ ਸਵਪਨ ਨਾਟਕ ਲਿਖਿਆ ਜਿਸ ਕਰਕੇ 51 ਰੁਪਏ ਜੁਰਮਾਨਾ ਹੋਇਆ ਪਰ ਉਪਰਲੀ ਅਦਾਲਤ ਵਿੱਚ ਅਪੀਲ ਉਪਰੰਤ ਗਿਆਨੀ ਦਿੱਤ ਸਿੰਘ ਜੀ ਦੀ ਜਿੱਤ ਹੋਈ ਸੀ ਤੇ ਜੁਰਮਾਨਾ ਮੁਆਫ ਹੋ ਗਿਆ ਸੀ।

ਗਿਆਨੀ ਦਿੱਤ ਸਿੰਘ ਜੀ ਦੀ ਸਿੱਖੀ ਪ੍ਰਤੀ ਸਤਿਕਾਰ ਤੇ ਸ਼ਰਧਾ ਦੀ ਉਦਾਹਰਣ ਦੀ ਇਕ ਹੋਰ ਅਜੀਬੋ-ਗਰੀਬ ਕਹਾਣੀ ਹੈ। ਜੋ ਉਹਨਾਂ ਦੀ ਸ਼ਹਿਨਸ਼ੀਲਤਾ ਦਾ ਸਬੂਤ ਹੈ। ਗਿਆਨੀ ਦਿੱਤ ਸਿੰਘ ਜੀ ਹਰ ਮਹੀਨੇ ਲਾਹੌਰ ਤੋਂ ਫਿਰੋਜਪੁਰ ਦੇ ਅਕਾਲ ਗੜ੍ਹ ਗੁਰਦੁਆਰੇ ਵਿਖੇ ਲੈਕਚਰ ਦੇਣ ਆਉਂਦੇ ਸਨ ਪਰ ਲੈਕਚਰ ਖਤਮ ਹੋਣ ਤੋਂ ਬਾਅਦ ਗਿਆਨੀ ਜੀ ਨੂੰ ਥੜੇ ਤੋਂ ਹੇਠਾਂ ਜਿਥੇ ਉਹ ਭਾਸ਼ਨ ਦਿੰਦੇ ਸਨ ਹੇਠਾਂ ਉਤਾਰ ਕੇ ਜੋੜਿਆ ਵਿੱਚ ਬਿਠਾ ਕੇ ਦੇਗ ਦਿੱਤੀ ਜਾਂਦੀ ਸੀ। ਫਿਰ ਵੀ ਇਹ ਸ਼ਹਿਨਸ਼ੀਲਤਾ ਦਾ ਪੁਜਾਰੀ ਅਗਲੇ ਮਹੀਨੇ ਫਿਰ ਭਾਸ਼ਨ ਦੇਣ ਲਈ ਆਉਂਦਾ ਸੀ। ਅਜਿਹੀ ਮਿਸਾਲ ਦੁਨੀਆਂ ਵਿੱਚ ਮਿਲਣੀ ਬਹੁਤ ਔਖੀ ਹੈ। ਇਸ ਤਰ੍ਹਾਂ ਗਿਆਨੀ ਦਿੱਤ ਸਿੰਘ ਸਿੱਖ ਕੌਮ ਦਾ ਕੋਹੇਨੂਰ ਹੋ ਨਿਬੜਿਆ ਪਰ ਕਿਸੇ ਸਰਕਾਰ ਇਥੋਂ ਤੱਕ ਪੰਥਕ ਸਰਕਾਰ ਜਾਂ ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਨੇ ਕਦੇ ਵੀ ਕੋਈ ਉਪਰਾਲਾ ਨਹੀਂ ਕੀਤਾ ਜੇ ਕਦੇ ਕੀਤਾ ਵੀ ਹੈ ਉਹ ਤੁੱਛ ਮਾਤਰ ਹੀ ਰਿਹਾ ਹੈ। ਸਮਾਜ ਦੇ ਹਰ ਖੇਤਰ ਵਿੱਚ ਜਿਵੇਂ ਵਿੱਦਯਾ, ਸਮਾਜਿਕ, ਧਾਰਮਿਕ ਵਿੱਚ ਉਹਨਾਂ ਦਾ ਨਾਂ ਜਿਕਰ ਯੋਗ ਹੈ। ਉਹਨਾਂ ਦੀ ਵਿੱਦਯਾ ਪ੍ਰਤੀ ਸੰਜੀਦਗੀ ਸੋਚ ਦੇ ਨਤੀਜੇ ਬੜੇ ਸਾਰਥਕ ਸਨ। ਖਾਲਸਾ ਕਾਲਜ ਜਿਸ ਦੇ ਉਹ ਉਮਰ ਭਰ ਮੈਂਬਰ ਰਹੇ ਅਤੇ ਅੱਜ ਤਕ ਉਹਨਾਂ ਦੇ ਨਾਂ ਤੇ ਹਰ ਸਾਲ ਗੋਲਡ ਮੈਡਲ ਦਿੱਤਾ ਜਾਂਦਾ ਹੈ। ਦੁਨੀਆਂ ਦਾ ਪਹਿਲੇ ਦਰਜੇ ਦਾ ਕਾਲਜ ਹੈ। ਉਸ ਵਿੱਚ ਹਰ ਤਰ੍ਹਾ ਦੇ ਕੋਰਸਾਂ ਦੀਆਂ ਕਲਾਸਾਂ ਲਗਦੀਆਂ ਹਨ ਅਤੇ ਅਨੇਕਾ ਸ਼ਾਖਾਵਾਂ ਖੁੱਲ ਗਈਆਂ ਹਨ। ਹਰ ਸਾਲ 21 ਅਪ੍ਰੈਲ ਉਹਨਾਂ ਦੇ ਜਨਮ ਦਿਹਾੜੇ ਤੇ ਅਸੀਂ ਲਗਾਤਾਰ ਅਪੀਲ ਕਰਦੇ ਆ ਰਹੇ ਹਾਂ ਕਿ ਸਿੱਖ ਸੰਸਥਾਵਾਂ, ਕਮੇਟੀਆਂ, ਸਰਕਾਰਾਂ ਤੇ ਉਹਨਾਂ ਦੀ ਯਾਦ ਨੂੰ ਤੇ ਉਹਨਾਂ ਦੀਆਂ ਸਿੱਖਿਆਵਾਂ ਤੇ ਤੁਰ ਕੇ ਸਿੱਖ ਸਮਾਜ ਤੇ ਹੋਰ ਸਮਾਜਿਕ ਕਾਰਜਾਂ ਵਿੱਚ ਸੁਧਾਰ ਲਿਆਉਣ ਲਈ ਵਡੇਰੇ ਕਾਰਜ ਕਰਨ। ਭਾਈ ਦਿੱਤ ਸਿੰਘ ਪੱਤ੍ਰਿਕਾ ਆਪਣੇ ਸੀਮਤ ਸਾਧਨਾ ਨਾਲ ਆਪਣੇ ਪੱਧਰ 'ਤੇ ਹਰ ਸਾਲ ਫਖਰ-ਏ-ਸਿੱਖ ਕੌਮ ਗਿਆਨੀ ਦਿੱਤ ਸਿੰਘ ਅਵਾਰਡ ਦਿੰਦੀ ਆ ਰਹੀ ਹੈ ਤੇ ਹੋਰ ਕਾਰਜ ਵੀ ਕਰਦੀ ਆ ਰਹੀ ਹੈ। ਜਨਮ ਦਿਹਾੜੇ ਦੀ ਵਧਾਈ ਦੇ ਨਾਲ ਨਾਲ ਸਾਰਿਆ ਨੂੰ ਬੇਨਤੀ ਹੈ ਗਿਆਨੀ ਦਿੱਤ ਸਿੰਘ ਜੀ ਪ੍ਰਤੀ ਸੁਹਿਰਦ ਹੋਣ।

**ਪ੍ਰਿੰਸੀਪਲ ਨਸੀਬ ਸਿੰਘ ਸੇਵਕ (ਸੰਪਾਦਕ ਗਿਆਨੀ ਦਿੱਤ ਸਿੰਘ ਪੱਤ੍ਰਿਕਾ)**  
9465216530

# ਵਿਸਾਖ ਨਾਮ ਤੋਂ ਬਣਿਆ ਵਿਸਾਖੀ





ਜਸਕੀਰਤ ਸਿੰਘ
ਮੋਬਾਈਲ :- 98889-49201

ਵਿਸਾਖੀ ਨਾਮ ਵਸਾਖ ਤੋਂ ਬਣਿਆ ਹੈ। ਵਿਸਾਖੀ ਦਾ ਨਾਂ ਸੁਣਦਿਆਂ ਹੀ ਦੇ ਦਿਲੋ-ਦਿਮਾਗ 'ਚ ਪੰਜਾਬ ਦਾ ਜੋਸੀਲਾ ਗਿੱਧਾ ਤੇ ਭੰਗੜਾ ਅੱਖਾਂ ਸਾਹਮਣੇ ਆ ਜਾਂਦੇ ਹਨ। ਇਹਨਾਂ ਦਿਨਾਂ ਵਿੱਚ ਨੌਜਵਾਨ ਮੁੰਡੇ ਅਤੇ ਕੁੜੀਆਂ ਦੀਆਂ ਟੋਲੀਆਂ ਭੰਗੜਾ ਗਿੱਧਾ ਕਰਦੇ ਹੋਏ ਪੰਜਾਬ ਦੀ ਗਲੀ-ਗਲੀ ਚ ਦਿਖਾਈ ਦਿੰਦੀਆਂ ਹਨ।

ਸਰਦੀ ਦੀ ਰੁੱਤ ਦੇ ਖਤਮ ਹੋਣ ਅਤੇ ਹੋਲੀ ਦੇ ਰੰਗਾਂ ਤੋਂ ਬਾਅਦ ਇਹ ਤਿਉਹਾਰ ਆਉਂਦਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਅੰਬ ਦੇ ਦਰੱਖਤਾਂ ਨੂੰ ਬੁਰ ਲੱਗ ਜਾਂਦਾ ਹੈ। ਦਰੱਖਤਾਂ ਤੋਂ ਇਕ ਅਨੋਖੀ ਖੁਸਬੂ ਆਉਂਦੀ ਹੈ ਅਤੇ ਖੇਤਾਂ 'ਚ ਕਣਕ ਦੀਆਂ ਬੱਲੀਆਂ ਲਹਿ ਲਹਾਉਂਦੀਆਂ ਨਜਰ ਆਉਂਦੀਆਂ ਹਨ। ਕਿਸਾਨਾਂ ਦੀ ਛੇ ਮਹੀਨਿਆਂ ਦੀ ਸਖਤ ਮਿਹਨਤ ਇਸ ਕਣਕ ਦੀ ਫਸਲ ਚ ਫਲਦੀ ਹੋਈ ਦਿਸਦੀ ਹੈ ਅਤੇ ਇਹ ਖੂਬਸੂਰਤ ਦਿਨ ਕਿਸਾਨਾਂ ਨੂੰ ਖੁਸੀ ਨਾਲ ਭਰ ਦਿੰਦਾ ਹੈ।

ਪੰਜਾਬ ਚ ਵਿਸਾਖੀ ਅਸਲ ਚ ਸਿੱਖ ਧਰਮ ਦੀ ਸਥਾਪਨਾ ਅਤੇ ਫਸਲ ਪੱਕਣ ਦੇ ਪ੍ਰਤੀਕ ਵਜੋਂ ਮਨਾਈ ਜਾਂਦੀ ਹੈ। ਇਸ ਮਹੀਨੇ ਫਸਲ ਪੂਰੀ ਤਰ੍ਹਾਂ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਪੱਕੀ ਹੋਈ ਫਸਲ ਨੂੰ ਕੱਟਣ ਦੀ ਸੁਰੂਆਤ ਵੀ ਹੋ ਜਾਂਦੀ ਹੈ। ਅਜਿਹੇ 'ਚ ਕਿਸਾਨ ਕਣਕ ਦੀ ਫਸਲ ਪੱਕਣ ਦੀ ਖੁਸੀ ਚ ਇਹ ਤਿਉਹਾਰ ਮਨਾਉਂਦੇ ਹਨ।

ਫਸਲ ਕੱਟਣ ਦੀ ਸੁਰੂਆਤ . ਵਿਸਾਖੀ ਧਾਰਮਿਕ ਤਿਉਹਾਰ ਤਾਂ ਹੈ ਹੀ ਪਰ ਇਸਦਾ ਮਹੱਤਵ ਇਕ ਫਸਲੀ ਤਿਉਹਾਰ ਵਜੋਂ ਜਆਿਦਾ ਹੋਣ ਕਾਰਨ ਇਹ ਕਿਸਾਨਾਂ ਦਾ ਮੁੱਖ ਤਿਉਹਾਰ ਵੀ ਮੰਨਿਆ ਜਾਂਦਾ ਹੈ ਅਤੇ ਇਸ ਤਿਉਹਾਰ ਨੂੰ ਉਹ ਬਹੁਤ ਹੀ ਖੁਸੀ ਨਾਲ ਮਨਾਉਂਦੇ ਹਨ। ਇਹ ਤਿਉਹਾਰ ਸਿਰਫ ਪੰਜਾਬ ਤਕ ਸੀਮਤ ਹੋਵੇ ਅਜਿਹਾ ਨਹੀਂ ਹੈ, ਸਗੋਂ ਪੂਰੇ ਭਾਰਤ ਚ ਇਹ ਕਿਸੇ ਨਾ ਕਿਸੇ ਰੂਪ 'ਚ ਮਨਾਇਆ ਜਾਂਦਾ ਹੈ। ਅਪ੍ਰੈਲ ਮਹੀਨੇ ਦੀ 13 ਜਾਂ 14 ਤਰੀਕ ਨੂੰ ਮਨਾਈ ਜਾਣ ਵਾਲੀ ਵਿਸਾਖੀ ਕਣਕ ਦੀ ਫਸਲ ਪੱਕਣ ਮੌਕੇ ਮਨਾਈ ਜਾਂਦੀ ਹੈ। ਇਸ ਫਸਲ ਨੂੰ ਕੱਟਣ ਦਾ ਸੁਭ ਆਰੰਭ ਪੰਜਾਬ 'ਚ ਵਿਸਾਖੀ ਦੇ ਦਿਨ ਤੋਂ ਹੀ ਹੁੰਦਾ ਹੈ। ਇਸ ਸਮੇਂ ਕਣਕ ਦੀ ਫਸਲ ਤਿਆਰ ਹੋ ਜਾਂਦੀ ਹੈ। ਇਸ ਤਿਉਹਾਰ ਨਾਲ ਕਿਸਾਨ ਆਪਣੇ ਖੇਤਾਂ 'ਚ ਕਣਕ ਦੀ ਕਟਾਈ ਸੁਰੂ ਕਰ ਦਿੰਦੇ ਹਨ ਫਸਲ ਚੰਗੀ ਹੋਈ ਤਾਂ ਕਿਸਾਨਾਂ ਦੀ ਖੁਸੀ ਦਾ ਟਿਕਾਣਾ ਨਹੀਂ ਰਹਿੰਦਾ । ਕਿਸਾਨ ਖੇਤਾਂ 'ਚ ਨੱਚਦਾ , ਗਾਉਂਦਾ , ਭੰਗੜੇ ਪਾਉਂਦਾ ਦਿਖਾਈ ਦਿਦਾ ਹੈ । ਇਸ ਦਿਨ ਕਿਸਾਨ ਸਵੇਰੇ- ਸਵੇਰੇ ਧਾਰਮਿਕ ਸਥਾਨਾਂ ਤੇ ਜਾ ਕੇ ਰੱਬ ਦਾ ਸੁਕਰਾਨਾ ਕਰਦੇ ਹਨ ਅਤੇ ਫਿਰ ਫਸਲਾਂ ਦੀ ਕਟਾਈ ਦਾ ਕੰਮ ਸੁਰੂ ਕਰਦੇ ਹਨ ।

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਪੰਜਾਬ ਦੀਆਂ ਫ਼ਸਲਾਂ ਅਤੇ ਸੱਭਿਆਚਾਰ ਦੇ ਰੰਗ ਨੂੰ ਇੰਝ ਬਿਆਨ ਕੀਤਾ ਹੈ।

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,**
**ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ,**
**ਸੰਮਾਂ ਵਾਲੀ ਡਾਗਾਂ ਉੱਤੇ ਤੇਲ ਲਾਇਕੇ,**
**ਕੱਛੇਮਾਰ ਵੰਝਲੀ ਅਨੰਦ ਛਾ ਗਿਆ, ।**

ਧਾਰਮਿਕ ਤੇ ਇਤਿਹਾਸਕ ਮਹਤੱਤਾ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਹੀ ਸਾਲ 1699 'ਚ ਸ੍ਰੀ ਆਨੰਦਪੁਰ ਸਾਹਿਬ 'ਚ ਖਾਲਸਾ ਪੰਥ ਦੀ ਨੀਂਹ ਰੱਖੀ ਸੀ, ਇਸ ਲਈ ਸਿੱਖਾਂ ਦੇ ਵਿਚ ਵਿਸਾਖੀ ਦਾ ਤਿਉਹਾਰ ਮਨਾਇਆ ਜਾਣ ਲੱਗਾ। ਖਾਲਸਾ ਪੰਥ ਦੀ ਸਥਾਪਨਾ ਦੇ ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦਾ ਮੁੱਖ ਟੀਚਾ ਲੋਕਾਂ ਨੂੰ ਤਤਕਾਲੀ ਮੁਗਲ ਸਾਸਕਾਂ ਦੇ ਜੁਲਮਾਂ ਤੋਂ ਮੁਕਤ ਕਰ ਕੇ ਉਨ੍ਹਾਂ ਦੇ ਧਾਰਮਿਕ, ਨੈਤਿਕ ਅਤੇ ਵਿਵਹਾਰਕ ਜੀਵਨ ਨੂੰ ਉੱਤਮ ਬਣਾਉਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਖਾਲਸਾ ਪੰਥ ਦੀ ਸਾਜਨਾ ਕਰਨੀ ਸੀ ਤਾਂ ਸਿੱਖਾਂ ਦੀ ਪਰਖ ਵਾਸਤੇ ਪੰਜ ਸਿਰ ਮੰਗੇ ਗਏ। ਫਿਰ ਇੱਕ ਇੱਕ ਕਰਕੇ ਪੰਜ ਸਿੱਖ ਚੁਣੇ ਗਏ। ਉਪਰੰਤ ਖੰਡੇ ਦੀ ਪਹੁਲ ਸੁਰੂ ਕੀਤੀ ਜਿਸ ਦਾ ਨਾਂ ਅੰਮ੍ਰਿਤ ਛੱਕਣਾ ਪੈ ਗਿਆ। ਇਨ੍ਹਾਂ ਸੀਸ ਭੇਟ ਕਰਨ ਵਾਲਿਆਂ ਨੂੰ ਸਭ ਤੋਂ ਪਹਿਲਾਂ ਖੰਡੇ ਦੀ ਪਹੁਲ ਪ੍ਰਾਪਤ ਹੋਈ। ਦਸਮ ਪਾਤਸਾਹ ਨੇ ਇਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਨਾਲ ਨਿਵਾਜਿਆ। ਇਨ੍ਹਾਂ ਪੰਜ ਪਿਆਰਿਆਂ ਵਿਚਕਾਰ, ਗੁਰੂ ਜੀ ਖੁਦ ਹਾਜਰ ਸਨ ਤੇ ਗੁਰੂ ਸਾਹਿਬਾਨ ਨੂੰ ਹਾਜਰ ਨਾਜਰ ਸਮਝਿਆ ਜਾਂਦਾ ਸੀ ।ਇਨ੍ਹਾਂ ਪੰਜ ਪਿਆਰਿਆਂ ਨੇ ਬਾਕੀ ਸਿੱਖਾਂ ਨੂੰ ਜਿਹਨਾਂ ਨੇ ਖੰਡੇ ਦੀ ਪਹੁਲ ਗ੍ਰਹਿਣ ਦੀ ਯਾਚਨਾ ਕੀਤੀ ਨੂੰ ਪਹੁਲ ਦਿੱਤੀ। ਜਿਹਨਾਂ ਨੇ ਪਹੁਲ ਲਈ ਸੀ ਫਿਰ ਉਹਨਾਂ ਨੇ ਕਈ ਜੱਥਿਆਂ ਵਿੱਚ ਦੂਰ-ਦੁਰਾਡੇ ਜਾ ਕੇ ਸਿੰਘਾਂ ਨੂੰ ਖੰਡੇ ਦੀ ਪਹੁਲ ਦਿੱਤੀ। ਇਹ ਪਹੁਲ ਦੇਣ ਵਾਲੇ ਤੋਂ ਇਹ ਸੇਵਾ ਨਿਭਾਉਣ ਵਾਲੇ ਬਹੁਤ ਸਾਰੇ ਜੱਥੇ ਸਨ, ਪਰ ਉਹ ਪੰਜ-ਪੰਜ ਸਿੱਖਾਂ ਦੇ ਜਥੇ ਸਨ ਤੇ ਪੰਜ ਪਿਆਰੇ ਨਹੀਂ ਸਨ ।

ਇਸੇ ਦਿਨ 13 ਅਪ੍ਰੈਲ 1919 ਨੂੰ ਹਜਾਰਾਂ ਲੋਕ ਰੋਲਟ ਐਕਟ ਦੇ ਵਿਰੋਧ 'ਚ ਪੰਜਾਬ ਦੇ ਅੰਮ੍ਰਿਤਸਰ ਚ ਸਥਿਤ ਜਲਿਆਂਵਾਲਾ ਬਾਗ ਚ ਇਕੱਠੇ ਹੋਏ ਸਨ। ਜਨਰਲ ਡਾਇਰ ਨੇ ਇਸੇ ਦਿਨ ਹਜਾਰਾਂ ਲੋਕਾਂ ਤੇ ਅੰਨੇਵਾਹ ਗੋਲੀਆਂ ਚਲਾਈਆਂ ਅਤੇ ਅਣਗਿਣਤ ਬੇਕਸੂਰ ਲੋਕਾਂ ਨੂੰ ਮਾਰ ਦਿੱਤਾ। ਇਸ ਘਟਨਾ ਨੇ ਦੇਸ ਦੀ ਆਜਾਦੀ ਦੇ ਅੰਦੋਲਨ ਨੂੰ ਇਕ ਨਵੀਂ ਦਿਸਾ ਪ੍ਰਦਾਨ ਕੀਤੀ। . ਉਥੇ ਹੀ ਹਿੰਦੂ ਧਰਮ ਦੇ ਲੋਕ ਇਸ ਨੂੰ ਨਵੇਂ ਸਾਲ ਦੇ ਰੂਪ 'ਚ ਵੀ ਮਨਾਉਂਦੇ ਹਨ। ਇਸ ਦਿਨ ਹਿੰਦੂ ਧਰਮ ਵਿਚ ਲੋਕ ਇਸਨਾਨ ਕਰਕੇ ਖਾਣੇ ਨੂੰ ਭੋਗ ਆਦਿ ਲਗਾ ਕੇ ਪੂਜਾ ਕਰਦੇ ਹਨ। ਹਿੰਦੂ ਪੌਰਾਣਿਕ ਗ੍ਰੰਥਾਂ ਅਨੁਸਾਰ ਇਹ ਮਾਨਤਾ ਹੈ ਕਿ ਹਜਾਰਾਂ ਸਾਲ ਪਹਿਲਾਂ ਭਗੀਰਥ ਕਠੋਰ ਤਪੱਸਿਆ ਤੋਂ ਬਾਅਦ ਦੇਵੀ ਗੰਗਾ ਨੂੰ ਧਰਤੀ ਤੇ ਉਤਾਰਨ 'ਚ ਇਸੇ ਦਿਨ ਸਫਲ ਹੋਏ ਸਨ, ਇਸ ਲਈ ਇਸ ਦਿਨ ਲੋਕ ਰਵਾਇਤੀ ਤੌਰ 'ਤੇ ਗੰਗਾ ਇਸਨਾਨ ਕਰਨ ਨੂੰ ਵੀ ਪਵਿੱਤਰ ਮੰਨਦੇ ਹਨ ਤੇ ਦੇਵੀ ਗੰਗਾ ਦੀ ਉਸਤਤ ਕਰਦੇ ਹਨ, ਗੰਗਾ ਚਾਲੀਸਾ ਦਾ ਪਾਠ ਕਰਦੇ ਹਨ। ਹਰਿਦੁਆਰ, ਬਨਾਰਸ, ਪ੍ਰਯਾਗ ਆਦਿ ਧਾਰਮਿਕ ਸਥਾਨਾਂ ਤੇ ਗੰਗਾ ਆਰਤੀ 'ਚ ਸਾਮਲ ਹੁੰਦੇ ਹਨ ਤੇ ਗੰਗਾ ਮਈਆ ਦੀ ਪੁਜਾ ਕਰਦੇ ਹਨ।

ਹੋਰ ਸੂਬਿਆਂ ਅਤੇ ਹੋਰ ਧਰਮਾਂ 'ਚ ਵੀ ਵਿਸਾਖੀ ਦੇ ਤਿਉਹਾਰ ਦਾ ਆਪਣਾ ਮਹੱਤਵ ਹੈ। ਅੱਜ ਤੋਂ ਲੱਗਭਗ ਦੋ ਹਜਾਰ ਸਾਲ ਪਹਿਲਾਂ ਵਿਸਾਖੀ ਦੇ ਦਿਨ ਹੀ ਭਗਵਾਨ ਬੁੱਧ ਨੂੰ ਗਿਆਨ ਪ੍ਰਾਪਤੀ ਤੋਂ ਬਾਅਦ ਬੌਧਤਵ ਪ੍ਰਾਪਤ ਹੋਇਆ ਸੀ ਅਤੇ ਬੰਧ ਸੰਘਦੀ ਸਥਾਪਨਾ ਕੀਤੀ ਗਈ ਸੀ। ਇਸ ਲਈ ਬੌਧ ਧਰਮੀ ਵਿਸਾਖੀ ਨੂੰ ਇਕ ਵਿਸੇਸ ਦਿਨ ਮੰਨਦੇ ਹਨ। ਬੰਗਾਲੀ ਅਤੇ ਕਸਮੀਰੀ ਭਾਈਚਾਰੇ ਵਿਸਾਖੀ ਵਾਲੇ ਦਿਨ ਤੋਂ ਹੀ ਆਪਣੇ ਨਵੇਂ ਸਾਲ ਦਾ ਸੁਭ ਆਰੰਭ ਕਰਦੇ ਹਨ। ਦੱਖਣੀ ਭਾਰਤ ਦੇ ਕੇਰਲ ਚ ਵੀ ਇਹ ਤਿਉਹਾਰ ਵਿਸੂ ਨਾਂ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਨਵੇਂ-ਨਵੇਂ ਕੱਪੜੇ ਖਰੀਦਦੇ ਹਨ, ਆਤਿਸਬਾਜੀ ਹੁੰਦੀ ਹੈ ਅਤੇ ਵਿਕਾਨਾਂ ਸਜਾਈ ਜਾਂਦੀ ਹੈ। ਇਸ ਵਿਚ ਫੁੱਲ, ਫਲ ਅਨਾਜ ,ਕੱਪੜੇ , ਸੋਨਾ ਆਦਿ ਸਜਾ ਕੇ ਸਵੇਰੇ ਉੱਠ ਕੇ ਇਸ ਦੇ ਦਰਸਨ ਕਰਦੇ ਹਨ ਅਤੇ ਸੁੱਖ ਸਮਰਿੱਧੀ ਦੀ ਕਾਮਨਾ ਕਰਦੇ ਹਨ ।

ਇਹ ਤਿਉਹਾਰ ਸਦੀਆਂ ਸਦੀਆਂ ਤੱਕ ਇਸੇ ਤਰਾਂ ਹੱਸਦੇ ਗਾਉਂਦੇ ਭੰਗੜਾ ਪਾਉਂਦੇ ਮਨਾਇਆ ਜਾਵੇਂਗਾ ।

# ਮਨੁੱਖਤਾ ਦੀ ਬਰਾਬਰੀ ਦਾ ਆਦਰਸ ਹੈ - ਵਿਸਾਖੀ

ਵਿਸਾਖੀ ਦਾ ਤਿਉਹਾਰ ਭਾਰਤੀ ਇਤਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਵਿੱਚ ਤਾਂ ਵਿਸਾਖੀ ਨੂੰ ਨਵ -ਜਾਗ੍ਰਿਤੀ ਦਾ ਦਿਵਸ ਸਵੀਕਾਰ ਕੀਤਾ ਗਿਆ ਹੈ। ਇਸ ਪਾਵਨ ਦਿਹਾੜੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਚਰਨੁ ਪਾਹੁਲ ਦੀ ਜਗ੍ਹਾ ਖੰਡੇ ਬਾਟੇ ਦੇ ਅੰਮ੍ਰਿਤ ਦਾ ਪ੍ਰਵਾਹ ਸ਼ੁਰੂ ਹੋਇਆ। ਵਿਸਾਖੀ ਦਾ ਦਿਨ ਖਾਲਸਾ ਸਿਰਜਣਾ ਦਿਵਸ ਦੇ ਸਰੂਪ ਵਿੱਚ ਨੀਯਤ ਹੈ। ਖਾਲਸਾ ਪੰਥ ਦੀ ਸਿਰਜਣਾ ਦੇ ਦੌਰ ਦੀ ਗੱਲ ਕਰੀਏ ਤਾਂ ਪੂਰਾ ਸਮਾਜ ਆਮ ਤੇ ਖਾਸ, ਵਰਣਾਂ, ਜਾਤੀਆਂ, ਧਰਮਾਂ, ਬਾਰਾਦਰੀਆਂ ਵਿੱਚ ਵੰਡਿਆ ਹੋਇਆ ਸੀ, ਅੱਜ ਵੀ ਹੈ। ਇੱਥੇ ਮਨੁੱਖ ਦੀ ਪਛਾਣ ਉਸਦੇ ਮਜਹਬ ਅਤੇ ਜਾਤੀ ਦੇ ਅਧਾਰ ਤੇ ਹੁੰਦੀ ਰਹੀ ਹੈ। ਜਦ ਤੱਕ ਅਸੀਂ ਬੰਦੇ ਦੀ ਜਾਤੀ ਨਾ ਪਤਾ ਕਰ ਲਈਏ, ਸਾਨੂੰ ਉਸਨੂੰ ਜਾਣਨਾ ਅਧੂਰਾ ਲੱਗਦਾ ਰਹਿੰਦਾ ਹੈ। ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਇਸੇ ਅਧਾਰ ਤੇ ਅਸੀਂ ਫੈਸਲਾ ਕਰਦੇ ਹਾਂ ਕਿ ਇਸ ਬੰਦੇ ਨਾਲ ਸਾਡੇ ਸਬੰਧਾਂ ਦਾ ਮੂੰਹ ਮੁਹਾਂਦਰਾ ਕਿਹੋ ਜਿਹਾ ਹੋਵੇਗਾ। ਉਸਨੂੰ ਅਸੀਂ ਆਪਣੀ ਜਾਤੀ ਤੋਂ ਉੱਚਾ ਸਮਝਾਗੇ ਜਾਂ ਨੀਵਾਂ! ਉਹ ਸਾਡੇ ਨਾਲ ਇਕੋ ਮੰਜੇ ਤੇ ਬੈਠਣ ਦੇ ਕਾਬਿਲ ਹੈ ਜਾਂ ਨਹੀਂ, ਸਾਡੇ ਨਾਲ ਇਕੋ ਪੰਗਤ ਵਿੱਚ ਬਹਿ ਕੇ ਖਾਣਾ ਖਾ ਸਕਦਾ ਕਿ ਨਹੀਂ , ਸਾਡੇ ਨਾਲ ਉਸ ਦੀ ਕੋਈ ਰਿਸਤੇਦਾਰੀ ਬਣ ਸਕਦੀ ਕਿ ਨਹੀਂ! ਇਸ ਦੇਸ ਵਿੱਚ ਜਾਤੀ ਪ੍ਰਥਾ ਦੇ ਨਤੀਜੇ ਵਜੋਂ ਮਨੁੱਖ ਜਿਹੜਾ ਮਨੁੱਖ ਬਣਿਆ ਉਹ ਗੈਰ ਬਰਾਬਰੀ ਦੀ ਮਾਨਸਿਕਤਾ ਲੈ ਕੇ ਹੀ ਬਣਿਆ। ਸਮਾਜ ਸ਼ਾਸ਼ਤਰੀ ਇਸ ਨੂੰ ਪੌੜੀ ਵਿਵਸਥਾ ਕਹਿੰਦੇ ਹਨ। ਇੱਕ ਵਰਗ ਸਭ ਤੋਂ ਉਤਲੀ ਪੌੜੀ ਤੇ ਖੜਾ ਹੈ, ਫਿਰ ਪੌੜੀ ਦਰ ਪੌੜੀ ਉਹ ਥੱਲੇ ਵੱਲ ਤੁਰਦਾ ਜਾਂਦਾ ਹੈ। ਕਿਸੇ ਨੂੰ ਨਹੀਂ ਪਤਾ ਕਿ ਸਭ ਤੋਂ ਅਖੀਰਲੀ ਪੌੜੀ ਕਿਹੜੀ ਹੈ।

ਅਜਿਹੀ ਗੈਰ ਬਰਾਬਰੀ ਵਿੱਚ ਇੱਕ ਵਰਗ ਦੂਸਰੇ ਵਰਗ ਦੀ ਅਧੀਨਤਾ ਅਤੇ ਤਾਨਾਸ਼ਾਹੀ ਰੂਪ ਨੂੰ ਸਹਾਰਦਾ ਆਇਆ ਹੈ।

ਮਨੁੱਖੀ ਗੈਰ ਬਰਾਬਰੀ ਦੀ ਮਾਨਤਾ ਪੂਰੀ ਦੁਨੀਆਂ ਵਿੱਚ ਛਾਈ ਹੋਈ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇੱਕ ਅਜਿਹਾ ਰੱਬੀ ਮਿਸ਼ਨ ਚਲਾਇਆ ਜਿਸ ਵਿੱਚ ਸਿੱਖ ਧਰਮ ਦੇ ਪੈਗੰਬਰ ਨਿਮਾਣਿਆਂ ਦੇ ਮਾਣ ਤੇ ਨਿਤਾਣਿਆਂ ਦੇ ਤਾਣ ਬਣੇ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਨੀਚ ਤੇ ਸ਼ੂਦਰ ਅਖਵਾਉਣ ਵਾਲਿਆਂ ਨੂੰ ਗਲ ਨਾਲ ਲਾਇਆ ਅਤੇ ਕਿਹਾ

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਨਾਲ ਹੀ ਕਿਹਾ -

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਭਾਵ ਕਿ ਪਰਮਾਤਮਾ ਦੀ ਬਖਸ਼ਿਸ਼ ਦੀ ਦ੍ਰਿਸ਼ਟੀ ਉੱਥੇ ਪੈਂਦੀ ਹੈ , ਜਿੱਥੇ ਨੀਚ ਸਮਝੇ ਜਾਣ ਵਾਲੇ ਲੋਕਾਂ ਨੂੰ ਸੰਭਾਲਿਆ ਜਾਂਦਾ ਹੈ। ਦਸਮ ਪਾਤਸਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਪ੍ਰਗਟ ਕਰ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੇ ਮਿਸ਼ਨ ਨੂੰ ਸੰਪੂਰਨਤਾ ਬਖਸ਼ੀ। ਜਿਸ ਸਚਿਆਰ ਅਥਵਾ ਗੁਰਮੁਖ ਦੀ ਘਾੜਤ, ਸ਼ਬਦ ਦੀ ਸੱਚੀ ਟਕਸਾਲ ਵਿੱਚ ਬਾਬੇ ਨੇ ਘੜੀ, ਜਿਸ ਨੂੰ ਨੌਂ ਗੁਰੂ ਸਹਿਬਾਨਾਂ ਨੇ ਸਜਾਇਆ, ਸਵਾਰਿਆ ਅਤੇ ਸ਼ਿੰਗਾਰਿਆ , ਦਸਮ ਪਾਤਸਾਹ ਨੇ ਉਸ ਆਦਰਸ਼ਕ ਮਨੁੱਖ ਦੀ ਅਗੰਮੀ ਪ੍ਰੀਖਿਆ ਲੈਣ ਉਪਰੰਤ ਉਸਨੂੰ ਖਾਲਸਾ ਦੇ ਨਾਅ ਤੇ ਪਦਵੀ ਨਾਲ ਸ਼ੁਸ਼ੋਭਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੇ ਪੰਜ ਬੰਦਿਆਂ ਨੂੰ ਅੰਮ੍ਰਿਤ ਛਕਾਇਆ, ਉਹਨਾਂ ਵਿੱਚੋਂ ਚਾਰ ਸ਼ੂਦਰ ਸਮਝੇ ਜਾਂਦੇ ਸਨ। ਪਹਾੜੀ ਰਾਜਪੂਤ ਰਾਜੇ ਗੁਰੂ ਗੋਬਿੰਦ ਸਿੰਘ ਨਾਲ ਖਾਰ ਇਸ ਕਰਕੇ ਖਾਂਦੇ ਸਨ ਕਿਉਂਕਿ ਗੁਰੂ ਸਾਹਿਬ ਅਤੇ ਰਾਜਪੂਤਾਂ ਦੇ ਵਿਚਾਰਾਂ ਵਿੱਚ ਇੱਕ ਬੁਨਿਆਦੀ ਫਰਕ ਸੀ। ਗੁਰੂ ਗੋਬਿੰਦ ਸਿੰਘ ਜੀ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ। ਉਹਨਾਂ ਦੇ ਸਿੱਖਾਂ ਵਿੱਚ ਬਹੁ ਗਿਣਤੀ ਉਨ੍ਹਾਂ ਦੀ ਸੀ, ਜਿੰਨਾ ਨੂੰ ਰਾਜਪੂਤ, ਰਾਜੇ ਜਾਂ ਮੁਗਲ ਸ਼ੂਦਰ ਅਤੇ ਨੀਵੀਂ ਜਾਤੀ ਵਾਲੇ ਸਮਝ ਕੇ ਧੁਤਕਾਰਦੇ ਸਨ, ਆਪਣੇ ਨੇੜੇ ਨਹੀਂ ਸਨ ਲੱਗਣ ਦਿੰਦੇ। ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਸੀ, ਉਸ ਵਿੱਚ ਉਹਨਾਂ ਲੋਕਾਂ ਦੀ ਗਿਣਤੀ ਜਿਆਦਾ ਸੀ ਜਿੰਨਾ ਸਿੱਖ ਬਣਨ ਤੋਂ ਪਹਿਲਾਂ ਕਦੇ ਹੱਥ ਵਿੱਚ ਤਲਵਾਰ ਨਹੀਂ ਸੀ ਫੜੀ। ਮੁਗਲਾਂ ਤੇ ਰਾਜਿਆਂ ਨੇ ਕਦੇ ਨਹੀਂ ਸੀ ਸੋਚਿਆ ਕਿ ਨੀਵੀਂ ਜਾਤ ਦੇ ਸਮਝੇ ਜਾਣ ਵਾਲੇ ਸ਼ੂਦਰ ਲੋਕ ਕਦੇ ਤਲਵਾਰਾਂ ਫੜ ਉਹਨਾਂ ਦਾ ਮੁਕਾਬਲਾ ਕਰਨਗੇ।



ਹਰਕੀਰਤ ਕੌਰ
9779118066

ਮਨੁੱਖੀ ਬਰਾਬਰੀ ਅਤੇ ਊਚ ਨੀਚ ਦੀ ਮਾਨਸਿਕਤਾ ਦਾ ਖੰਡਨ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਨੇ ਸਾਰੇ ਸਿੱਖਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ ।ਜੋ ਮਨੁੱਖਤਾ ਦੀ ਬਰਾਬਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਸੀ । ਸੰਸਾਰ ਵਿੱਚ ਸ਼ਾਇਦ ਹੀ ਕਿਸੇ ਧਾਰਮਿਕ ਆਗੂ ਨੇ ਆਪਣੇ ਅਨੁਯਾਈਆਂ ਪ੍ਰਤੀ ਏਨੀ ਨਿਮਰਤਾ ਤੇ ਸਤਿਕਾਰ ਪ੍ਰਗਟ ਕੀਤਾ ਹੋਵੇ।

ਵਿਸਾਖੀ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦਾ ਪ੍ਰਮਾਣ ਹੈ। ਪਰ ਅਜੋਕੇ ਹਾਲਾਤ ਵੇਖ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਅਸੀਂ ਆਪਣੇ ਆਦਰਸ਼ਾਂ ਤੋਂ ਭਟਕ ਰਹੇ ਹਾਂ ।ਅੱਜ ਸਿੱਖ ਪ੍ਰੋਹਤਵਾਦ ਤੇ ਜਾਤ -ਪਾਤ ਦੇ ਬੰਧਨਾਂ ਵਿੱਚ ਫਸ ਰਿਹਾ ਹੈ। ਜਿਸ ਦੀ ਮਿਸਾਲ ਪਿੰਡਾਂ ਵਿੱਚ ਵੱਖਰੀਆਂ ਵੱਖਰੀਆਂ ਜਾਤਾਂ ਦੇ ਬਣੇ ਵੱਖਰੇ ਵੱਖਰੇ ਗੁਰੂਦੁਆਰੇ ਹਨ। ਜਿਸ ਖੰਡੇ ਬਾਟੇ ਦੇ ਅੰਮ੍ਰਿਤ, ਬਾਣੀ ਤੇ ਬਾਣੇ ਦੇ ਸੁਮੇਲ ਨੇ ਖਾਲਸੇ ਦਾ ਇਤਹਾਸ ਰਚਿਆ, ਅੱਜ ਗੁਰੂ ਦਸਵੇਂ ਪਾਤਸਾਹ ਵੱਲੋਂ ਬਖਸੀ ਰਹਿਤ ਨੂੰ ਪਿੱਠ ਦਿਖਾ ਦੇਹਧਾਰੀ, ਜਾਤ ਪਾਤ, ਵਹਿਮ ਭਰਮ ਤੇ ਨਸ਼ਿਆ ਦੇ ਜਾਲ ਵਿੱਚ ਫਸ ਪਤਿਤ ਹੋ ਰਿਹਾ ਹੈ। ਜਾਗਦੀ ਜਮੀਰ ਵਾਲੇ ਪੰਥਪ੍ਰਸਤ, ਨੇਕ ਤੇ ਸੂਝਵਾਨ ਸਿੱਖ ਇਸ ਅਧੋਗਤੀ ਅਤੇ ਨਿਰਾਸ਼ਤਾ ਵਿੱਚੋਂ ਖਾਲਸੇ ਨੂੰ ਕੱਢ ਸਿੱਖ ਸਿਧਾਂਤ, ਇਖਲਾਕ ਤੇ ਆਦਰਸ ਨੂੰ ਮੁੜ ਉਜਾਗਰ ਕਰਨ ਲਈ ਦ੍ਰਿੜ ਸੰਕਲਪ ਲੈਣ, ਤਾਂ ਜੋ ਖਾਲਸਾ ਇੱਕ ਵਾਰ ਫਿਰ ਗੈਰ ਬਰਾਬਰਤਾ ਨੂੰ ਤਿਆਗ ਆਪਣੇ ਇਤਹਾਸਿਕ ਸਨਮਾਨ ਤੇ ਪ੍ਰਤਿਸ਼ਠਤਾ ਨੂੰ ਮੁੜ ਸੁਰਜੀਤ ਕਰ ਸਕੇ।

## ‘ਤਬ ਗੁਰ ਸਿਸ ਕੋ ਬੰਦਨ ਕੀਨੀ ਅਤਿ ਹਿਤ ਲਾਇ।

# ਗੁਰੂ ਤੇਗ ਬਹਾਦਰ ਸਾਹਿਬ ਜੀ





ਸੁਰਜੀਤ ਸਿੰਘ ‘ਦਿਲਾ ਰਾਮ’
ਸੰਪਰਕ 99147-22933
ਐਮ.ਏ.ਧਰਮ ਅਧਿਐਨ

ਗੁਰ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਵਲੋਂ ਸੰਮਤ 1678 ਮੁਤਾਬਿਕ ਪਹਿਲੀ ਅਪ੍ਰੈਲ 1621 ਨੂੰ ਮਾਤਾ ਨਾਨਕੀ ਜੀ ਜੀ ਕੁਖੋਂ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ ।

ਆਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ ।ਆਪ ਜੀ ਦੇ ਚਾਰ ਭਰਾ ਬਾਬਾ ਗੁਰਦਿੱਤਾ ਜੀ ,ਬਾਬਾ ਸੂਰਜ ਮਾਲ ਜੀ, ਬਾਬਾ ਅਣੀ ਰਾਏ ਜੀ ,ਬਾਬਾ ਅਟੱਲ ਰਾਏ ਜੀ ਤੇ ਇੱਕ ਵੱਡੀ ਭੈਣ ਬੀਬੀ ਵੀਰੋ ਜੀ ਸੀ ।ਆਪ ਜੀ ਦੇ ਅਵਤਾਰ ਸਮੇਂ ਗੁਰੂ ਹਰਗੋਬਿੰਦ ਸਾਹਿਬ ਜੀ ਹਰਿਮੰਦਰ ਸਾਹਿਬ ਵਿਖੇ ਆਸਾ ਜੀ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ ਅਤੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਜਦੋ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਲਕ ਦੇ ਜਨਮ ਬਾਰੇ ਸੂਚਨਾ ਦਿੱਤੀ ਗਈ ਤਾਂ ਆਪ ਜੀ ਉਪਰੰਤ ਗੁਰੂ ਕੇ ਮਹਿਲ ਪਹੁੰਚੇ ।ਜਦੋਂ ਛੇਵੇਂ ਪਾਤਸ਼ਾਹ ਨੇ ਨਵੇਂ ਜੰਮੇ ਬਾਲਕ ਦੇ ਦਰਸ਼ਨ ਕੀਤੇ ਤਾਂ ਗੁਰੂ ਜੀ ਨੇ ਸਿਰ ਝੁਕਾ ਕੇ ਨਮਸਕਾਰ ਕੀਤੀ ।ਗੁਰੂ ਦਾ ਨਿਰਾਲਾ ਕਰਮ ਦੇਖ ਕੇ ਭਾਈ ਬਿਧੀ ਚੰਦ ਜੀ ਨੇ ਪੁੱਛਿਆ ਕਿ ਬਾਲਕ ਨੂੰ ਨਮਸਕਾਰ ਕਰਨ ਦਾ ਕੀ ਕਾਰਨ ਹੈ ।ਗੁਰ ਬਿਲਾਸ ਪਾਤਸ਼ਾਹੀ ਛੇਂਵੀ ਅਨੁਸਾਰ:-

‘ਤਬ ਗੁਰ ਸਿਸ ਕੋ ਬੰਦਨ ਕੀਨੀ ਅਤਿ ਹਿਤ ਲਾਇ।
ਬਿਧੀਆ ਕਹਿ ਕਸ ਬਿਨਤਿ ਕੀ ਕਹੋ ਮੋਹਿ ਸਤਿ ਭਾਇ।(੧੦੩੧) ਅਧਿਆਇ੯ *1

ਉਸ ਸਮੇਂ ਆਪ ਜੀ ਦਾ ਨਾਮ ਤਿਆਗ ਮੱਲ ਰਖਿਆ ਗਿਆ ।ਸ੍ਰੀ (ਗੁਰੂ )ਤੇਗ ਬਹਾਦਰ ਜੀ ਦੀ ਪੜ੍ਹਾਈ ਲਿਖਾਈ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੀ ਹੋਈ। ਆਪ ਜੀ ਨੂੰ ਗੁਰਬਾਣੀ ਤੇ ਧਰਮ ਗ੍ਰੰਥਾਂ ਦੀ ਪੜ੍ਹਾਈ ਦੇ ਨਾਲ ਨਾਲ ਸਸਤਰ ਦੀ ਵਰਤੋਂ ਤੇ ਸਵਾਰੀ ਆਦਿ ਦੀ ਸਿਖਲਾਈ ਵੀ ਕਰਵਾਈ ਗਈ।

ਅਮਲੀ ਜੀਵਨ ਨੂੰ ਕਿੰਨਾਂ ਉਚਾ ਸਥਾਨ ਦਿੰਦੇ ਸੀ, ਇਸ ਦੀ ਉਦਾਹਰਨ ਸਾਡੇ ਸਾਖੀਕਾਂਰਾ ਨੇ ਦਿੱਤੀ ਹੈ ।ਇੱਕ ਵਾਰੀ ਗੁਰੂ ਤੇਗ ਬਹਾਦਰ ਜੀ ਕੋਲ ਉਨ੍ਹਾਂ ਦੇ ਇੱਕ ਦੋਸਤ ਦੀ ਮਾਂ ਆਈ ਤੇ ਤੇ ਉਨ੍ਹਾਂ ਦੀ ਮਾਂ ਨੇ ਆਪ ਜੀ ਨੂੰ ਕਿਹਾ ਕਿ ਉਹ ਆਪਣੇ ਹਾਣੀ ਨੂੰ ਸਮਝਾਉਣ ,ਇਹ ਗੁੜ ਬਹੁਤ ਖਾਂਦਾ ਐਂ ।ਆਪ ਜੀ ਨੇ ਮਾਂ ਨੂੰ ਕੁਝ ਦਿਨਾਂ ਬਾਅਦ ਆਉਣ ਲਈ ਕਿਹਾ।

ਜਦੋ ਕੁਝ ਦਿਨਾਂ ਬਾਅਦ ਮਾਂ ਅਤੇ ਆਪ ਜੀ ਦਾ ਦੋਸਤ ਆਇਆ ਤਾਂ ਆਪ ਜੀ ਨੇ ਆਪਣੇ ਦੋਸਤ ਨੂੰ ਕਿਹਾ: ਮਿੱਤਰਾ ! ਗੁੜ ਨਹੀ ਖਈਦਾ ।ਮਾਂ ਨੇ ਕਿਹਾ ਇਹ ਤਾਂ ਤੁਸੀ ਉਸ ਦਿਨ ਵੀ ਕਹਿ ਸਕਦੇ ਸੀ ।ਉਸ ਸਮੇਂ( ਗੁਰੂ ) ਤੇਗ ਬਹਾਦਰ ਸਾਹਿਬ ਜੀ ਨੇ ਕਿਹਾ ਉਨ੍ਹਾਂ ਦਿਨਾਂ ਵਿੱਚ ਮੈ ਆਪ ਵੀ ਖਾਂਦਾ ਸੀ ।ਹੁਣ ਛੱਡਿਆ ਹੈ ਤਾਂ ਕਹਿਣ ਦੇ ਯੋਗ ਹੋਇਆ ਹਾਂ ।*2

ਆਪ ਜੀ ਕਿਸੇ ਦੁਖੀ ਨੂੰ ਦੇਖਦੇ ਤਾਂ ਅੱਗੇ ਹੋ ਕੇ ਉਸਦੀ ਸੇਵਾ ਕਰਦੇ ਸਨ। ਇੱਕ ਵਾਰੀ ਆਪਣੀ ਪੁਸ਼ਾਕ ਹੀ ਗਰੀਬ ਬੱਚੇ ਨੂੰ ਦੇ ਆਏ ਸਨ। ਜਦੋਂ ਮਾਂ ਨੇ ਕਿਹਾ:ਪੁੱਤ !ਇਹ ਕੀ ? ਤਾਂ ਆਪ ਜੀ ਫਰਮਾਇਆ :ਮਾਂ ਉਸ ਨੂੰ ਤਾਂ ਕਿਸੇ ਨੇ ਦੇਣੀ ਨਹੀਂ, ਤੇ ਤੁਸੀਂ ਮੈਨੂੰ ਹੋਰ ਲੈ ਦੇਵੋਗੇ ।ਤਵਾਰੀਖ ਗੁਰੂ ਖਾਲਸਾ ਪਾਤਸ਼ਾਹੀ ਨੌਵੀ ‘ਚ ਲਿਖਿਆ ਮਿਲਦਾ ਹੈ “ ਕਿ ਆਪ ਕਿਸੇ ਸਵਾਲੀ ਨੂੰ ਖਾਲੀ ਨਹੀਂ ਸੀ ਜਾਣ ਦਿੰਦੇ ।ਇਕ ਵਾਰ ਬਸਤ੍ਰ,ਸ਼ਸਤਰ, ਭੂਖਨ ਇਕ ਡੂੰਮ ਨੂੰ ਦੇ ਆਏ ।“ *3

ਤਕਰੀਬਨ 13ਸਾਲ ਦੇ ਹੀ ਹੋਏ ਸਨ ਕਿ ਆਪ ਜੀ ਦਾ ਵਿਆਹ ਭਾਈ ਲਾਲ ਚੰਦ ਕਰਤਾਰਪੁਰ( ਜਲੰਧਰ) ਦੀ ਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ ।ਜਦੋਂ ਲਾਲ ਚੰਦ ਨੇ ਬੜੀ ਨਿਮਰਤਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਹਾ ਕਿ ਉਸ ਕੋਲ ਦੇਣ ਲਈ ਕੁਝ ਨਹੀਂ ਤਾਂ ਗੁਰੂ ਜੀ ਨੇ ਕਿਹਾ: ਲਾਲ ਚੰਦ ਜਿੰਨਾਂ ਬਚੀ ਦੇ ਦਿਤੀ ਉਨ੍ਹਾਂ ਸਭ ਕੁਝ ਦੇ ਦਿਤਾ।

ਕਰਤਾਰਪੁਰ ਦੀ ਚੌਥੀ ਜੰਗ ਵਿੱਚ ਜਿਹੜੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਲੜੀ ਸੀ। ਉਸ ਵਿੱਚ (ਗੁਰੂ) ਤੇਗ ਬਹਾਦਰ ਜੀ ਨੇ ਖਾਸ ਹਿੱਸਾ ਲਿਆ, ਉਸ ਵੇਲੇ ਤਕਰੀਬਨ ਆਪ ਜੀ ਦੀ ਉਮਰ ਤੇਰਾਂ ਕੁ ਸਾਲ ਦੀ ਸੀ। ਪਰ ਜਿਸ ਦਲੇਰੀ ਅਤੇ ਫੁਰਤੀ ਨਾਲ ਆਪ ਜੀ ਲੜੇ ਉਸ ਨੇ ਇੱਕ ਚੰਗੇ ਯੋਧੇ ਵਾਲਾ ਭਵਿੱਖ ਦਰਸਾਇਆ ।ਗੁਰੂ ਹਰਗੋਬਿੰਦ ਸਾਹਿਬ ਜੀ ਨੇ ਤਿਆਗ ਮੱਲ ਨੂੰ ‘ ਤੇਗ ਬਹਾਦਰ ਕਹਿ ‘ਕੇ ਸਨਮਾਨਿਆ। ਕਰਤਾਰਪੁਰ ਦੀ ਚੌਥੀ ਜੰਗ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਖਿਤਾਬ ਵਜੋਂ ਉਨ੍ਹਾਂ ਦੀ ਕਮਾਲ, ਹੁਸ਼ਿਆਰੀ ਤੇ ਜੰਗੀ ਬਹਾਦਰੀ ਦੇਖ ਕੇ ਫ਼ਰਮਾਇਆ ਤੂੰ ਤਿਆਗ ਮੱਲ ਨਹੀਂ ਤੇਗ਼ ਬਹਾਦਰ ਹੈ।

ਆਪ ਜੀ ਦਾ ਗ੍ਰਿਹਿਸਥੀ ਜੀਵਨ ਬੜਾ ਸਾਦਾ ਤੇ ਪਵਿੱਤਰ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਛੋਟੇ ਪੋਤਰੇ ਸ੍ਰੀ ਹਰਿ ਰਾਇ ਜੀ ਨੂੰ ਗੁਰਤਾ ਗੱਦੀ ਦੀ ਜਿੰਮੇਵਾਰੀ ਸੰਭਾਲਣ ਲਈ ਪੂਰੀ ਤਰਾਂ ਯੋਗ ਜਾਣਕੇ 3 ਮਾਰਚ 1644 ਈ ਨੂੰ ਸਤਵੀਂ ਪਾਤਸ਼ਾਹੀ ਥਾਂਵੇ ਗੁਰਤਾ ਗੱਦੀ ਦਾ ਵਾਰਸ ਬਣਾ ਦਿਤਾ।

ਆਪਣੇ ਗੁਰੂ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਆਪਣੇ ਮਾਤਾ ਜੀ ਤੇ ਆਪਣੀ ਸੁਪਤਨੀ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ ਸਨ ।ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੀ ਗੁਰਿਆਈ ਦੇ ਉਪਰੋਕਤ ਸਮੇਂ ਦੌਰਾਨ ਹਿੰਦ ਦੇਸ਼ ਵਿੱਚ ਦੋ ਬਾਦਸ਼ਾਹ ਹੋਏ ਸਨ ,ਸ਼ਾਹਜਹਾਨ ਹਿੰਦ ਦਾ ਬਾਦਸ਼ਾਹ ਰਿਹਾ ਜਦਕਿ 1658 ਈ ਤੋਂ ਬਾਅਦ ਔਰੰਗਜ਼ੇਬ ਦਾ ਅਹਿਦ ਸ਼ੁਰੂ ਹੋ ਗਿਆ ਸੀ ।ਸ੍ਰੀ (ਗੁਰੂ )ਤੇਗ ਬਹਾਦਰ ਸਾਹਿਬ ਜੀ ਨੇ ਇਹ ਸਮਾਂ ਆਪਣੇ ਗੁਰੂ ਪਿਤਾ ਹੁਕਮ ਮੁਤਾਬਕ ਆਪਣੇ ਨਾਨਕੇ ਬਕਾਲੇ ਤੋਂ ਆਰੰਭ ਕੀਤਾ ਸੀ। ਆਪ ਜੀ ਆਪਣੀ ਮਾਤਾ ਨਾਨਕੀ ਅਤੇ ਧਰਮ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਘਰ ਰਹੇ ।ਇੱਥੇ ਇੱਕ ਸਿੱਖ ਭਾਈ ਮਹਿਰਾ ਸੀ ਜੋ ਬੜਾ ਧਨੀ ਅਤੇ ਆਪ ਜੀ ਦੇ ਮਹਾਨ ਗੁਣਾਂ ਨੂੰ ਦੇਖ ਕੇ ਆਪ ਜੀ ਦੀ ਸੇਵਾ ਤੇ ਸੰਗਤ ਕਰਨ ਲਈ ਆਉਦਾ ਸੀ ।ਆਪ ਜੀ ਨੇ ਭਜਨ ਬੰਦਗੀ ਦੇ ਨਾਲ ਕੀਰਤਪੁਰ ਸਾਹਿਬ ,ਮਾਲਵਾ ,ਹਰਿਆਣਾ, ਉੱਤਰ ਪ੍ਰਦੇਸ਼ ,ਬਿਹਾਰ ਆਦਿ ਪੂਰਬੀ ਪ੍ਰਦੇਸ਼ਾਂ ਦੇ ਨਗਰਾਂ ‘ਚ ਸਿੱਖੀ ਦਾ ਪ੍ਰਚਾਰ ਆਪਣੀ ਮਾਤਾ ਜੀ ,ਧਰਮ ਪਤਨੀ ਅਤੇ ਰਿਸ਼ਤੇ ਵਿਚ ਲਗਦੇ ਆਪਣੇ ਸਾਲੇ ਕਿਰਪਾਲ ਚੰਦ ਤੇ ਹੋਰ ਸਿਖਾਂ ਨਾਲ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਬਾਣੀ ਰਾਹੀਂ ਦਰਸਾਏ ਪਹਿਲੇ ਗੁਰੂ ਜਾਮਿਆਂ ਦੇ ਸਮੁੱਚੇ ਫਲਸਫੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਸਨਿਆਸੀਆਂ ,ਜੋਗੀਆਂ, ਵਾਲੇ ਏਕਾਂਤੀ ਜੀਵਨ ਦੇ ਕਾਇਲ ਨਹੀਂ ਸਨ ।ਬਕਾਲੇ ਵਿਖੇ ਹੀ ਸ੍ਰੀ ਤੇਗ ਬਹਾਦਰ ਜੀ ਦੇ ਸਾਲੇ ਕਿਰਪਾਲ ਚੰਦ ਕਈ ਵਾਰੀ ਆਪਣੀ ਭੈਣ ਗੁਜਰੀ ਜੀ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਤੋਂ ਬਕਾਲੇ ਆ ਜਾਂਦੇ ਸਨ ਅਤੇ ਕਈ ਵਾਰ(ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ ਕਿਰਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਚਲੇ ਜਾਂਦੇ ਸਨ ।

ਕਿਰਪਾਲ ਚੰਦ ਗੁਰੂ ਹਰ ਰਾਇ ਸਾਹਿਬ ਜੀ ਦੇ 2200 ਘੋੜ ਸਵਾਰਾਂ ਦੀ ਫੌਜੀ ਟੁਕੜੀ ਵਿਚ ਤਾਇਨਾਤ ਸਨ ।ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਕੀਰਤਪੁਰ ਕ੍ਰਿਪਾਲ ਚੰਦ ਨੂੰ ਮਿਲਣ ਲਈ ਜਾਂਦੇ ਤਾਂ ਉਹ ਲਾਜ਼ਮੀ ਤੌਰ ਤੇ ਗੁਰੂ ਹਰ ਰਾਏ ਸਾਹਿਬ ਦੇ ਦਰਬਾਰ ਵਿਚ ਹਾਜ਼ਰੀ ਵੀ ਭਰਦੇ ਸਨ। ਗੁਰੂ ਹਰਿਰਾਏ ਸਾਹਿਬ ਜੀ (ਗੁਰੂ) ਤੇਗ ਬਹਾਦਰ ਜੀ ਦੇ ਭਤੀਜੇ ਸਨ ।

6 ਅਕਤੂਬਰ,1661 ਨੂੰ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾਏ ਸਨ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ ਗੱਦੀ ਮਿਲੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਤਿੰਨ ਸਾਲ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ।ਆਪ ਜੀ ਨੇ ਰਾਮ ਰਾਏ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕੀਤੀ ਤੇ ਨਾ ਹੀ ਔਰੰਗਜ਼ੇਬ ਦੇ ਰੋਹਬ ਥੱਲੇ ਆਏ ।ਧਰਮ ਦਾ ਪ੍ਰਚਾਰ ਆਪ ਜੀ ਨੇ ਉਸੇ ਤਰ੍ਹਾਂ ਹੀ ਜਾਰੀ ਰੱਖਿਆ। ਰਾਮ ਰਾਏ ਤੇ ਧੀਰ ਮੱਲ ਜੀ ਦਾ ਖਿਆਲ ਸੀ ਕਿ ਹੁਣ ਉਨ੍ਹਾਂ ਨੂੰ ਗੁਰੂ ਅਖਵਾਉਣ ਤੋਂ ਕੋਈ ਨਹੀ ਰੋਕ ਸਕਦਾ ਪਰ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ‘ ਬਾਬਾ,,,ਬਕਾਲੇ’ ਕਹਿ ਕੇ ਉਨ੍ਹਾਂ ਦੀਆਂ ਉਮੀਦਾਂ ਉਤੇ ਇਕ ਵਾਰੀ ਫਿਰ ਪਾਣੀ ਫੇਰ ਦਿੱਤਾ ਸੀ ।ਇਹਨਾਂ ਸ਼ਬਦਾਂ ਦਾ ਭਾਵ ਆਪਣੇ ਆਪ ਵਿੱਚ ਬਿਲਕੁਲ ਸਪਸ਼ਟ ਸੀ ।ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਸਮੇਂ ਪਿੰਡ ਬਕਾਲਾ ਵਿਖੇ ਹੀ ਨਿਵਾਸ ਕਰਦੇ ਸਨ ਤੇ ਰਿਸ਼ਤੇ ਵਲੋਂ ਉਹ ਆਪ ਜੀ ਦੇ ਦਾਦਾ ਲਗਦੇ ਸਨ ।ਗੁਰੂ ਤੇਗ ਬਹਾਦਰ ਸਾਹਿਬ ਜੀ ਰਿਸ਼ਤੇ ਵਜੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਾਦਾ ਜੀ ਹੀ ਲਗਦੇ ਸਨ। ਇਸ ਲਈ ਆਪ ਜੀ ਦੇ ਬਚਨਾਂ ਦਾ ਸਾਫ ਮਤਲਬ ਇਹੀ ਸੀ ਕਿ ਪਿੰਡ ਬਕਾਲਾ ਵਿਖੇ ਸਾਡੇ ਬਾਬਾ ਰਹਿੰਦੇ ਹਨ , ਸਾਡੇ ਮਗਰੋਂ ਉਹੀ ਗੁਰਗੱਦੀ ਦੀ ਜਿੰਮੇਵਾਰੀ ਸੰਭਾਲਣਗੇ।

ਪਰ ਧੀਰ ਮੱਲ ਤੇ ਰਾਮਰਾਇ ਜਿਹੇ ਗੁਰੂ ਘਰ ਨਾਲ ਸੰਬੰਧ ਰੱਖਣ ਵਾਲੇ ਹੋਰ ਲੋਕ ਵੀ ਗੁਰਗੱਦੀ ਤੇ ਕਬਜਾ ਜਮਾਉਣ ਦੇ ਚਾਹਵਾਨ ਸਨ।

ਹੁਣ ਜਦੋਂ ਅੱਠਵੀਂ ਪਾਤਸਾਹੀ ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਜੀ ਆਪਣੇ ਹੱਥੀਂ ਗੁਰਿਆਈ ਦਿੱਤੇ ਬਿਨਾਂ ਜੋਤੀ ਜੋਤ ਸਮਾ ਗਏ ਅਤੇ ਉਨ੍ਹਾਂ ਨੇ ਸਪੱਸ਼ਟ ਰੂਪ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਂ ਵੀ ਨਾ ਲਿਆ ਤਾਂ ਦਾਅਵੇਦਾਰਾਂ ਨੇ ਸ੍ਰੀ ਗੁਰੂ ਹਰਕ੍ਰਿਸਨ ਸਾਹਿਬ ਜੀ ਦੇ ਕਹੇ ਸ਼ਬਦ ‘ ਬਾਬਾ ਬਕਾਲੇ’ ਨੂੰ ਆਪਣੇ ਨਾਲ ਜੋੜ ਲਿਆ ਤੇ ਹਰੇਕ ਨੇ ਆਪਣੇ ਆਪ ਨੂੰ ਗੁਰੂ ਕਹਾਉਣਾ ਸ਼ੁਰੂ ਕਰ ਦਿਤਾ।

ਬਕਾਲੇ ਵਿਖੇ ਬਾਈ ਮੰਜੀਆਂ ਕਾਇਮ ਹੋ ਗਈਆ ਤੇ ਬਾਈ ਗੁਰੂ ਹੀ ਪ੍ਰਗਟ ਹੋ ਗਏ।

ਸਿੱਖਾਂ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਹੁਕਮਾਂ ਉੱਤੇ ਚਲਦੇ ਹੋਏ ਬਕਾਲੇ ਵੱਲ ਨੂੰ ਜਾਣਾ ਸ਼ੁਰੂ ਕਰ ਦਿਤਾ ਪਰ ਉਥੇ ਬਾਬਾ ਕੋਈ ਨਾ ਮਿਲਿਆ। ਸੰਗਤਾਂ ਪਾਖੰਡੀਆਂ ਦੇ ਵੱਸ ਪੈ ਗਈਆਂ ਤੇ ਕਈ ਮਾਯੂਸ ਹੋ ਕੇ ਮੁੜਨ ਲੱਗ ਪਏ ।ਧੀਰ ਮੱਲ ਦੀ ਦੁਕਾਨ ਚੰਗੀ ਚੱਲ ਪਈ ।ਇੱਕ ਤਾਂ ਇਹ ਸੀ ਕਿ ਉਹ ਗੁਰੂ ਜੀ ਦੀ ਸੰਤਾਨ ਸੀ ਤੇ ਦੂਜਾ ਉਸ ਕੋਲ ਉਹ ਬੀੜ ਵੀ ਸੀ ਜਿਸ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸੰਪਾਦਤ ਕੀਤਾ ਸੀ ,ਇਥੇ ਭੁਲੇਖਾ ਪੈ ਜਾਣਾ ਕੁਦਰਤੀ ਗੱਲ ਸੀ। ਕੁਝ ਸਮਾਂ ਸੰਗਤਾਂ ਗੁਰੂ ਤੋਂ ਬਗੈਰ ਹੀ ਭਟਕਦੀਆਂ ਰਹੀਆਂ।

ਲੋਕਾਂ ਵਿੱਚ ਬੇਮੁੱਖਤਾ ਆਉਣ ਲੱਗੀ ਤੇ ਸ਼ਰਧਾ ਘਟਣ ਲੱਗ ਪਈ ਸੀ ।ਸੰਮਤ 1722 ਦੀ ਵਿਸਾਖੀ ਦੇ ਆਉਣ ਕਾਰਨ ਭਾਰੀ ਗਿਣਤੀ ਵਿਚ ਸੰਗਤਾਂ ਨੇ ਆਉਣਾ ਸ਼ੁਰੂ ਕੀਤਾ।

ਗੁਰਿਆਈ ਦੇ ਭਰਮ ਭੁਲੇਖਿਆਂ ਦੇ ਹੁੰਦਿਆ ਹੋਇਆ ਵੀ ਸੰਗਤਾਂ ਬਕਾਲਾ ਵਿਖੇ ਆਈਆਂ ਹੋਈਆਂ ਸਨ ।ਇਨ੍ਹਾਂ ਵਿਚ ਹੀ ਮੱਖਣ ਸ਼ਾਹ ਲੁਬਾਣਾ ਵੀ ਸੀ। ਇਥੇ ਮੱਖਣ ਸ਼ਾਹ ਲੁਬਾਣਾ ਬਾਰੇ ਵੀ ਜਾਣਨਾ ਜਰੂਰੀ ਹੈ ।ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ ਜ਼ਿਲਾ ਜੇਹਲਮ ਦੇ ਟਾਂਡਾ ਪਿੰਡ ਦਾ ਵਸਨੀਕ ਇਹ ਲੁਬਾਣਾ ਵਪਾਰੀ ਸੀ।*4

ਮੱਖਣ ਸ਼ਾਹ ਤਕੜਾ ਵਪਾਰੀ ਸੀ ।ਕਿਹਾ ਜਾਂਦਾ ਹੈ ਇਕ ਵਾਰੀ ਇਸਦਾ ਸਮਾਨ ਨਾਲ ਭਰਿਆ ਸਮੁੰਦਰੀ ਜਹਾਜ਼ ਕਿਸੇ ਸੰਕਟ ਵਿਚ ਫਸ ਗਿਆ ਤੇ ਇਸਨੇ ਅਰਦਾਸ ਕੀਤੀ ਕਿ ਉਸਦਾ ਜਹਾਜ ਬਿਨਾ ਨੁਕਸਾਨੇ ਕਿਨਾਰੇ ਲੱਗ ਜਾਏ ਤਾਂ ਉਹ ਇਕੱਠੀ ਕੀਤੀ ਹੋਰ ਭੇਟਾ ਦੇ ਨਾਲ 500 ਮੋਹਰਾਂ ਗੁਰੂ ਨਾਨਕ ਘਰ ਦੇ ਗੱਦੀ ਧਾਰੀ ਦੇ ਅਗੇ ਚੜ੍ਹਾਏਗਾ ।ਗੁਰੂ ਕਿਰਪਾ ਨਾਲ ਜਹਾਜ਼ ਠੀਕ ਠਾਕ ਟਿਕਾਣੇ ਤੇ ਪਹੁੰਚ ਗਿਆ ।ਆਪਣੀ ਭੇਟਾ ਚੜ੍ਹਾਉਣ ਲਈ ਉਹ ਪੰਜਾਬ ਆਇਆ ।ਸੰਗਤਾਂ ਦੇ ਦੱਸਣ ਤੇ ਉਹ ‘ ਬਕਾਲੇ“ ਪਹੁੰਚ ਗਿਆ। ਪਰ ਬਕਾਲੇ ਆ ਕੇ ਉਸ ਨੇ ਅਨੋਖੀ ਹੀ ਝਾਕੀ ਵੇਖੀ।

ਉਸ ਨੇ ਦੇਖਿਆ ਕਿ ਗੁਰੂ ਕੁੱਲ ਦੇ ਬਾਈ ਸੋਢੀ ,ਬਾਈ ਮੰਜੀਆਂ ਡਾਹ ਕੇ ਗੁਰੂ ਬਣੇ ਬੈਠੇ ਹਨ, ਸਭਨਾਂ ਦੇ ਦੁਆਲੇ ਚੇਲੇ ਚਾਂਟੇ ਜੁੜੇ ਹੋਏ ਸਨ ਤੇ ਉਹ ਸੰਗਤਾਂ ਨੂੰ ਵਾਜਾ ਮਾਰ ਮਾਰ ਕੇ ਆਪਣੇ ਆਪਣੇ ਗੁਰੂ ਵੱਲ ਲਿਜਾਣ ਦਾ ਯਤਨ ਕਰਦੇ ਸਨ, ਜਿਵੇਂ ਮੇਲਿਆਂ ਵਿੱਚ ਸੌਦਾ ਵੇਚਣ ਵਾਲੇ ਕਰਿਆ ਕਰਦੇ ਹਨ।

ਹਾਂ ਇਹ ਝੂਠ ਦਾ ਸੌਦਾ ਵੇਚਣ ਵਾਲੇ ਹੀ ਗੁਰੂ ਸਨ। ਜਿਹੜੇ ਕਿ ਅੰਦਰੋਂ ਈਰਖਾ ਅਤੇ ਦਵੈਤ ਨਾਲ ਭੁੱਜ ਰਹੇ ਸਨ ਤੇ ਉੱਤੋਂ ਉੱਤੋਂ ਸਤਿਨਾਮ ਦਾ ਜਾਪ ਕਰਦੇ ਤੇ ਚਰਨੀ ਪੈਂਦੀਆਂ ਸੰਗਤਾਂ ਨੂੰ ਨਾਮ ਦਾਨ ਦੀਆਂ ਬਖਸ਼ਿਸ਼ਾਂ ਕਰ ਰਹੇ ਸਨ। ਮੱਖਣ ਸ਼ਾਹ ਨੇ ਸਾਰੇ ਗੁਰੂ ਵੇਖੇ ਤੇ ਅਸਚਰਜ ਵਿਚ ਪੈ ਗਿਆ ।ਉਸਦੀ ਅਕਲ ਕੰਮ ਨਾ ਕਰੇ ਕਿ ਕਿਹੜਾ ਇਹਨਾਂ ਵਿਚੋਂ ਅਸਲੀ ਗੁਰੂ ਹੈ ਤੇ ਕਿਹੜਾ ਪਖੰਡੀ ।ਉਸ ਦੇ ਅੰਦਰੋਂ ਅਰਦਾਸ ਨਿਕਲੀ ਹੇ ਸੱਚੇ ਪਾਤਸ਼ਾਹ ਮੇਰੀ ਬੁੱਧੀ ਚਕਰਾ ਗਈ ਹੈ ਆਪ ਪ੍ਰਗਟ ਹੋ ਕੇ ਅਥਵਾ ਮੂੰਹੋਂ ਮੰਗ ਕੇ ਆਪਣੀ ਅਮਾਨਤ ਲੈ ਲਵੋ ਜਿਸ ਨਾਲ ਮੇਰੇ ਮਨ ਨੂੰ ਧੀਰਜ ਹੋਵੇ। ਇਸ ਤਰ੍ਹਾਂ ਅਰਦਾਸ ਕਰਕੇ ਉਹ ਅੱਗੇ ਹੋਇਆ ਅਤੇ ਹਰੇਕ ਗੁਰੂ ਅੱਗੇ ਦੋ ਦੋ ਮੋਹਰਾਂ ਰਖ ਕੇ ਮੱਥਾ ਟੇਕਣ ਲਗਿਆ ।ਸੋਨੇ ਦੀਆਂ ਮੋਹਰਾਂ ਤੱਕ ਹਰੇਕ ਗੁਰੂ ਖੁਸ਼ ਹੋ ਜਾਂਦਾ ਅਤੇ ਲੁਬਾਣੇ ਵਪਾਰੀ ਨੂੰ ਆਸੀਰਵਾਦ ਦਿੰਦਾ। ਪਰ ਕਿਸੇ ਨੇ ਵੀ ਉਸ ਨੂੰ ਲਿਆਂਦੀ ਕਾਰ ਭੇਟਾ ਦੀ ਅਸਲੀ ਰਕਮ ਦੀ ਗੱਲ ਨਾ ਕੀਤੀ ।ਹਰ ਕੋਈ ਆਪਣੇ ਸੱਚੇ ਗੁਰੂ ਹੋਣ ਦਾ ਦਾਅਵਾ ਬੰਨ੍ਹ ਕੇ ਤੇ ਦੂਜਿਆਂ ਨੂੰ ਪਖੰਡੀ ਕਹਿੰਦੇ।

ਮੱਖਣ ਸਾਹ ਬਾਈ ਦੇ ਬਾਈ ਗੁਰੂਆਂ ਦੇ ਦਰਸ਼ਨ ਕਰ ਗਿਆ। ਪਰ ਉਸ ਨੂੰ ਸੱਚਾ ਗੁਰੂ ਨਾ ਲੱਭਿਆ ।ਉਹ ਬੜਾ ਨਿਰਾਸ਼ ਹੋਇਆ। ਅਖੀਰ ਉਸ ਨੇ ਪਿੰਡ ਦੇ ਸਾਧਾਰਨ ਲੋਕਾਂ ਤੋਂ ਪੁੱਛਿਆ ,‘ਕਿਉਂ ਜੀ, ਇੱਥੇ ਕੋਈ ਹੋਰ ਵੀ ਸੋਢੀ ਰਹਿੰਦਾ ਹੈ ?ਤਾਂ ਕਿਸੇ ਦਸਿਆ, ‘ਹਾਂ,ਤੇਗ ਬਹਾਦਰ ਨਾਮ ਦਾ ਇਕ ਸ਼ਾਂਤ ਸੁਭਾਅ ਦਾ ਸੋਢੀ ਔਹ ਸਾਹਮਣੇ ਕਮਰੇ ਵਿਚ ਰਹਿੰਦਾ ਹੈ ।ਉਹ ਕਿਸੇ ਨੂੰ ਮਿਲਦੇ ਜੁਲਦੇ ਘੱਟ ਹੀ ਹਨ ਤੇ ਨਾ ਹੀ ਉਹ ਗੁਰੂ ਬਣਨ ਦੇ ਚਾਹਵਾਨ ਹਨ ।ਮੱਖਣ ਸ਼ਾਹ ਉਸ ਦੇ ਦੁਆਰਾ ਦੱਸੇ ਕੋਠੇ ਦੇ ਅੰਦਰ ਗਿਆ ।ਪਹਿਲਾਂ ਦੀ ਤਰ੍ਹਾਂ ਹੀ ਉਸਨੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ।ਆਪ ਜੀ ਨੇ ਮੱਖਣ ਸ਼ਾਹ ਵੱਲ ਤੱਕ ਕੇ ਕਿਹਾ ‘ ਭਾਈ ਪੁਰਖਾ ! ਗੁਰੂ ਦੀ ਅਮਾਨਤ ਪੂਰੀ ਦਿਤਿਆ ਹੀ ਭਲਾਂ ਹੁੰਦਾ ਹੈ ।ਤੂੰ ਪੰਜ ਸੌ ਦੇ ਵਿਚੋਂ ਕੇਵਲ ਦੋ ਹੀ ਦੇ ਰਿਹਾ ਹੈ ਇਹ ਕਿਉਂ ?ਇਹ ਬਚਨ ਸੁਣਦਿਆਂ ਹੀ ਮੱਖਣ ਸ਼ਾਹ ਨੂੰ ਸੁੱਧ ਬੁਧ ਭੁਲ ਗਈ ,ਉਹ ਇਕ ਦਮ ਗੁਰੂ ਜੀ ਦੇ ਚਰਨਾਂ ਉਤੇ ਲਿਪਟ ਗਿਆ ਅਤੇ ਉਨ੍ਹਾਂ ਤੋਂ ਪੰਜ ਸੌ ਮੋਹਰਾਂ ਲਿਆਉਣ ਲਈ ਆਗਿਆ ਲਈ।

ਉਹ ਬਾਹਰ ਆਉਦਿਆ ਹੀ ਕੋਠੇ ਉਤੇ ਚੜ੍ਹ ਗਿਆ, ਜੋਰ ਨਾਲ ਪੱਲਾ ਫੇਰਿਆ ਅਤੇ ਉਚੀ ਉਚੀ ਪੁਕਾਰਨ ਲਗਿਆ “ ਗੁਰੂ ਲਾਧੋ ਰੇ’ ,ਗੁਰੂ ਲਾਧੋ ਰੇ’ ।

ਲੋਕਾਂ ਨੇ ਭਾਈ ਮੱਖਣ ਸ਼ਾਹ ਦਾ ਹੋਕਾ ਸੁਣਿਆ ।ਆਸ ਤੇ ਵਿਲਾਸ ਵਿਚਕਾਰ ਲਟਕਦੇ ਉਨ੍ਹਾਂ ਦੇ ਚਿਹਰਿਆਂ ਉਤੇ ਰੌਣਕ ਆ ਗਈ ।(ਵਿਸਥਾਰ ਸਾਹਿਤ ਜਾਣਕਾਰੀ ਲਈ ,ਭਾਈ ਮੱਖਣ ਸ਼ਾਹ ਲੁਬਾਣਾ ਪੁਸਤਕ ਸ ਪਿਆਰਾ ਸਿੰਘ ਦੀ ਪੜ੍ਹੋ)*5

ਪਲਾਂ ਛਿਨਾਂ ਵਿਚ ਹੀ ਇਹ ਖਬਰ ਸਾਰੇ ਪਾਸੇ ਫੈਲ ਗਈ ।ਵੇਖਦਿਆਂ ਵੇਖਦਿਆਂ ਹੀ ਗੁਰੂ ਜੀ ਦੇ ਕੋਠੇ ਦੁਆਲੇ ਅਥਾਹ ਭੀੜ ਜੁੜ ਗਈ ।ਚਾਰੇ ਪਾਸੇ ਸਿਖਾਂ ਦਾ ਇਕੱਠ ਨਜਰ ਆਉਣ ਲਗਿਆ ।ਸੰਗਤਾਂ ਦੀ ਬੇਨਤੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਹਰ ਆ ਕੇ ਦਰਸ਼ਨ ਦਿਤੇ ।ਉਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉਮਰ ਲਗਭਗ 43 ਸਾਲ ਦੀ ਹੀ ਸੀ।

(ਬਾਕੀ ਅਗਲੇ ਅੰਕ ’ਚ )

# ਖਾਲਸਾ ਪੰਥ ਦੀ ਸਾਜਣਾ



ਜਤਿੰਦਰ ਕੌਰ ਸੇਖੋਂ 9417760000

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ,ਜਾਤ ਪਾਤ ਦੇ ਭੇਦਭਾਵ ਨੂੰ ਮਿਟਾਉਣ ਲਈ, ਧਾਰਮਿਕ ਅਡੰਬਰਾਂ ਅਤੇ ਰੀਤੀ ਰਿਵਾਜਾਂ ਦੇ ਵਿੱਚੋਂ ਮਨੁੱਖਤਾ ਨੂੰ ਕੱਢਣ ਦੇ ਲਈ ਸਿੱਖ ਧਰਮ ਦੀ ਦੀ ਸਥਾਪਨਾ ਕੀਤੀ। ਇਹ ਧਰਮ ਕਿਸੇ ਇੱਕ ਜਾਤ ਜਾਂ ਵਰਗ ਦਾ ਨਾ ਹੋ ਕੇ ਸਮੁੱਚੀ ਮਾਨਵਤਾ ਨੂੰ ਸਿੱਧੇ ਰਸਤੇ ਪਾਉਣ ਦੇ ਲਈ ਥਾਪਿਆ ਗਿਆ ।ਗੁਰੂ ਨਾਨਕ ਦੇਵ ਜੀ ਦਾ ਸੁਪਨਾ ਵਿਸ਼ਵ ਭਾਈਚਾਰੇ ਨੂੰ ਸਥਾਪਤ ਕਰਨਾ ਸੀ । ਇਸ ਸੁਪਨੇ ਨੂੰ ਪੂਰਾ ਕਰਨ ਦੇ ਲਈ ਗੁਰੂ ਸਾਹਿਬਾਨ ਨੇ ਆਪਣੇ- ਆਪਣੇ ਗੁਰੂ ਕਾਲ ਦੇ ਵਿੱਚ ਸਿੱਖ ਧਰਮ ਨੂੰ ਹੋਰ ਅੱਗੇ ਵਧਾਇਆ। ਮੁਗ਼ਲਾਂ ਦੀ ਸਿੱਖਾਂ ਨਾਲ ਈਰਖਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਚੁੱਕੀ ਸੀ ਜੋ ਕਿ ਅੱਗੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਬਹੁਤ ਗੰਭੀਰ ਰੂਪ ਧਾਰਨ ਕਰ ਗਈ ਜਿਸ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ਇਸ ਤਰ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ ਤੇ ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵੀ ਆਪਣਾ ਸੀਸ ਕੁਰਬਾਨ ਕਰਨਾ ਪਿਆ। ਸ੍ਰੀ ਗੁਰੂ ਨਾਨਕ ਸਾਹਿਬ ਦੀ ਦਸਵੀਂ ਜੋਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੰਗੀ ਤਰ੍ਹਾਂ ਜਾਣ ਗਏ ਸਨ ਕਿ ਮਰੀ ਹੋਈ ਮਨੁੱਖਤਾ ਨੂੰ ਜਗਾਉਣਾ ਬਹੁਤ ਜਰੂਰੀ ਹੈ ਤਾਂ ਹੀ ਲੋਕ ਜ਼ੁਲਮਾਂ ਦਾ ਸਾਹਮਣਾ ਕਰ ਸਕਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨੀ ਬਚਿੱਤਰ ਨਾਟਕ ਵਿੱਚ ਵੀ ਇਹ ਲਿਖਿਆ ਹੈ ਕਿ ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ ਅਤੇ ਜ਼ਾਲਮਾਂ ਦਾ ਨਾਸ਼ ਕਰਨਾ ਹੈ ।

ਆਪਣੇ ਉਦੇਸ਼ ਦੀ ਪੂਰਤੀ ਦੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਨਾਮੀਂ ਸਥਾਨ ਵਿਖੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ । ਉਸ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕ ਬਹੁਤ ਵੱਡਾ ਸੰਮੇਲਨ ਕੀਤਾ ਗਿਆ। ਇਸ ਸੰਮੇਲਨ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਜੋਸ਼ ਨਾਲ ਪੰਡਾਲ ਵਿਚ ਬੈਠੇ ਹੋਏ ਲੋਕਾਂ ਤੋਂ ਇਹ ਮੰਗ ਕੀਤੀ ਕਿ ਕੋਈ ਅਜਿਹਾ ਵਿਅਕਤੀ ਹੈ ਜੋ ਆਪਣੀ ਕੌਮ ਦੇ ਲਈ ਧਰਮ ਦੇ ਲਈ ਆਪਣੀ ਕੁਰਬਾਨੀ ਕਰ ਸਕੇ ।ਗੁਰੂ ਸਾਹਿਬ ਦੁਆਰਾ ਇਹ ਸ਼ਬਦਾਂ ਨੂੰ ਤਿੰਨ ਵਾਰ ਦੁਹਰਾਏ ਜਾਣ ਤੇ ਲਾਹੌਰ ਨਿਵਾਸੀ ਦਇਆ ਰਾਮ ਆਪਣਾ ਸੀਸ ਭੇਟ ਕਰਨ ਦੇ ਲਈ ਖੜ੍ਹਾ ਹੋ ਗਿਆ ।ਗੁਰੂ ਜੀ ਉਸ ਨੂੰ ਅੰਦਰ ਤੰਬੂ ਵਿੱਚ ਲੈ ਗਏ ਅਤੇ ਨੰਗੀ ਤਲਵਾਰ ਕਰਕੇ ਬਾਹਰ ਆ ਗਏ। ਗੁਰੂ ਜੀ ਨੇ ਇਸ ਗੱਲ ਨੂੰ ਚਾਰ ਵਾਰ ਹੋਰ ਦੁਹਰਾਇਆ ਅਤੇ ਫਿਰ ਧਰਮਦਾਸ,ਮੋਹਕਮ ਚੰਦ,ਸਾਹਿਬ ਚੰਦ ਅਤੇ ਹਿੰਮਤ ਰਾਏ ਨੂੰ ਚੁਣਿਆ ।ਗੁਰੂ ਸਾਹਿਬ ਵਾਰੀ ਵਾਰੀ ਇਨ੍ਹਾਂ ਸਾਰਿਆਂ ਨੂੰ ਤੰਬੂ ਵਿੱਚ ਲੈ ਗਏ ਸਾਰੇ ਲੋਕ ਗੁਰੂ ਜੀ ਦੇ ਇਸ ਉਪਰੋਕਤ ਫੈਸਲੇ ਤੋਂ ਬਹੁਤ ਹੈਰਾਨ ਹੋ ਰਹੇ ਸਨ। ਬਾਅਦ ਵਿਚ ਗੁਰੂ ਸਾਹਿਬ ਇਨ੍ਹਾਂ ਪੰਜਾਂ ਵਿਅਕਤੀਆਂ ਨੂੰ ਕੇਸਰੀ ਰੰਗ ਦੇ ਕੱਪੜੇ ਪਹਿਨਾ ਕੇ ਦੁਬਾਰਾ ਫੇਰ ਮੰਚ ਤੇ ਲੈ ਆਏ ਤੇ ਇਨ੍ਹਾਂ ਨੂੰ ਸਾਰਿਆਂ ਨੂੰ ਜ਼ਿੰਦਾ ਦੇਖ ਕੇ ਸਾਰੇ ਲੋਕਾਂ ਦੇ ਵਿੱਚ ਹੈਰਾਨੀ ਦਾ ਕੋਈ ਅੰਤ ਨਾ ਰਿਹਾ ।ਗੁਰੂ ਸਾਹਿਬ ਨੇ 'ਖੰਡੇ ਦਾ ਪਾਹੁਲ' ਤਿਆਰ ਕਰ ਕੇ ਪੰਜਾਂ ਨੂੰ ਵਾਰੀ ਵਾਰੀ ਪਿਆਇਆ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਉਪਾਧੀ ਦਿੱਤੀ ਅਤੇ ਉਨ੍ਹਾਂ ਵਿਚ ਜਾਤ ਪਾਤ ਦਾ ਭੇਦਭਾਵ ਮਿਟਾ ਕੇ ਉਨ੍ਹਾਂ ਦੇ ਨਾਮ ਨਾਲ 'ਸਿੰਘ' ਲਗਾ ਦਿੱਤਾ । ਇਸ ਤੋਂ ਬਾਅਦ ਗੁਰੂ ਸਾਹਿਬ ਨੇ ਉਨ੍ਹਾਂ ਤੋਂ ਵੀ ਆਪ ਅੰਮ੍ਰਿਤ ਛਕਿਆ ਅਤੇ ਆਪ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਇਸਤਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਨੇ 'ਖ਼ਾਲਸਾ ਪੰਥ' ਦੇ ਲਈ ਕੁਝ ਨਿਯਮ ਨਿਸਚਿਤ ਕਰ ਦਿੱਤੇ ਉਨ੍ਹਾਂ ਨਿਯਮਾਂ ਦਾ ਧਾਰਨੀ ਵਿਅਕਤੀ ਹੀ ਖਾਲਸੇ ਦੇ ਵਿੱਚ ਦਾਖਲ ਹੋ ਸਕਦਾ ਸੀ ।ਇਨ੍ਹਾਂ ਨਿਯਮਾਂ ਵਿੱਚ ਖੰਡੇ ਦੀ ਪਾਹੁਲ, ਨਾਮ ਦੇ ਪਿੱਛੇ 'ਸਿੰਘ' ਅਤੇ 'ਕੌਰ' ਲਗਾਉਣਾ, 'ਪੰਜ ਕਕਾਰਾਂ ' ਭਾਵ ਕਿਰਪਾਨ,ਕੜਾ, ਕਛਹਿਰਾ,ਕੰਘਾ, ਕੇਸ ਨੂੰ ਧਾਰਨ ਕਰਨਾ, ਸਰਵ-ਸ਼ਕਤੀਮਾਨ ਅਤੇ ਸਰਵਉੱਚ ਪਰਮਾਤਮਾ ਵਿੱਚ ਵਿਸ਼ਵਾਸ ਰੱਖਣਾ, ਮਨੁੱਖਤਾ ਦਾ ਭਲਾ ਸੋਚਣਾ,ਕੌਮ ਦੀ ਰੱਖਿਆ ਦੇ ਲਈ ਆਪਣਾ-ਆਪ ਕੁਰਬਾਨ ਕਰਨ ਲਈ ਹਮੇਸ਼ਾਂ ਤਿਆਰ ਰਹਿਣਾ,ਨਸ਼ੇ ਤੋਂ ਦੂਰ ਰਹਿਣਾ, ਜਾਤ ਪਾਤ ਅਤੇ ਊਚ ਨੀਚ ਵਿੱਚ ਵਿਸ਼ਵਾਸ ਨਾ ਰੱਖਣਾ ਆਦਿ ਹਨ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਇਕ ਪਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੀ, ਜ਼ੁਲਮ ਦੇ ਖ਼ਿਲਾਫ਼ ਡਟ ਕੇ ਲੜਨ ਵਾਲੀ ਲਾਸਾਨੀ ਕੌਮ ਦਾ ਨਿਰਮਾਣ ਕੀਤਾ।

# ਗੁਰਦੁਆਰਾ ਗਊ ਘਾਟ ਸਾਹਿਬ ਪਾਤਸ਼ਾਹੀ ਪਹਿਲੀ, ਲੁਧਿਆਣਾ



ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਪਹਿਲੀ, ਸਨਅਤੀ ਸਹਿਰ ਲੁਧਿਆਣਾ ਵਿਖੇ ਸਥਿਤ ਹੈ। ਸਿੱਖ ਧਰਮ ਦੇ ਬਾਨੀ, ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਗਊ ਘਾਟ ਸਾਹਿਬ, ਲੁਧਿਆਣਾ ਦੇ ਸਮਰਾਲਾ ਚੌਂ ਕ ਤੋ ਇੱਕ ਕਿਲੋਮੀਟਰ ਦੀ ਦੂਰੀ 'ਤੇ ਗਊਸਾਲਾ ਰੋਡ 'ਤੇ ਸੁਸੋਭਿਤ ਹੈ। ਇਸ ਪਾਵਨ ਪਵਿੱਤਰ ਅਸਥਾਨ ਦੀ ਸੁੰਦਰ ਇਮਾਰਤ ਕਾਫੀ ਦੂਰ ਤੋ ਦਿਖਾਈ ਪੈ ਦੀ ਹੈ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਆਕਾਸ਼ ਨੂੰ ਛੋਹਦਾ ਕੇਸਰੀ ਨਿਸ਼ਾਨ ਸਾਹਿਬ ਵੀ ਕਾਫੀ ਦੂਰ ਤੋ ਝੂਲਦਾ ਦਿਖਾਈ ਪੈਦਾ ਹੈ। ਗੁਰਦੁਆਰਾ ਗਊ ਘਾਟ ਪਾਤਸ਼ਾਹੀ ਪਹਿਲੀ ਉਹ ਪਵਿੱਤਰ ਅਸਥਾਨ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ 1515 ਈਸਵੀ ਨੂੰ ਆਏ ਜੋ ਸਤਲੁਜ ਦਰਿਆ ਦੇ ਕਿਨਾਰੇ ਸੀ। ਇਥੇ ਬਿਰਾਜ ਕੇ ਗੁਰੂ ਜੀ ਰੱਬੀ ਬਾਣੀ ਰਾਹੀਂ ਨਿਰੰਕਾਰ ਦੀ ਸਿਫਤ ਸਲਾਹ ਵਿਚ ਮਗਨ ਹੋ ਗਏ। ਉਸ ਸਮੇਂ ਲੁਧਿਆਣੇ ਦਾ ਨਵਾਬ ਜਲਾਲ ਖਾਂ ਲੋਧੀ ਆਪਣੇ ਦਰਬਾਰੀਆਂ ਸਮੇਤ ਭੇਟਾ ਲੈ ਕੇ ਗੁਰੂ ਜੀ ਦੀ ਸ਼ਰਨ ਵਿਚ ਆਇਆ ਤੇ ਗੁਰੂ ਚਰਨਾਂ ਵਿਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀਓ, ਇਹ ਸਤਲੁਜ ਦਰਿਆ ਸ਼ਹਿਰ ਨੂੰ ਢਾਹ ਲਾਈ ਜਾ ਰਿਹਾ ਹੈ, ਆਪ ਜੀ ਮੇਹਰ ਕਰੋ। ਉਸ ਸਮੇਂ ਗੁਰੂ ਜੀ ਨੇ ਬਚਨ ਕੀਤੇ ਕਿ ਤੁਸੀਂ ਪ੍ਰਜਾ ਨਾਲ ਇਨਸਾਫ ਕਰੋ। ਸਤਲੁਜ ਦਰਿਆ ਸ਼ਹਿਰ ਤੋਂ 7 ਕੋਹ ਦੂਰ ਹਟ ਜਾਵੇਗਾ ਅਤੇ ਇਥੋਂ ਬੁੱਢਾ ਹੋ ਕੇ ਚੱਲੇਗਾ। ਸਮਾਂ ਪਾ ਕੇ ਇਹ ਸ਼ਹਿਰ ਬਹੁਤ ਘੁੱਗ ਵਸੇਗਾ। ਜਿਸ ਦਾ ਦੁਨੀਆਂ ਵਿਚ ਨਾਂਅ ਹੋਵੇਗਾ। ਇਸ ਤਰ੍ਹਾਂ ਇਹ ਗੁਰਦੁਆਰਾ ਗਊ ਘਾਟ ਪਾਤਸ਼ਾਹੀ ਪਹਿਲੀ ਜੋ ਦਰਿਆ ਘਾਟ 'ਤੇ ਬਣਿਆ ਹੈ, ਦਾ ਨਾਮ ਗੁਰਦੁਆਰਾ ਗਊ ਘਾਟ ਪੈ ਗਿਆ। ਜਿਸ ਅਸਥਾਨ ਤੇ ਗੁਰੂ ਜੀ ਬਿਰਾਜੇ ਸਨ, ਅੱਜ ਇਸ ਅਸਥਾਨ 'ਤੇ ਗੁਰਦੁਆਰਾ ਗਊ ਘਾਟ ਦੀ ਆਲੀਸ਼ਾਨ ਇਮਾਰਤ ਸੁਸੋਭਿਤ ਹੈ। ਇਤਿਹਾਸ ਨਾਲ ਸੰਬੰਧਿਤ ਹੋਣ ਕਰਕੇ ਇਸ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ। ਬਾਬਾ ਜੀ ਦੀ ਯਾਦ ਵਿਚ ਹਰ ਸਾਲ ਪ੍ਰਕਾਸ ਪੁਰਬ ਤੇ ਵਿਸਾਖੀ ਦਾ ਸਮਾਗਮ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਅਤੇ ਪੂਰੀ ਸਰਧਾ ਨਾਲ ਮਨਾਏ ਜਾਂਦੇ ਹਨ। ਜਿਸ ਵਿਚ ਰਾਗੀ, ਢਾਡੀ ਤੇ ਕਵੀਸਰੀ ਜੱਥੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੋਰ ਜੋੜ ਮੇਲੇ ਵੀ ਬੜੀ ਧੂਮ ਧਾਮ ਅਤੇ ਸਰਧਾ ਭਾਵਨਾ ਨਾਲ ਮਨਾਏ ਜਾਂਦੇ ਹਨ। ਦੂਰੋਂ-ਦੂਰੋਂ ਸੰਗਤਾਂ ਇਸ ਪਵਿੱਤਰ ਅਸਥਾਨ 'ਤੇ ਨਤਮਸਤਕ ਹੋਣ ਲਈ ਵੱਡੀ ਗਿਣਤੀ ਵਿਚ ਪੁੱਜਦੀਆਂ ਹਨ।

**ਤਸਵਿੰਦਰ ਸਿੰਘ ਬੜੈਚ**
**ਪਿੰਡ ਦੀਵਾਲਾ,**
**ਤਹਿਸੀਲ ਸਮਰਾਲਾ,**
**ਜਿਲ੍ਹਾ ਲੁਧਿਆਣਾ।**
**ਮੋਬਾ÷98763 22677**

# ਵਿਸਾਖੀ ਦਾ ਤਿਉਹਾਰ



ਭਾਰਤ ਦੇਸ ਬਹੁ-ਭਸਾਵੀਂ ਤੇ ਬਹੁ-ਧਰਮੀ ਹੋਣ ਕਰਕੇ ਤਿੱਥ-ਤਿਉਹਾਰਾਂ ਅਤੇ ਮੇਲਿਆਂ ਦਾ ਦੇਸ ਹੈ। ਇੱਥੇ ਦੇਵੀ ਦੇਵਤਿਆ ਨਾਲ, ਭਗਵਾਨ ਨਾਲ ਸਬੰਧਿਤ, ਗੁਰੂਆਂ, ਪੀਰਾਂ-ਫਕੀਰਾਂ, ਰੁੱਤਾਂ ਅਤੇ ਇਤਹਾਸਿਕ ਤਰੀਕਾਂ ਆਦਿ ਨਾਲ ਅਤੇ ਆਮ ਲੋਕਾਂ ਦੇ ਜੀਵਨ ਨਾਲ ਸਬੰਧਿਤ ਅਨੇਕਾਂ ਹੀ ਤਿੱਥ ਤਿਉਹਾਰ ਮਨਾਏ ਜਾਂਦੇ ਹਨ ਜਿਨ੍ਹਾਂ ਦਾ ਭਾਰਤੀਆਂ ਦੀ ਜੀਂਦਿਗੀ ਤੇ ਡੂੰਘਾ ਪ੍ਰਭਾਵ ਹੈ। ਇਹ ਸਾਰੇ ਤਿੱਥ ਤਿਉਂਹਾਰ ਸਾਨੂੰ ਆਪਣੇ ਪਿਛੋਕੜ ਅਤੇ ਵਿਰਾਸਤ ਨਾਲ ਜੋੜੀ ਰੱਖਦੇ ਹਨ ਜਿਨ੍ਹਾਂ ਵਿੱਚੋ ਵਿਸਾਖੀ ਦਾ ਤਿਉਂਹਾਰ ਵੀ ਇਕ ਮਹਤਵਪੂਰਨ ਸਥਾਨ ਰੱਖਦਾ ਹੈ , ਇਹ ਤਿਉਂਹਾਰ ਵੀ ਧੂਮ-ਧਾਮ ਨਾਲ ਮਨਾਇਆ ਜਾਦਾਂ ਹੈ । ਵਿਸਾਖੀ ਦੇ ਤਿਉਹਾਰ ਨੂੰ ਜੇਕਰ ਪੰਜਾਬੀਆਂ ਦਾ ਤਿਉਂਹਾਰ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਵੇਂ ਕਿ ਵਿਸਾਖੀ ਦਾ ਤਿਉਹਾਰ ਪੰਜਾਬ ਵਿੱਚ ਹੀ ਨਹੀਂ ਸਗੋ ਭਾਰਤ ਦੇ ਕਈ ਸੂਬਿਆਂ ਵਿੱਚ ਅਤੇ ਹੁਣ ਤਾਂ ਪੰਜਾਬੀਆਂ ਦੇ ਹੋਰਨਾਂ ਦੇਸਾਂ ਵਿੱਚ ਜਾ ਕੇ ਵੱਸਣ ਕਰਕੇ ਪੂਰੇ ਸੰਸਾਰ ਵਿੱਚ ਮਨਾਇਆਂ ਜਾਣ ਲੱਗਿਆਂ ਹੈ । ਇਸ ਨੂੰ ਹਰ ਧਰਮ ਦੇ ਵਰਗ ਦੁਆਰਾ ਮਨਾਇਆਂ ਜਾਂਦਾ ਹੈ । ਵਿਸਾਖੀ ਨਾਮ ਤੋਂ ਹੀ ਸਪੱਸਟ ਹੈ ਕਿ ਇਹ ਦੇਸੀ ਮਹੀਨੇ ਵੈਸਾਖ (ਬੈਸਾਖ ) ਵਿੱਚ ਆਉਦਾਂ ਹੈ ।ਇਹ ਵੈਸਾਖ ਦੇ ਪਹਿਲੇ ਦਿਨ ਹੀ ਮਨਾਇਆਂ ਜਾਂਦਾ ਹੈ । ਇਸ ਦੇ ਆਰੰਭ ਹੋਣ ਵਾਰੇ ਕੋਈ ਠੋਸ ਇਤਿਹਾਸਿਕ ਜਾਂ ਮਿਥਿਹਾਸਿਕ ਜਾਣਕਾਰੀ ਭਾਵੇਂ ਨਹੀਂ ਮਿਲਦੀ ਪਰ ਬਾਅਦ ਵਿੱਚ ਇਸ ਨਾਲ ਬਹੁਤ ਸਾਰੀਆਂ ਇਤਿਹਾਸਿਕ ਘਟਨਾਵਾਂ ਜੁੜਦੀਆਂ ਗਈਆਂ । ਇਹ ਆਮ ਮੰਨਿਆਂ ਜਾਂਦਾ ਹੈ ਕਿ ਇਹ ਆਮ ਲੋਕਾਂ ਨਾਲ ਜੁੜਿਆਂ ਹੋਇਆਂ ਤਿਉਂਹਾਰ ਹੈ । ਵਿਸਾਖ ਮਹੀਨੇ ਕਿਰਸਾਨ ਆਪਣੀ ਹਾੜ੍ਹੀ ਦੀ ਫਸਲ ਨੂੰ ਸੰਭਾਲਣ ਵਿੱਚ ਲੱਗੇ ਹੁੰਦੇ ਹਨ ਜਾਂ ਕਈਆਂ ਨੇ ਸੰਭਾਲ ਲਈ ਹੁੰਦੀ ਹੈ । ਕਿਰਸਾਨ ਆਪਣੀ ਖੜ੍ਹੀ ਜਾਂ ਘਰ ਆਈ ਸੋਨ ਰੰਗੀ ਫਸਲ ਵੇਖ ਕੇ ਬਹੁਤ ਖੁਸ਼ ਹੁੰਦਾ ਹੈ ਜਾਂ ਇੰਝ ਕਹਿ ਲਵੋ ਕਿ ਖੁਸ਼ੀ ਵਿੱਚ ਖੀਵਾ ਹੋਇਆ ਫਿਰਦਾ ਹੈ । ਉਹ ਬੋਲੀਆਂ ਪਾ ਪਾ ਭੰਗੜੇ ਪਾਉਦਾ , ਨੱਚਦਾ-ਟੱਪਦਾ ਖੇਤਾਂ ਵਿੱਚ ਘੁੰਮਦਾਂ ਹੈ ਅਤੇ ਆਪਣੀ ਇਸ ਖੁਸ਼ੀ ਵਿੱਚ ਆਪਣੇ ਸੀਰੀ ਜਾਂ ਖੇਤ ਮਜਦੂਰ ਨੂੰ ਵੀ ਸਾਮਿਲ ਕਰ ਲੈਂਦਾ ਹੈ । ਕਿਰਸਾਨ ਅਤੇ ਖੇਤ ਮਜਦੂਰਾਂ ਦੀਆਂ ਇਸ ਹਾੜ੍ਹੀ ਦੀ ਫਸਲ ਨਾਲ ਬਹੁਤ ਸਾਰੀਆਂ ਉਮੀਦਾਂ ਜੁੜੀਆਂ ਹੁੰਦੀਆ ਹਨ। ਇੱਕ ਤਾਂ ਉਨ੍ਹਾਂ ਦੇ ਘਰ ਸਾਲ ਭਰ ਲਈ ਖਾਣ ਜੋਗੇ ਦਾਣੇ ਆ ਜਾਂਦੇ ਹਨ ਦੂਜਾ ਵਾਧੂ ਫਸਲ ਵੇਚ ਕੇ ਬਾਕੀ ਜਰੂਰਤਾਂ ਪੂਰੀਆ ਕਰਨ ਦੀ ਉਮੀਦ ਬਝਦੀ ਹੈ। ਕਿਰਸਾਨਾਂ ਅਤੇ ਖੇਤ ਮਜ਼ਦੂਰ ਹੀ ਜਿਆਦਾ ਖੁਸ਼ ਨਹੀ ਹੁੰਦੇ ਸਗੋ ਵਪਾਰੀ ਵਰਗ ਵੀ ਖੁਸ਼ ਹੁੰਦਾ ਹੈ । ਉਨ੍ਹਾਂ ਨੂੰ ਆਪਣਾ ਵਿਆਜ ਅਤੇ ਮੂਲ ਵਾਪਿਸ ਮੁੜਣ ਦੀ ਖੁਸ਼ੀ ਹੂੰਦੀ ਹੈ । ਇਸ ਦਿਨ ਉਹ ਆਪਣੀਆਂ ਪੁਰਾਣੇ ਵਹੀ ਖਾਤਿਆਂ ਦਾ ਹਿਸਾਬ ਕਿਤਾਬ ਨਿਪਟਾ ਕੇ ਨਵੇਂ ਵਹੀ ਖਾਤੇ ਲਾਉਂਦੇ ਹਨ । ਇਹੀ ਪਰੰਪਰਾਂ ਹੁਣ ਬੈਕਾਂ ਅਤੇ ਸਰਕਾਰੀ ਅਦਾਰਿਆਂ ਵਿੱਚ ਵੀ ਚੱਲਦੀ ਹੈ । ਇਸ ਤਰਾਂ ਸਾਰੇ ਲੋਕਾਂ ਦੇ ਖੁਸ਼ ਹੋਣ ਕਰਕੇ ਇਸ ਤਿਉਹਾਰ ਵਾਲੇ ਦਿਨ ਵੱਖ-ਵੱਖ ਥਾਵੀ ਮੇਲੇ ਭਰਦੇ ਹਨ । ਜਿੱਥੇ ਲੋਕ ਹੁੰਮ-ਹੁੰਮਾਂ ਕੇ ਪਹੁੰਚਦੇ ਹਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ । ਇਸ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਜੀ ਨੇ ਆਪਣੀ ਕਵਿਤਾਂ ਰਾਹੀ ਖ਼ੂਬ ਬਿਆਨ ਕੀਤਾ ਹੈ:-

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ ,**
**ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ ,**
**ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ ,**
**ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ ,**
**ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ ,**
**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ ,**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ ॥**

ਵਿਸਾਖੀ ਵਾਲੇ ਦਿਨ ਨਾਲ ਬਹੁਤ ਸਾਰੀਆ ਸਾਖੀਆਂ ਅਤੇ ਇਤਿਹਾਸਿਕ ਘਟਨਾਵਾਂ ਜੁੜੀਆ ਹਨ । ਵੱਡੀਆ ਘਟਨਾਵਾਂ ਵਿੱਚੋ ਵਿਸਾਖੀ ਵਾਲੇ ਦਿਨ 13 ਅਪ੍ਰੈਲ 1699 ਈ: ਨੂੰ ਸਿਖਾਂ ਦੇ ਦਸਵੇਂ ਗੂਰੁ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸ਼ਾਜਨਾਂ ਕਰਨਾ ਹੈ । ਜਿਹੜੀ ਕਿ ਸਿੱਖ ਇਤਿਹਾਸ ਦੀ ਸੁਨਹਿਰੀ ਅੱਖਰਾਂ ਵਿੱਚ ਲਿੱਖੀ ਜਾਣ ਵਾਲੀ ਘਟਨਾਂ ਹੈ । ਇਸ ਦਿਨ ਗੂਰੁ ਜੀ ਨੇ ਖਾਲਸਾ ਪੰਥ ਦੀ ਸਾਜ਼ਨਾਂ ਕਰਕੇ ਸਿੱਖ ਧਰਮ ਨੂੰ ਨਾ ਕੇਵਲ ਨਵੇਕਲੀ ਪਹਿਚਾਣ ਦਿੱਤੀ ਸਗੋਂ ਸਿੱਖ ਧਰਮ ਵਿੱਚੋ ਜ਼ਾਤ-ਪਾਤ ਨੂੰ ਵੀ ਖਤਮ ਕੀਤਾ ।ਉਹਨਾਂ ਨੇ ਪੰਜ ਸਿੱਖਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਪੰਜ ਸਿੰਘ ਸਾਹਿਬ ਬਾਨ ਬਣਾ ਦਿੱਤਾ, ਬਆਦ ਵਿੱਚ ਆਪ ਉਨ੍ਹਾਂ ਦਾ ਚੇਲਾ ਬਣ ਕੇ ਅਮ੍ਰਿਤ ਪਾਨ ਕੀਤਾ , ਇਸ ਤਰ੍ਹਾਂ ਕਰਕੇ ਗੁਰੂ ਜੀ ਨੇ " ਆਪੇ ਗੁਰੂ ਆਪੇ ਚੇਲਾ " ਵਰਗੀ ਅਨੌਖੀ ਗੀਤ ਚਲਾਈ। ਸਿੱਖਾਂ ਨੂੰ ਪੰਜ ਕੰਕਾਰ ਕੇਸ, ਕੜਾ,ਕੰਘਾ,ਕਛਹਿਰਾ ਅਤੇ ਕਿਰਪਾਨ , ਬਖਸੇ ਅਤੇ ਹਰ ਮਰਦ ਸਿੱਖ ਨੂੰ ਆਪਣੇ ਨਾਮ ਪਿੱਛੇ "ਸਿੰਘ" ਅਤੇ ਔਰਤ ਨੂੰ ਕੌਰ ਲਗਾਉਣ ਲਈ ਕਿਹਾ। ਉਹਨਾਂ ਕਮਜੋਰ ਵਰਗ ਨੂੰ ਸਿੰਘ (ਸੇਰ) ਬਣਾ ਦਿੱਤਾ ਅਤੇ ਚਿੜੀਆ ਨੂੰ ਬਾਜਾਂ ਨਾਲ ਲੜਨਾਂ ਸਿਖਾ ਦਿੱਤਾ। ਸਿੱਖਾਂ ਨੂੰ ਮੀਰੀ-ਪੀਰੀ ਦੇ ਸਿਧਾਂਤ ਤੇ ਚਲਦਿਆਂ ਗੁਰੂ ਜੀ ਨੇ ਭਗਤੀ ਕਰਨ ਦੇ ਨਾਲ-ਨਾਲ ਜ਼ੁਲਮ ਤੇ ਜ਼ਾਲਮ ਵਿਰੁੱਧ ਹਥਿਆਰ ਚੁੱਕਣ ਤੇ ਲੌੜਵੰਦਾਂ ਦੀ ਮਦੱਦ ਕਰਨ ਲਈ ਕਿਹਾ।

ਦੂਜੀ ਪ੍ਰਮੁੱਖ ਘਟਨਾ ਇਸੇ ਦਿਨ 1919 ਈ: ਨੂੰ ਸ੍ਰੀ ਅਮ੍ਰਿਤਸਰ ਸਹਿਬ ਵਿਖੇ ਜਲ੍ਹਿਆਂ ਵਾਲੇ ਬਾਗ ਵਿਖੇ ਵਾਪਰੀ। ਇਸ ਦਿਨ ਤਿਉਂਹਾਰ ਕਰਨ ਅਤੇ ਜਾਲਮ ਅੰਗਰੇਜਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਹਜਾਰਾਂ ਦੀ ਗਿਣਤੀ ਵਿੱਚ ਸਭ ਧਰਮਾ ਦੇ ਲੋਕ ਜਲ੍ਹਿਆਂ ਵਾਲੇ ਬਾਗ ਵਿੱਚ ਇੱਕਠੇ ਹੋਏ ਸਨ। ਅੰਗਰੇਜ ਸਰਕਾਰ ਦੇ ਜ਼ਾਲਮ ਅਫਸਰ ਜਨਰਲ ਡਾਇਰ ਨੇ ਆਪਣੇ ਸਿਪਾਹੀਆ ਨਾਲ ਆ ਕੇ ਬਾਗ ਨੂੰ ਘੇਰਾ ਪਾ ਲਿਆ ਅਤੇ ਸਾਂਤੀ ਪੂਰਵਕ ਰੋਸ ਕਰਦੇ ਨਿਹੱਥੇ ਲੋਕਾਂ ਦੇ ਇੱਕਠ ਉੱਪਰ ਬਿਨਾ ਕੋਈ ਚੇਤਾਵਨੀ ਦਿੱਤਿਆ ਚਾਰੋ ਪਾਸਿਓ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ। ਜਿੱਥੇ ਹਜ਼ਾਰਾਂ ਹੀ ਬੇਕਸੂਰ ਲੋਕ ਗੋਲੀਆਂ ਲੱਗਣ ਕਾਰਨ ਸ਼ਹੀਦ ਹੋ ਗਏ। ਕੁਝ ਲੋਕਾਂ ਨੇ ਜਾਨ ਬਚਾਉਣ ਲਈ ਬਾਗ ਵਿੱਚ ਬਣੇ ਖੂਹ ਵਿੱਚ ਛਾਲਾ ਮਾਰ ਦਿਤੀਆ ਜਿਸ ਨੂੰ ਸਹੀਦੀ ਖੂਹ ਦਾ ਨਾਮ ਦਿਤਾ ਗਿਆ। ਅੱਜ ਵੀ ਜਲ੍ਹਿਆਂ ਵਾਲੇ ਬਾਗ ਵਿੱਚ ਗੋਲੀਆ ਦੇ ਨਿਸਾਨ ਅਤੇ ਸਹੀਦੀ ਖੂਹ ਵਿਰਾਸਤ ਅਤੇ ਸਹੀਦੀ ਸਮਾਰਕ ਵੱਜੋਂ ਸਭਾਲਿਆ ਹੋਇਆ। ਇਸ ਘਟਨਾ ਨੇ ਭਾਰਤੀਆਂ ਵਿੱਚ ਅੰਗਰੇਜ ਸਰਕਾਰ ਵਿਰੁੱਧ ਜਬਰਦਸਤ ਰੋਹ ਪੈਦਾ ਕੀਤਾ ਤੇ ਅਜ਼ਾਦੀ ਦੀ ਲਹਿਰ ਨੂੰ ਹੋਰ ਮਜਬੂਤ ਕੀਤਾ ਜਿਸ ਦੇ ਚਲਦਿਆ ਅੰਗਰੇਜਾਂ ਨੂੰ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ।

ਉਪਰਲੀਆ ਘਟਨਾਵਾਂ ਕਰਕੇ ਵਿਸਾਖੀ ਦਾ ਤਿਉਹਾਰ ਸਾਡੇ ਲਈ ਇੱਕ ਇਤਿਹਾਸਿਕ ਅਤੇ ਧਾਰਮਿਕ ਮਹੱਤਵ ਵਾਲਾ ਤਿਉਂਹਾਰ ਬਣ ਗਿਆ ਹੈ। ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਮੇਲੇ ਲਗਦੇ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਇੱਕਠ ਹੁੰਦਾ ਹੈ ਇਸ ਥਾਂ ਤੇ ਵੱਖ-ਵੱਖ ਸਿਆਸੀ ਪਾਰਟੀਆਂ ਕਾਨਫਰੰਸਾਂ ਕਰਦੀਆਂ ਹਨ ਰਾਗੀ-ਢਾਡੀ ਪੁਰਾਤਨ ਇਤਿਹਾਸ



ਮਨਦੀਪ ਗਿੱਲ ਧੜਾਕ
9988111134

ਨਾਲ ਜੋੜਦੇ ਹਨ। ਵਿਸਾਖੀ ਦਾ ਤਿਉਂਹਾਰ ਸਾਨੂੰ ਜ਼ਾਤ-ਪਾਤ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਰੱਲ- ਮਿੱਲ ਕੇ ਖੁਸ਼ੀ-ਖੁਸ਼ੀ ਮਨਾਉਣਾਂ ਚਾਹੀਦਾ ਹੈ ਅਤੇ ਸਾਝੀਵਾਲਤਾ ਦਾ ਸੰਦੇਸ ਦੇਣਾ ਚਾਹੀਦਾ ਹੈ।

**ਆਓ ਮਿਲ ਕੇ ਮਨਾਈਏ ਸਭ ਤਿਉਹਾਰਾਂ ਨੂੰ ,**
**ਫਿਰ ਲੁੱਟੀਏ ਰੱਲ-ਮਿਲ ਕੇ ਮੌਜ ਬਹਾਰਾਂ ਨੂੰ ।**
**ਆਓ ਗਿਆਨ ਦੇ ਦੀਵੇ ਮਨਦੀਪ ਜਗਾਈਏ ,**
**ਆਗਿਆਨਤਾ ਦੇ ਹਨੇਰੇ ਨੂੰ ਦੂਰ ਭਜਾਈਏ ।**
**ਇੱਜਤ ਦੇਈਏ ਹਮੇਸ਼ਾਂ ਨਾਰਾਂ ਨੂੰ.....**
**ਆਓ ਮਿਲ ਕੇ ਮਨਾਈਏ ਸਭ ਤਿਉਹਾਰਾਂ ਨੂੰ ।**

# ਆਈ ਵਿਸਾਖੀ ਆਈ ਵਿਸਾਖੀ, ਖੁਸ਼ੀਆਂ ਨਾਲ ਲਿਆਈ ਵਿਸਾਖੀ

ਵਿਸਾਖੀ ਦਾ ਤਿਓਹਾਰ ਪੰਜਾਬ ਲਈ ਸਿਰਫ ਧਾਰਮਿਕ ਅਹਿਮੀਅਤ ਹੀ ਨਹੀਂ ਰੱਖਦਾ ਸਗੋਂ ਇਸ ਦੀ ਆਰਥਿਕ ਤੌਰ 'ਤੇ ਵੀ ਕਾਫੀ ਅਹਿਮੀਅਤ ਹੈ। ਇਸ ਦਿਨ ਹੀ ਪੰਜਾਬ ਵਿਚ ਰਸਮੀ ਤੌਰ 'ਤੇ ਕਣਕ ਦੀ ਵਾਢੀ ਸ਼ੁਰੂ ਹੁੰਦੀ ਹੈ। ਖੇਤਾਂ ਵਿੱਚ ਸੋਨੇ ਰੰਗੀਆਂ, ਲਹਿਰਾਉਂਦੀਆਂ, ਪੱਕੀਆਂ ਕਣਕਾਂ ਦੇਖ ਕੇ ਕਿਸਾਨ ਆਪਣੀ ਮਿਹਨਤ ਦੇ ਮੁੱਲ ਨੂੰ ਪੈਂਦਾ ਦੇਖਦੇ ਹਨ।

ਭਾਰਤ ਮੇਲਿਆਂ ਤੇ ਤਿਓਹਾਰਾਂ ਦਾ ਦੇਸ਼ ਹੈ। ਇਨ੍ਹਾਂ ਦਾ ਮਨੁੱਖੀ ਜੀਵਨ ਨਾਲ ਅਨਿੱਖੜਵਾਂ ਸਬੰਧ ਹੈ। ਤਿਓਹਾਰ ਮਨੁੱਖੀ ਜੀਵਨ 'ਚ ਖ਼ੁਸੀਆਂ, ਖੇੜੇ ਤੇ ਉਤਸ਼ਾਹ ਭਰਦੇ ਹਨ। ਪੰਜਾਬੀ ਸੱਭਿਆਚਾਰ, ਇਤਿਹਾਸ ਤੇ ਧਾਰਮਿਕ ਵਿਰਸੇ ਨਾਲ ਜੁੜੇ ਮੇਲਿਆਂ ਵਿਚੋਂ ਵਿਸਾਖੀ ਦੇ ਤਿਓਹਾਰ ਦੀ ਅਹਿਮ ਥਾਂ ਹੈ। ਇਹ ਹਾੜੀ ਦੀ ਫ਼ਸਲ ਨਾਲ ਜੁੜਿਆ ਵਾਢੀ ਦਾ ਤਿਓਹਾਰ ਹੈ। ਖੇਤਾਂ ਵਿਚ ਪੱਕ ਚੁੱਕੀ ਸੋਨੇ ਰੰਗੀ ਕਣਕ ਦੀ ਫ਼ਸਲ ਨੂੰ ਦੇਖ ਕੇ ਕਿਸਾਨ ਆਪਣੇ ਸੁਪਨਿਆਂ ਨੂੰ ਹਕੀਕਤ 'ਚ ਤਬਦੀਲ ਹੁੰਦਿਆਂ ਮਹਿਸੂਸ ਕਰਦਾ ਹੈ। ਮੌਸਮ ਨਾਲ ਸਬੰਧਤ ਹੋਣ ਕਰਕੇ ਚਿਰਾਂ ਤੋਂ ਇਹ ਪੰਜਾਬੀਆਂ ਦਾ ਸਰਵ-ਸਾਂਝਾ ਤਿਓਹਾਰ ਹੈ। ਪੰਜਾਬ ਅਤੇ ਹਰਿਆਣਾ ਦੇ ਕਿਸਾਨ ਸਰਦੀਆਂ ਦੀ ਫ਼ਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖ਼ੁਸ਼ੀਆਂ ਮਨਾਉਂਦੇ ਹਨ।

ਵਿਸਾਖੀ' ਸ਼ਬਦ ਵਿਸਾਖ ਤੋਂ ਬਣਿਆ ਹੈ। ਨਾਂ ਤੋਂ ਹੀ ਸਪਸ਼ਟ ਹੈ ਵਿਸਾਖੀ, ਦੇਸੀ ਮਹੀਨੇ 'ਵਿਸਾਖ' ਵਿਚ ਮਨਾਇਆ ਜਾਂਦਾ ਹੈ। ਵਿਸਾਖੀ ਦਾ ਨਾਂ ਸੁਣਦਿਆਂ ਹੀ ਦਿਮਾ.ਗ 'ਚ ਪੰਜਾਬ ਦਾ ਗਿੱਧਾ ਤੇ ਭੰਗੜਾ ਅੱਖਾਂ ਸਾਹਮਣੇ ਆ ਜਾਂਦਾ ਹੈ। ਸੂਰਜ ਦੇ ਹਿਸਾਬ ਨਾਲ ਵਿਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਉਣ ਦੀ ਰਵਾਇਤ ਚੱਲੀ ਆਉਂਦੀ ਹੈ। ਇਸ ਤਿਓਹਾਰ ਨੂੰ ਆਮ ਤੌਰ 'ਤੇ 'ਫ਼ਸਲ ਦੀ ਕਟਾਈ' ਦੇ ਨਾਂ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਤਿਓਹਾਰ ਅਪ੍ਰੈਲ ਮਹੀਨੇ ਦੀ 13-14 ਤਰੀਕ ਨੂੰ ਮਨਾਇਆ ਜਾਂਦਾ ਹੈ। ਇਹ 'ਸੌਰ ਵਰ੍ਹੇ' ਦੇ ਆਰੰਭ ਦਾ ਵੀ



ਪ੍ਰਤੀਕ ਹੈ। ਕਣਕ ਹਾੜੀ ਦੇ ਸੀਜ਼ਨ ਦੀ ਮੁੱਖ ਫ਼ਸਲ ਹੈ, ਇਹ ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਜੋਬਨ 'ਤੇ ਆਈ ਕਣਕ ਦੀ ਫ਼ਸਲ ਦੇ ਸੁਨਹਿਰੀ ਸਿੱਟੇ ਜਦੋਂ ਹਵਾ ਵਿਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਖਿੜ ਉੱਠਦਾ ਹੈ, ਜਿਸ ਕਰਕੇ ਉਹ ਆਪ ਮੁਹਾਰੇ ਹੀ ਨੱਚ ਉੱਠਦਾ ਹੈ। ਇਸ ਦਿਨ ਪੰਜਾਬ ਦਾ ਕਿਸਾਨ ਆਪਣੀ ਪੱਕੀ ਫ਼ਸਲ ਨੂੰ ਵੇਖ ਕੇ ਆਨੰਦਿਤ ਹੁੰਦਾ ਹੈ ਤੇ ਕਣਕ ਦੀ ਫ਼ਸਲ ਨੂੰ ਵੱਢਣ ਦੀ ਸ਼ੁਰੂਆਤ ਕਰਦਾ ਹੈ। ਇਸ ਦਿਨ ਫ਼ਸਲ ਨੂੰ ਦਾਤੀ ਪਾਉਣ ਦਾ ਸ਼ਗਨ ਕੀਤਾ ਜਾਂਦਾ ਹੈ। ਭਰਪੂਰ ਫ਼ਸਲ ਦੀ ਪ੍ਰਾਪਤੀ ਲਈ ਸ਼ੁਕਰਾਨੇ ਵਜੋਂ"ਕਿਸਾਨ ਵਿਸਾਖੀ ਮਨਾਉਂਦੇ ਹਨ। ਢੋਲੀ ਢੋਲ 'ਤੇ ਡਗਾ ਮਾਰਦਾ ਹੈ ਤੇ ਸਾਰੇ ਨੱਚ ਕੇ ਆਨੰਦ ਮਾਣਦੇ ਹਨ। । ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਰਦੀਆਂ ਦੀ ਫਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖੁਸੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ-ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ ।ਇਹ ਖਰੀਫ ਦੀ ਫਸਲ ਦੇ ਪੱਕਣ ਦੀ ਖੁਸੀ ਦਾ ਪ੍ਰਤੀਕ ਹੈ।

ਰਾਜਿੰਦਰ ਰਾਣੀ
8146859585

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਪੰਜਾਬ ਦੀਆਂ ਫ਼ਸਲਾਂ ਅਤੇ ਸੱਭਿਆਚਾਰ ਦੇ ਰੰਗ ਨੂੰ ਇੰਝ ਬਿਆਨ ਕੀਤਾ ਹੈ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਸੰਮਾਂ ਵਾਲੀ ਡਾਗਾਂ ਉੱਤੇ ਤੇਲ ਲਾਇਕੇ,
ਕੱਛੇਮਾਰ ਵੰਝਲੀ ਅਨੰਦ ਛਾ ਗਿਆ, ।

ਵਿਸਾਖੀ ਦਾ ਤਿਉਹਾਰ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ ।ਇਸ ਦਿਨ ਪੰਜਾਬ ਦੇ ਵੱਖ-ਵੱਖ ਇਲਾਕਿਆ 'ਚ ਮੇਲੇ ਲੱਗਦੇ ਹਨ ਅਤੇ ਅਤੇ ਲੋਕ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਸਮੇਤ ਇਹਨਾਂ ਮੇਲਿਆਂ ਦਾ ਅਨੰਦ ਮਾਣਦੇ ਹਨ ।ਇਸ ਦਿਨ ਪੰਜਾਬ ਦਾ ਪਰੰਪਰਾਗਤ ਨਾਚ ਭੰਗੜਾ ਅਤੇ ਗਿੱਧਾ ਕੀਤਾ ਜਾਂਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਦਿਨ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਵਿੱਚ ਪਵਿੱਤਰ ਸ਼ਹਿਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਖ-ਵੱਖ ਜਾਤਾਂ ਨਾਲ ਸਬੰਧਤ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ।

13 ਅਪ੍ਰੈਲ 1699 ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਕਰ ਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਉਨ੍ਹਾਂ ਪੰਡਾਲ 'ਚੋਂ ਪੰਜ ਸਿਰਾਂ ਦੀ ਮੰਗ ਕੀਤੀ। ਪੰਜ ਸਿਦਕੀ ਯੋਧੇ ਭਾਈ ਦਯਾ ਰਾਮ, ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਹਿੰਮਤ ਰਾਏ ਤੇ ਭਾਈ ਸਾਹਿਬ ਚੰਦ ਹਾਜ਼ਰ ਹੋਏ। ਉਨ੍ਹਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਨ੍ਹਾਂ ਹੱਥੋਂ ਖ਼ੁਦ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਗੁਰੂ ਜੀ ਨੇ ਕਿਹਾ ਕਿ 'ਖ਼ਾਲਸਾ ਗੁਰੂ ਵਿਚ ਹੈ ਅਤੇ ਗੁਰੂ ਖ਼ਾਲਸੇ ਵਿਚ।' ਇਸ ਦਿਨ ਤੋਂ ਵਿਸਾਖੀ ਦਾ ਇਹ ਤਿਉਹਾਰ ਖ਼ਾਲਸਾ ਪੰਥ ਦੇ ਸਥਾਪਨਾ ਦਿਵਸ ਵਜੋਂ ਬੜੀ ਧੂਮ-ਧਾਮ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ।

(ਬਾਕੀ ਸਫਾ 24 'ਤੇ)



# ਸਹੀ ਕੈਰੀਅਰ ਦੀ ਚੋਣ ਕਿਵੇਂ ਕਰੀਏ



ਵਜੈ ਗਰਗ ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ ਮਲੋਟ

ਸਹੀ ਕੈਰੀਅਰ ਦੀ ਚੋਣ ਕਰਨਾ ਮੁਸਕਲ ਹੋ ਸਕਦਾ ਹੈ, ਪਰ ਕੈਰੀਅਰ ਦੀ ਨਿਰਧਾਰਤ ਦਿਸਾ ਨਿਰਦੇਸਤ ਕਰਨਾ ਤੁਹਾਨੂੰ ਨੌਕਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਕਰੇਗਾ. ਪਰ ਥੋੜੀ ਸਖਤ ਮਿਹਨਤ, ਕੁਝ ਯੋਜਨਾਬੰਦੀ ਅਤੇ ਕੁਝ ਗੰਭੀਰ ਸਵੈ-ਪ੍ਰਤੀਬਿੰਬ ਦੇ ਨਾਲ, ਤੁਸੀਂ ਆਪਣੇ ਆਪ ਨੂੰ ਇੱਕ ਫਲਦਾਇਕ, ਸੰਪੂਰਨ ਕੈਰੀਅਰ ਦੇ ਰਸਤੇ ‘ਤੇ ਤੋਰ ਸਕਦੇ ਹੋ ਜੋ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਪ੍ਰਦਾਨ ਕਰ ਸਕਦਾ ਹੈ.

**ਆਪਣੀ ਦਿਲਚਸਪੀ ਦਾ ਮੁਲਾਂਕਣ ਕਰਨਾ**

ਆਪਣੇ ਸੁਪਨੇ ਦੇ ਕਰੀਅਰ ਬਾਰੇ ਸੋਚੋ. ਇੱਕ ਪੁਰਾਣੀ ਕਹਾਵਤ ਹੈ ਕਿ ਜੇ ਤੁਸੀਂ ਕੈਰੀਅਰ ਚੁਣਨ ਦੀ ਕੋਸਸਿ ਕਰ ਰਹੇ ਹੋ, ਤੁਹਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਜੇ ਤੁਸੀਂ ਕੰਮ ਨਾ ਕਰਨਾ ਹੁੰਦਾ ਤਾਂ ਤੁਸੀਂ ਕੀ ਕਰੋਗੇ. ਜੇ ਤੁਹਾਡੇ ਕੋਲ ਇਕ ਮਿਲੀਅਨ ਡਾਲਰ ਹੁੰਦਾ ਅਤੇ ਤੁਸੀਂ ਕੁਝ ਵੀ ਕਰ ਸਕਦੇ, ਤਾਂ ਤੁਸੀਂ ਕੀ ਕਰੋਗੇ ? ਇਸ ਪ੍ਰਸਨ ਦਾ ਤੁਹਾਡਾ ਉੱਤਰ, ਹਾਲਾਂਕਿ ਸਾਇਦ ਤੁਹਾਡੇ ਲਈ ਕੈਰੀਅਰ ਦਾ ਸਭ ਤੋਂ ਉੱਤਮ ਵਿਕਲਪ ਨਹੀਂ ਹੋ ਸਕਦਾ, ਸਾਇਦ ਤੁਹਾਨੂੰ ਇਸ ਬਾਰੇ ਸਮਝ ਪ੍ਰਦਾਨ ਕਰੇ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ.

ਜੇ ਤੁਸੀਂ ਇਕ ਮਿਊਜਕਿ ਸਟਾਰ ਬਣਨਾ ਚਾਹੁੰਦੇ ਹੋ, ਤਾਂ ਆਡੀਓ ਇੰਜੀਨੀਅਰਿੰਗ ਜਾਂ ਸੰਗੀਤ ਦੀ ਰਚਨਾ ਵਿਚ ਜਾਣ ਬਾਰੇ ਵਿਚਾਰ ਕਰੋ. ਇਨ੍ਹਾਂ ਕਰੀਅਰਾਂ ਦਾ ਪਿੱਛਾ ਕਰਨਾ ਸੌਖਾ ਹੈ ਅਤੇ ਤੁਹਾਨੂੰ ਸਫਲ ਹੋਣ ਅਤੇ ਭਵਿੱਖ ਵਿਚ ਆਪਣੇ ਲਈ ਪ੍ਰਦਾਨ ਕਰਨ ਦੀ ਬਹੁਤ ਜਿਆਦਾ ਸੰਭਾਵਨਾ ਹੋਵੇਗੀ.

ਆਪਣੇ ਸੌਕ ਦਾ ਮੁਲਾਂਕਣ ਕਰੋ. ਆਪਣੇ ਸੌਕ ਨੂੰ ਜਾਂ ਕਿਸੇ ਅਜਿਹੀ ਚੀਜ ਨੂੰ ਜਿਸ ਨੂੰ ਤੁਸੀਂ ਪਸੰਦ ਕਰਦੇ ਹੋ ਉਸ ਨੂੰ ਭਵਿੱਖ ਦੇ ਕਰੀਅਰ ਵਿੱਚ ਬਦਲਣਾ ਬਹੁਤ ਅਸਾਨ ਹੈ. ਬਹੁਤ ਸਾਰੇ ਸੌਕ ਅਸਲ ਸੰਸਾਰ ਦੀਆਂ ਜਰੂਰਤਾਂ ਅਤੇ ਅਹੁਦਿਆਂ ਦੇ ਅਨੁਸਾਰ ਹੁੰਦੇ ਹਨ. ਵਿਚਾਰ ਕਰੋ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ ਅਤੇ ਇਹ ਕੈਰੀਅਰ ਵਿਚ ਕਿਵੇਂ _ਕਦਾ ਹੈ. ਜਦੋਂ ਤੁਸੀਂ ਆਪਣੇ ਟੀਚੇ ਵੱਲ ਕੰਮ ਕਰਦੇ ਹੋ ਨਿਮਰ ਰਹੋ. ਤੁਸੀਂ ਪਾਰਟ-ਟਾਈਮ ਕੰਮ ਕਰਨਾ ਚਾਹ ਸਕਦੇ ਹੋ ਕਿਉਂਕਿ ਤੁਸੀਂ ਆਪਣੇ ਲੋੜੀਂਦੇ ਕੈਰੀਅਰ ਵਿਚ ਸੰਖੇਪ ਅਤੇ ਤਜਰਬਾ ਪ੍ਰਾਪਤ ਕਰਦੇ ਹੋ.

ਸਕੂਲ ਵਿਚ ਤੁਸੀਂ ਕੀ ਅਨੰਦ ਲੈਂਦੇ ਹੋ ਜਾਂ ਅਨੰਦ ਲੈਂਦੇ ਹੋ ਬਾਰੇ ਵਿਚਾਰ ਕਰੋ. ਵਿੱਦਿਅਕ ਵਿਸੇ ਭਵਿੱਖ ਦੇ ਕਰੀਅਰ ਵਿੱਚ ਚੰਗੀ ਤਰ੍ਹਾਂ ਅਨੁਵਾਦ ਕਰਦੇ ਹਨ ਪਰ ਹੋਰ ਕਿਸਮਾਂ ਦੇ ਕਰੀਅਰਾਂ ਨਾਲੋਂ ਵਧੇਰੇ ਸਕੂਲ ਦੀ ਜਰੂਰਤ ਪੈ ਸਕਦੀ ਹੈ. ਹਾਈ ਸਕੂਲ ਵਿਚ ਤੁਹਾਡੀ ਮਨਪਸੰਦ ਕਲਾਸ ਤੁਹਾਨੂੰ ਤੁਹਾਡੇ ਭਵਿੱਖ ਦੇ ਕਰੀਅਰ ਵਿਚ ਚੰਗੀ ਤਰ੍ਹਾਂ ਲਾਂਚ ਕਰ ਸਕਦੀ ਹੈ ਪਰ ਤੁਹਾਨੂੰ ਇਸ ਲਈ ਕੰਮ ਕਰਨ ਲਈ ਤਿਆਰ ਰਹਿਣਾ ਪਏਗਾ.

**ਆਪਣੀਆਂ ਹੁਨਰਾਂ ਦਾ ਮੁਲਾਂਕਣ ਕਰਨਾ**

ਸਕੂਲ ਵਿਚ ਤੁਸੀਂ ਕੀ ਹੋ ਜਾਂ ਚੰਗੇ ਸਨ ਬਾਰੇ ਸੋਚੋ. ਸਕੂਲ ਵਿਚ ਤੁਸੀਂ ਉਨ੍ਹਾਂ ਵਿਸਿਆਂ ਬਾਰੇ ਸੋਚੋ ਜੋ ਤੁਸੀਂ ਉੱਤਮ ਪ੍ਰਾਪਤ ਕੀਤੇ ਹਨ. ਹਾਲਾਂਕਿ ਇਹ ਕਰਨਾ ਤੁਹਾਡੀ ਪਸੰਦੀਦਾ ਚੀਜ ਨਹੀਂ ਹੋ ਸਕਦੀ, ਪਰ ਕੁਝ ਚੀਜਾਂ ਦੇ ਅਧਾਰ ਤੇ ਆਪਣਾ ਕੈਰੀਅਰ ਚੁਣਨਾ ਜਿਸ ਵਿੱਚ ਤੁਸੀਂ ਹੁਨਰਮੰਦ ਹੋ, ਤੁਹਾਨੂੰ ਵਧੀਆ ਬਣਾਉਣ ਅਤੇ ਆਪਣੇ ਆਪ ਨੂੰ ਇੱਕ ਸੁਰੱਖਿਅਤ ਭਵਿੱਖ ਪ੍ਰਦਾਨ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ.

ਵਿਚਾਰ ਕਰੋ ਕਿ ਤੁਸੀਂ ਕਿਸ ਹੁਨਰ ਵਿੱਚ ਮੁਹਾਰਤ ਪ੍ਰਾਪਤ ਕਰਦੇ ਹੋ. ਜੇ ਤੁਸੀਂ ਕੁਝ ਖਾਸ ਹੁਨਰਾਂ ਵਿੱਚ ਖਾਸ ਤੌਰ ‘ਤੇ ਚੰਗੇ ਹੋ, ਜਿਵੇਂ ਚੀਜਾਂ ਨੂੰ ਠੀਕ ਕਰਨਾ ਜਾਂ ਚੀਜਾਂ ਬਣਾਉਣੀਆਂ, ਇਹ ਤੁਹਾਨੂੰ ਭਵਿੱਖ ਦੇ ਵਧੀਆ ਕਰੀਅਰ ਪ੍ਰਦਾਨ ਕਰ ਸਕਦਾ ਹੈ. ਸਕੂਲ ਜਾਣਾ ਜਰੂਰੀ ਹੋ ਸਕਦਾ ਹੈ ਜਾਂ ਹੋ ਸਕਦਾ ਹੈ, ਪਰ ਹੁਨਰਮੰਦ ਲੇਬਰ ਦੀ ਅਕਸਰ ਮੰਗ ਹੁੰਦੀ ਹੈ ਅਤੇ ਤੁਹਾਨੂੰ ਕੰਮ ਲੱਭਣਾ ਕਾਫੀ ਅਸਾਨ ਮਿਲੇਗਾ.

ਆਪਣੇ ਆਪਸੀ ਆਪਸੀ ਕੁਸਲਤਾਵਾਂ ਦਾ ਮੁਲਾਂਕਣ ਕਰੋ. ਜੇ ਤੁਹਾਡੇ ਹੁਨਰ ਹੋਰ ਲੋਕਾਂ ਦੀ ਮਦਦ ਕਰਨ ਅਤੇ ਸੰਚਾਰ ਕਰਨ ਵਿਚ ਵਧੇਰੇ ਨਿਰਭਰ ਕਰਦੇ ਹਨ, ਤਾਂ ਤੁਹਾਡੇ ਲਈ ਵੀ ਨੌਕਰੀਆਂ ਹਨ. ਉਹ ਲੋਕ ਜੋ ਦੂਜਿਆਂ ਨਾਲ ਚੰਗੀ ਤਰ੍ਹਾਂ ਗੱਲਬਾਤ ਕਰਦੇ ਹਨ ਅਤੇ ਗੱਲਬਾਤ ਕਰਦੇ ਹਨ ਸੋਸਲ ਵਰਕਰ ਵਜੋਂ ਜਾਂ ਮਾਰਕੀਟਿੰਗ ਅਤੇ ਸਮਾਨ ਵਪਾਰਕ ਅਹੁਦਿਆਂ ‘ਤੇ ਆਸਾਨੀ ਨਾਲ ਕਰੀਅਰ ਪ੍ਰਾਪਤ ਕਰ ਸਕਦੇ ਹਨ.

ਕਿਸੇ ਨੂੰ ਪੁੱਛੋ ਜੇ ਤੁਸੀਂ ਨਹੀਂ ਜਾਣਦੇ. ਕਈ ਵਾਰ ਸਾਡੇ ਲਈ ਜੀਂਦਗੀ ਦੇ ਉਨ੍ਹਾਂ ਖੇਤਰਾਂ ਨੂੰ ਵੇਖਣਾ ਮੁਸਕਲ ਹੁੰਦਾ ਹੈ ਜਿੱਥੇ ਅਸੀਂ ਉੱਤਮ ਹੁੰਦੇ ਹਾਂ. ਜੇ ਤੁਸੀਂ ਨਹੀਂ ਸੋਚਦੇ ਕਿ ਤੁਸੀਂ ਕਿਸੇ ਚੀਜ ਵਿੱਚ ਚੰਗੇ ਹੋ, ਆਪਣੇ ਮਾਪਿਆਂ, ਪਰਿਵਾਰ ਦੇ ਦੂਜੇ ਮੈਂਬਰਾਂ, ਦੋਸਤਾਂ, ਜਾਂ ਅਧਿਆਪਕਾਂ ਨੂੰ ਪੁੱਛੋ ਕਿ ਉਨ੍ਹਾਂ ਨੂੰ ਕੀ ਲੱਗਦਾ ਹੈ ਕਿ ਤੁਸੀਂ ਚੰਗੇ ਹੋਵੋਗੇ. ਉਨ੍ਹਾਂ ਦੇ ਵਿਚਾਰ ਸਾਇਦ ਤੁਹਾਨੂੰ ਹੈਰਾਨ ਕਰ ਦੇਣ!

ਤੁਹਾਡੇ ਦੋਸਤ ਅਤੇ ਪਰਿਵਾਰ ਨੈਟਵਰਕ ਦੀ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਤੁਹਾਨੂੰ ਆਪਣੇ ਚੁਣੇ ਹੋਏ ਖੇਤਰ ਵਿੱਚ ਲੋਕਾਂ ਨਾਲ ਸੰਪਰਕ ਵਿੱਚ ਲਿਆ ਸਕਦੇ ਹਨ. ਤੁਸੀਂ ਦੂਜਿਆਂ ਨਾਲ ਜੁੜੇ ਹੋਏ ਲੋਕਾਂ ਨੂੰ ਮਿਲਣ ਲਈ ਇੱਕ ਮੀਟ ਅਪ ਵਿੱਚ ਵੀ ਸਾਮਲ ਹੋ ਸਕਦੇ ਹੋ

**ਆਪਣੇ ਆਪ ਦੀ ਪੜਚੋਲ ਕਰੋ**

ਤੁਹਾਨੂੰ ਆਪਣੀ ਜੀਂਦਗੀ ਨਾਲ ਕੀ ਕਰਨਾ ਚਾਹੀਦਾ ਹੈ ਬਾਰੇ ਸੋਚਦਿਆਂ ਕਈ ਵਾਰ ਤੁਹਾਨੂੰ ਆਪਣੇ ਆਪ ਨੂੰ ਬਿਹਤਰ ਜਾਣਨ ਦੀ ਜਰੂਰਤ ਪੈ ਸਕਦੀ ਹੈ. ਜੇ ਤੁਸੀਂ ਇਕ ਅਜਿਹਾ ਕੈਰੀਅਰ ਚਾਹੁੰਦੇ ਹੋ ਜੋ ਤੁਹਾਨੂੰ ਸਚਮੁੱਚ ਖੁਸ ਕਰੇ, ਤੁਹਾਨੂੰ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਮਝਣਾ ਪਏਗਾ ਕਿ ਤੁਸੀਂ ਕੀ ਚਾਹੁੰਦੇ ਹੋ ਅਤੇ ਕੀ ਤੁਸੀਂ ਅਨੰਦ ਲੈਂਦੇ ਹੋ. ਕੁਝ ਲੋਕਾਂ ਲਈ, ਇਸਦਾ ਅਰਥ ਇਹ ਹੈ ਕਿ ਇਹ ਫੈਸਲਾ ਕਰਨ ਲਈ ਕੁਝ ਸਮਾਂ ਕੱ ਣਾ ਉਨ੍ਹਾਂ ਲਈ ਮਹੱਤਵਪੂਰਣ ਹੈ.

ਇਸ ਨਾਲ ਕੁਝ ਵੀ ਗਲਤ ਨਹੀਂ ਹੈ, ਇਸ ਲਈ ਬੁਰਾ ਨਾ ਮਹਿਸੂਸ ਕਰੋ. ਇਹ ਜਿਆਦਾ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਜੀਵਨ ਨੂੰ ਘੋਖਣ ਦੀ ਬਜਾਏ ਜਿੰਨੀ ਜਲਦੀ ਹੋ ਸਕੇ ਆਪਣੇ ਜੀਵਨ ਦਾ ਪਤਾ ਲਗਾਓ, ਜਿਸ ਨਾਲ ਤੁਸੀਂ ਆਪਣੀ ਜੀਂਦਗੀ ਨੂੰ ਨਫਰਤ ਕਰਦੇ ਹੋ.

**ਆਪਣੀ ਵਿੱਤੀ ਸਥਿਤੀ ‘ਤੇ ਗੌਰ ਕਰੋ**

ਕੈਰੀਅਰ ਨੂੰ ਅੱਗੇ ਵਧਾਉਣ ਜਾਂ ਬਦਲਣ ਦੀ ਤੁਹਾਡੀ ਯੋਗਤਾ ਤੁਹਾਡੀ ਵਿੱਤੀ ਸਥਿਤੀ ‘ਤੇ ਨਿਰਭਰ ਕਰ ਸਕਦੀ ਹੈ. ਕੁਝ ਕੈਰੀਅਰ ਦੇ ਮਾਰਗਾਂ ਲਈ ਵਿਸੇਸ ਸਕੂਲ ਦੀ ਜਰੂਰਤ ਹੁੰਦੀ ਹੈ ਅਤੇ ਇਹ ਕਈ ਵਾਰ ਮਹਿੰਗੀ ਵੀ ਹੁੰਦੀ ਹੈ. ਹਾਲਾਂਕਿ, ਤੁਹਾਨੂੰ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਗਰੀਬ ਹੋਣ ਨਾਲ ਤੁਸੀਂ ਆਪਣੀ ਸਿੱਖਿਆ ਨੂੰ ਪ੍ਰਾਪਤ ਕਰਨ ਤੋਂ ਪਾਬੰਦੀ ਲਗਾਉਂਦੇ ਹੋ.

ਸਕੂਲਾਂ ਲਈ ਅਦਾਇਗੀ ਕਰਨ ਵਿਚ ਤੁਹਾਡੀ ਸਹਾਇਤਾ ਲਈ ਬਹੁਤ ਸਾਰੇ ਸਰਕਾਰੀ ਪ੍ਰੋਗਰਾਮ ਹਨ, ਅਤੇ ਨਾਲ ਹੀ ਵਜੀਫੇ, ਗ੍ਰਾਂਟਾਂ, ਅਤੇ ਸਿਖਲਾਈ ਪ੍ਰੋਗਰਾਮਾਂ. ਕੈਰੀਅਰ ਵਿਚ ਦਾਖਲ ਹੋਣ ਵੇਲੇ ਜੋ ਸਿੱਖਿਆ ਤੁਸੀਂ ਪ੍ਰਾਪਤ ਕਰੋਗੇ ਬਾਰੇ ਸੋਚੋ. ਇਹ ਵਿਚਾਰਨਾ ਮਹੱਤਵਪੂਰਣ ਹੈ ਕਿ ਤੁਸੀਂ ਕੈਰੀਅਰ ਦੀ ਸੁਰੂਆਤ ਕਰਦੇ ਸਮੇਂ ਤੁਹਾਡੇ ਕੋਲ ਪਹਿਲਾਂ ਹੀ ਕਿਹੜੀ ਸਿੱਖਿਆ ਹੈ ਜਾਂ ਹੋਵੇਗੀ. ਜੇ ਵਿੱਤ ਤੁਹਾਨੂੰ ਵਧੇਰੇ ਸਕੂਲ ਜਾਣ ਤੋਂ ਰੋਕ ਸਕਦੇ ਹਨ, ਤਾਂ ਤੁਹਾਨੂੰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੋ ਸਕਦੀ ਹੈ ਕਿ ਤੁਹਾਡੇ ਕੋਲ ਪਹਿਲਾਂ ਤੋਂ ਕੀ ਹੈ. ਜੇ ਸਮੇਂ ਦੀਆਂ ਸੀਮਾਵਾਂ ਜਾਂ ਹੋਰ ਪਾਬੰਦੀਆਂ ਹਨ ਤਾਂ ਤੁਹਾਡੇ ਮੌਜੂਦਾ ਹਾਈ ਸਕੂਲ ਜਾਂ ਕਾਲਜ ਦੀ ਡਿਗਰੀ ਦੇ ਨਾਲ ਚੱਲਣਾ ਵੀ ਜਰੂਰੀ ਹੋ ਸਕਦਾ ਹੈ.

ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਪਹਿਲਾਂ ਤੋਂ ਹੀ ਡਿਗਰੀ ਨਾਲ ਸਬੰਧਤ ਨੌਕਰੀਆਂ ਤੱਕ ਸੀਮਤ ਹੋ, ਤਾਂ ਕੈਰੀਅਰ ਦੇ ਸਲਾਹਕਾਰ ਨਾਲ ਸਲਾਹ ਕਰੋ ਕਿ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਕੋਲ ਕਿਹੜੇ ਵਿਕਲਪ ਉਪਲਬਧ ਹਨ.

ਪਤਾ ਕਰੋ ਕਿ ਜੇ ਤੁਸੀਂ ਸਕੂਲ ਜਾਣਾ ਚਾਹੁੰਦੇ ਹੋ. ਜੇ ਪਾਬੰਦੀਆਂ ਤੁਹਾਨੂੰ ਵਧੇਰੇ ਸਕੂਲ ਜਾਣ ਤੋਂ ਨਹੀਂ ਰੋਕਦੀਆਂ, ਤਾਂ ਤੁਸੀਂ ਇਸ ਵਿਕਲਪ ਤੇ ਵਿਚਾਰ ਕਰਨਾ ਚਾਹੋਗੇ. ਹਰ ਕੋਈ ਸਕੂਲ ਵਿਚ ਸਾਨਦਾਰ ਨਹੀਂ ਹੁੰਦਾ ਜਾਂ ਕਿਸੇ ਰਵਾਇਤੀ ਕਾਲਜ ਦੀ ਪੜ੍ਹਾਈ ਦੀ ਜਰੂਰਤ ਨਹੀਂ ਰੱਖਦਾ, ਪਰ ਜਿਆਦਾਤਰ ਕੈਰੀਅਰ ਦੇ ਮਾਰਗਾਂ ਵਿਚ ਸਿਖਲਾਈ ਜੁੜੀ ਹੋਈ ਹੈ ਜੋ ਤੁਸੀਂ ਕਰ ਸਕਦੇ ਹੋ ਅਤੇ ਤੁਹਾਨੂੰ ਹੋਰ ਤੇਜੀ ਨਾਲ ਅੱਗੇ ਵਧਣ ਵਿਚ ਸਹਾਇਤਾ ਕਰੇਗੀ.

ਹੋਰ ਖੋਜ ਕਰੋ. ਜੇ ਤੁਸੀਂ ਅਜੇ ਵੀ ਉਲਝਣ ਵਿਚ ਹੋ, ਤਾਂ ਇਸ ਵਿਸੇ ‘ਤੇ ਵਧੇਰੇ ਖੋਜ ਕਰਨ‘ ਤੇ ਵਿਚਾਰ ਕਰੋ. ਤੁਸੀਂ ਇੱਥੇ ਵਧੇਰੇ ਮਦਦਗਾਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਜਾਂ ਆਪਣੇ ਸਲਾਹਕਾਰ ਜਾਂ ਪਸੰਦ ਦੇ ਕਾਲਜ ਨਾਲ ਸਲਾਹ-ਮਸਵਰਾ ਕਰ ਸਕਦੇ ਹੋ.

**ਆਪਣੇ ਭਵਿੱਖ ਬਾਰੇ ਸੋਚਣਾ**

ਉਨ੍ਹਾਂ ਕੈਰੀਅਰਾਂ ‘ਤੇ ਗੌਰ ਕਰੋ ਜਿਨ੍ਹਾਂ ਦੀ ਤੁਹਾਨੂੰ ਸੌਖੀ ਪਹੁੰਚ ਹੈ. ਵਿਚਾਰ ਕਰੋ ਕਿ ਤੁਹਾਡੇ ਲਈ ਆਸਾਨੀ ਨਾਲ ਜਾਣ ਲਈ ਕੈਰੀਅਰ ਦੇ ਕਿਹੜੇ ਵਿਕਲਪ ਉਪਲਬਧ ਹਨ. ਇਹ ਉਹ ਕਰੀਅਰ ਹੋਣਗੇ ਜਿਸ ਵਿੱਚ ਤੁਹਾਡੇ ਕੋਲ ਲੋੜੀਂਦੇ ਹੁਨਰ ਅਤੇ “ਇਨ“ ਦੋਵੇਂ ਹੋਣ.

ਆਪਣੀ ਭਵਿੱਖ ਦੀ ਵਿੱਤੀ ਸੁਰੱਖਿਆ ਦੀ ਜਾਂਚ ਕਰੋ. ਸਭ ਤੋਂ ਮਹੱਤਵਪੂਰਣ ਗੱਲਾਂ ‘ਤੇ ਵਿਚਾਰ ਕਰਨਾ ਇਹ ਹੈ ਕਿ ਜੇ ਤੁਸੀਂ ਆਪਣਾ ਕੈਰੀਅਰ ਰਸਤਾ ਚੁਣ ਰਹੇ ਹੋ ਤਾਂ ਤੁਹਾਨੂੰ ਵਿੱਤੀ ਸੁਰੱਖਿਆ ਦੇ ਸਵੀਕਾਰਯੋਗ ਪੱਧਰ ਪ੍ਰਦਾਨ ਹੋਣਗੇ. ਦੂਜੇ ਸਬਦਾਂ ਵਿਚ, ਕੀ ਤੁਸੀਂ ਆਪਣੇ ਅਤੇ ਆਪਣੇ ਪਰਿਵਾਰ ਦੀ ਸਹਾਇਤਾ ਲਈ ਕਾਫੀ ਪੈਸਾ ਕਮਾ ਸਕੋਗੇ ?

ਇਹ ਜਾਣਨ ਲਈ ਗਣਿਤ ਕਰੋ ਕਿ ਤੁਹਾਡੀ ਘਰ ਦੀ ਤਨਖਾਹ ਕਿੰਨੀ ਹੈ. ਆਪਣੇ ਸਿਹਤ ਬੀਮਾ ਅਤੇ ਰਿਟਾਇਰਮੈਂਟ ਵਿਕਲਪਾਂ ਨੂੰ ਵੀ ਧਿਆਨ ਵਿੱਚ ਰੱਖੋ. ਤੁਸੀਂ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਕਿਸੇ ਵਿੱਤੀ ਸਲਾਹਕਾਰ ਨੂੰ ਦੇਖ ਸਕਦੇ ਹੋ.

ਯਾਦ ਰੱਖੋ ਕਿ ਇਹ ਕਿਸੇ ਦੇ ਮਿਆਰਾਂ ਦੁਆਰਾ ਬਹੁਤ ਸਾਰਾ ਪੈਸਾ ਜਾਂ ਕਾਫੀ ਪੈਸਾ ਨਹੀਂ ਹੋਣਾ ਚਾਹੀਦਾ. ਸਭ ਕੁਝ ਮਹੱਤਵਪੂਰਣ ਹੈ ਕਿ ਇਹ ਤੁਹਾਡੇ ਲਈ ਕਾਫੀ ਹੈ ਅਤੇ ਤੁਸੀਂ ਆਪਣੀ ਜੀਂਦਗੀ ਲਈ ਕੀ ਚਾਹੁੰਦੇ ਹੋ.

ਆਪਣੀ ਭਵਿੱਖ ਦੀ ਨੌਕਰੀ ਦੀ ਸਥਿਰਤਾ ਦੀ ਪੜਤਾਲ ਕਰੋ. ਨੌਕਰੀਆਂ ਦੇ ਬਾਜਾਰ ਉਤਰਾਅ ਚੜ੍ਹਾਅ ਵਿਚ ਹੁੰਦੇ ਹਨ ਕਿਉਂਕਿ ਸਮਾਜ ਨੂੰ ਵੱਖੋ ਵੱਖਰੇ ਸਮੇਂ ਤੇ ਵੱਖੋ ਵੱਖਰੀਆਂ ਚੀਜਾਂ ਦੀ ਲੋੜ ਹੁੰਦੀ ਹੈ. ਕੁਝ ਨੌਕਰੀਆਂ ਹਮੇਸਾਂ ਮੰਗ ਜਾਂ ਅਕਸਰ ਅਸਥਿਰ ਹੁੰਦੀਆਂ ਹਨ. ਤੁਹਾਨੂੰ ਵਿਚਾਰਨ ਦੀ ਜਰੂਰਤ ਹੋਏਗੀ ਕਿ ਜੇ ਤੁਸੀਂ ਆਪਣਾ ਕੈਰੀਅਰ ਚੁਣਿਆ ਹੈ ਤਾਂ ਤੁਹਾਡੇ ਲਈ ਕਾਫੀ ਸਥਿਰ ਹੈ ਅਤੇ ਭਵਿੱਖ ਲਈ ਤੁਹਾਡੀਆਂ ਇੱਛਾਵਾਂ.

**ਕਿੱਤਾਮੁਖੀ ਆਉਟਲੁੱਕ ਹੈਂਡਬੁੱਕ ਦੇਖੋ**

ਤੁਹਾਡੇ ਲਈ ਇਹ ਪਤਾ ਲਗਾਉਣ ਦਾ ਇਕ ਤਰੀਕਾ ਜੇ ਕੈਰੀਅਰ ਦਾ ਵਿਕਲਪ ਇਕ ਵਧੀਆ ਵਿਚਾਰ ਹੈ ਤਾਂ ਇਸ ਨੂੰ ਆਕੂਪੇਸਨਲ ਆਉਟਲੁੱਕ ਹੈਂਡਬੁੱਕ ਵਿਚ ਵੇਖਣਾ ਹੈ. ਇਹ ਇੱਕ ਗਾਈਡ ਹੈ, ਜੋ ਕਿ ਲੇਬਰ ਸਟੈਟਿਸਟਿਕਸ ਬਿਰੋ ਦੁਆਰਾ ਤਿਆਰ ਕੀਤਾ ਗਿਆ ਹੈ, ਜੋ ਇਹ ਵੇਖਦਾ ਹੈ ਕਿ ਵੱਖ-ਵੱਖ ਨੌਕਰੀਆਂ ਲਈ ਕਿਸ ਕਿਸਮ ਦੀ ਸਿੱਖਿਆ ਦੀ ਜਰੂਰਤ ਹੈ, ਉਨ੍ਹਾਂ ਕਰੀਅਰਾਂ ਵਿੱਚ ਸਤਨ ਸਤਨ ਕਿੰਨੇ ਲੋਕ ਕੰਮ ਕਰਦੇ ਹਨ, ਅਤੇ ਉਸ ਨੌਕਰੀ ਦੀ ਮੰਗ ਵਿੱਚ ਵਾਧਾ ਜਾਂ ਘੱਟ ਹੋਣ ਦੀ ਸੰਭਾਵਨਾ ਕਿੰਨੀ ਹੈ .

**ਇੱਕ ਸੁਪਨੇ ਦਾ ਬੋਰਡ ਬਣਾਉ**

ਤੁਹਾਡੀਆਂ ਇੱਛਾਵਾਂ ਨੂੰ ਸੰਗਠਿਤ ਕਰਨ ਲਈ ਇਕ ਸੁਪਨਾ ਬੋਰਡ ਇਕ ਸਾਨਦਾਰ ਸਾਧਨ ਹੈ. ਇਹ ਆਪਣੇ ਆਪ ਨੂੰ ਜਵਾਬਦੇਹ ਬਣਾਉਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ ਜਦੋਂ ਤੁਸੀਂ ਆਪਣੇ ਟੀਚਿਆਂ ਤੱਕ ਪਹੁੰਚਣ ਲਈ ਕੰਮ ਕਰਦੇ ਹੋ. ਤਸਵੀਰਾਂ ਨੂੰ ਨਲਾਈਨ ਜਾਂ ਰਸਾਲਿਆਂ ਵਿਚ ਲੱਭੋ ਅਤੇ ਉਨ੍ਹਾਂ ਨੂੰ ਪੋਸਟਰ ਬੋਰਡ ‘ਤੇ ਚਿਪਕਾਓ. ਪ੍ਰੇਰਣਾਦਾਇਕ ਹਵਾਲਿਆਂ ਦੀ ਚੋਣ ਕਰੋ ਅਤੇ ਜੇ ਚਾਹੋ ਤਾਂ ਟ੍ਰਿਕਟ ਵੀ ਸਾਮਲ ਕਰੋ



## (14 ਅਪ੍ਰੈਲ : ਅੰਬੇਦਕਰ ਜਯੰਤੀ 'ਤੇ ਵਿਸ਼ੇਸ਼)

# ਡਾ ਅੰਬੇਦਕਰ ਦੇ ਸੁਪਨਿਆਂ ਦਾ ਭਾਰਤ





ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ ਬਠਿੰਡਾ

ਬੇਸ਼ਕ ਭਾਰਤ ਸਨ 1947 'ਚ ਹੀ ਅੰਗ੍ਰੇਜ਼ਾਂ ਤੋਂ ਅਜਾਦੀ ਹਾਸਲ ਕਰਕੇ ਦੁਨੀਆਂ ਦੇ ਨਕਸ਼ੇ 'ਤੇ ਆਪਣੀ ਸੁਤੰਤਰ ਹੋਂਦ ਸਥਾਪਤ ਕਰ ਚੁੱਕਿਆ ਹੈ, ਪਰ ਭਾਰਤੀ ਸਮਾਜ 'ਚ ਹਜੇ ਵੀ ਏਕਤਾ, ਬਰਾਬਰਤਾ ਅਤੇ ਭਾਈਚਾਰੇ ਦੀ ਭਾਵਨਾ ਦੀ ਬਹੁਤ ਕਮੀਂ ਹੈ, ਜਿਸ ਨੂੰ ਹਾਸਲ ਕਰਨ ਵਿਚ ਡਾ ਭੀਮਰਾਓ ਅੰਬੇਦਕਰ ਦੇ ਮਾਨਸਕ ਅਤੇ ਸਮਾਜਕ ਅਜਾਦੀ ਸੰਬਧੀ ਵਿਚਾਰ ਅਹਿਮ ਰੋਲ ਅਦਾ ਕਰ ਸਕਦੇ ਹਨ।

ਡਾ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੀ ਮਹੂ ਛਾਉਣੀ 'ਚ ਹੋਇਆ।ਉਨ੍ਹਾਂ ਦਾ ਜੱਦੀ ਪਿੰਡ ਰਤਨਾਗਿਰੀ ਜਿਲ੍ਹੇ ਦਾ ਅੰਬਾਵੜੇ ਪਿੰਡ ਸੀ।ਉਨ੍ਹਾਂ ਦੇ ਪਿਤਾ ਦਾ ਨਾਂਅ ਰਾਮਜੀ ਰਾਓ ਅਤੇ ਮਾਤਾ ਦਾ ਨਾਂਅ ਭੀਮਾਬਾਈ ਸੀ।ਉਨ੍ਹਾਂ ਦੇ ਪਿਤਾ ਫੌਜ ਵਿਚ ਸਨ।ਜਦੋਂ ਉਹ ਪੰਜ 5 ਸਾਲ ਦੇ ਸਨ , ਉਦੋਂ ਉਨ੍ਹਾਂ ਦੀ ਮਾਤਾ ਦਾ ਸਵਰਗਵਾਸ ਹੋ ਗਿਆ ਸੀ। ਮਹਾਂਰਾਸ਼ਟਰ 'ਚ ਨਾਂਅ ਦੇ ਨਾਲ ਪਿੰਡ ਦਾ ਨਾਂਅ ਕਰੋਂ ਲਾ ਕੇ ਲਿਖਿਆ ਜਾਂਦਾ ਹੈ। ਇਸ ਲਈ ਜਦੋਂ ਉਹ ਆਪਣੀ ਸ਼ੁਰੂਆਤੀ ਸਿੱਖਿਆ ਦੇ ਲਈ ਸਤਾਰਾ ਦੇ ਇਕ ਸਰਕਾਰੀ ਸਕੂਲ 'ਚ ਗਏ ਤਾਂ ਉਨ੍ਹਾਂ ਦਾ ਨਾਂਅ ਭੀਮਰਾਓ ਅੰਬਾਵਾਡੇਕਰ ਲਿਖਿਆ ਗਿਆ। ਇਕ ਅੰਬੇਦਕਰ ਸਿਰਨਾਂਅ ਦੇ ਅਧਿਆਪਕ ਨੇ ਉਨ੍ਹਾਂ ਨੂੰ ਕਿਹਾ ਕਿ ਅੰਬਾਵਾਡੇਕਰ ਬੁਲਾਉਂਦੇ ਸਮੇਂ ਅਟਪਟਾ ਲੱਗਦਾ ਹੈ , ਸੋ ਤੂੰ ਅੰਬੇਦਕਰ ਸਿਰਨਾਂਅ ਲਿਖਿਆ ਕਰ। ਬਸ ਉਦੋਂ ਤੋਂ ਹੀ ਉਨ੍ਹਾਂ ਨੂੰ ਭੀਮਰਾਓ ਅੰਬੇਦਕਰ ਕਹਿ ਕੇ ਬੁਲਾਇਆ ਜਾਣ ਲੱਗਿਆ। ਤੇਜ਼ ਦਿਮਾਗ ਦਾ ਹੋਣ ਦੇ ਕਾਰਨ , ਉਹ ਹਰ ਪਾਸਿਉਂ ਗਿਆਨ ਅਤੇ ਜਾਣਕਾਰੀ ਇਕੱਠੀ ਕਰਨ 'ਚ ਮਸ਼ਕੂਲ ਰਹਿੰਦੇ ਸਨ।ਸਨ 1907 'ਚ ਉਨ੍ਹਾ ਨੇ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ। ਸਨ 1908 'ਚ 17 ਸਾਲ ਦੀ ਉਮਰ 'ਚ ਡਾ ਅੰਬੇਦਕਰ ਦਾ ਵਿਆਹ ਰਮਾਬਾਈ ਦੇ ਨਾਲ ਹੋਇਆ।ਉਨ੍ਹਾਂ ਨੇ ਬੜੋਦਾ ਦੇ ਮਹਾਂਰਾਜ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਵਾਲੀ 25 ਰੁਪਏ ਪ੍ਰਤੀ ਮਹੀਨਾ ਸਕੌਲਰਸ਼ਿੱਪ ਦੇ ਬਲਬੂਤੇ 'ਤੇ ਸਨ 1912 'ਚ ਬੀ ਏ ਦੀ ਪ੍ਰੀਖਿਆ ਚੰਗੇ ਨੰਬਰਾ ਨਾਲ ਪਾਸ ਕੀਤੀ। ਫਿਰ ਉਹ ਉਚੇਰੀ ਸਿੱਖਿਆ ਦੇ ਲਈ ਵਿਦੇਸ਼ ਚਲੇ ਗਏ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਉਨ੍ਹਾਂ ਨੇ ਐਮ ਏ ਅਤੇ ਪੀਐਚਡੀ ਦੀ ਡਿਗਰੀ ਹਾਸਲ ਕੀਤੀ। ਪਰ ਅਚਾਨਕ ਵਜੀਫਾ ਬੰਦ ਕੀਤੇ ਜਾਣ 'ਤੇ ਉਹ ਭਾਰਤ ਵਾਪਸ ਆਏ ਅਤੇ ਬੜੋਦਾ ਦੀ ਅਛੂਤ ਯਾਨੀ ਦਲਿਤ ਫੌਜ ਵਿਚ ਸਕੱਤਰ ਦੇ ਅਹੁਦੇ 'ਤੇ ਕੰਮ ਕਰਨ ਲੱਗੇ। ਪਰ ਰਿਆਸਤ ਦੀ ਸੇਵਾ 'ਚ ਉਨ੍ਹਾਂ ਨੂੰ ਕਈ ਤਰ੍ਹਾਂ ਦੀਆ ਨਮੋਸ਼ੀਆਂ ਅਤੇ ਬੇਜਤੀ ਦਾ ਸਾਹਮਣਾ ਕਰਨਾ ਪਿਆ। ਬਾਅਦ 'ਚ ਉਹ ਮੁੰਬਈ ਦੇ ਸਿਡਨੇਮ ਕਾਲਜ ਆਫ ਕਾਮਰਸ ਐਂਡ ਇਕਨੋਮਿਕਸ 'ਚ ਪ੍ਰੋਫੈਸਰ ਲੱਗ ਗਏ।ਸਨ 1920 'ਚ ਕੋਲ੍ਹਾਪੁਰ ਦੇ ਮਹਾਂਰਾਜ ਵੱਲੋਂ ਵਜੀਫਾ ਹਾਸਲ ਕਰਕੇ, ਉਹ ਆਪਣੀ ਅਧੂਰੀ ਪੜ੍ਹਾਈ ਪੂਰੀ ਕਰਨ ਦੇ ਲਈ ਲੰਦਨ ਚਲੇ ਗਏ।ਸਨ, 1923 'ਚ ਉਨ੍ਹਾਂ ਨੂੰ ਡਾਕਟਰ ਆਫ ਸਾਈਂਸ (ਡੀ ਐਸ ਸੀ ) ਦੀ ਪਦਵੀ ਹਾਸਲ ਹੋਈ। ਲੰਦਨ 'ਚ ਬੈਰਿਸਟਰੀ ਪਾਸ ਕਰਕੇ, ਉਹ ਵਾਪਸ ਭਾਰਤ ਪਰਤ ਆਏ। ਫਿਰ ਉਹ ਮੁੰਬਈ ਹਾਈ ਕੋਰਟ 'ਚ ਵਕਾਲਤ ਕਰਨ ਲੱਗ ਗਏ ਅਤੇ ਮੰਬਈ ਵਿਧਾਨ-ਪ੍ਰੀਸ਼ਦ ਦੇ ਮੈਂਬਰ ਚੁਣੇ ਗਏ।

ਡਾ ਅੰਬੇਦਕਰ ਨੇ ਸਮਾਜ ਸੁਧਾਰ ਦੇ ਅਨੇਕਾਂ ਕੰਮ ਕੀਤੇ ਉਨ੍ਹਾਂ ਦੇ ਪੇਰਣਾ ਸ੍ਰੋਤ ਕਬੀਰ, ਮਹਾਤਮਾ ਫੂਲੇ ਅਤੇ ਮਹਾਤਮਾ ਬੁੱਧ ਸਨ। ਉਨ੍ਹਾਂ ਨੇ ਆਣੀ ਪ੍ਰਸਿੱਧ ਕਿਤਾਬ (ਸ਼ੂਦਰ ਕੌਣ ਸਨ ?) ਨੂੰ ਮਹਾਤਮਾ ਫੂਲੇ ਨੂੰ ਭੇਂਟ ਕੀਤਾ। ਉਨ੍ਹਾਂ ਨੇ ਅਛੂਤਾਂ, ਗਰੀਬ ਕਿਸਾਨਾਂ, ਔਰਤਾਂ ਅਤੇ ਮਜਦੂਰਾਂ, ਸਾਰਿਆਂ ਦੇ ਸਮਾਜਕ, ਰਾਜਨੀਤਿਕ ਅਤੇ ਆਰਥਕ ਮੁੱਦਿਆਂ ਨੂੰ ਚੁੱਕਿਆ। ਭਾਰਤੀ ਸਮਾਜ 'ਚ ਅਛੂਤਾਂ ਦੀ ਮਾੜੀ ਹਾਲਤ ਨੂੰ ਉਨ੍ਹਾਂ ਨੇ ਖੁਦ ਨੇ ਵੀ ਭੋਗਿਆ। ਇਸ ਲਈ ਉਨ੍ਹਾਂ ਨੇ ਧੱਕੇਸ਼ਾਹੀ ਅਤੇ ਸ਼ੋਸ਼ਣ ਖਿਲਾਫ ਕਈ ਅੰਦੋਲਣ ਕੀਤੇ। ਉਨ੍ਹਾਂ ਨੇ ਅਛੂਤਾਂ ਅਤੇ ਦਲਿਤਾਂ ਦੇ ਕਲਿਆਣ ਲਈ 1917 ਤੋਂ ਹੀ ਅੰਦੋਲਣ ਸ਼ੁਰੂ ਕਰ ਦਿੱਤੇ ਸਨ, ਪਰ 1927 ਤੋਂ ਉਨ੍ਹਾਂ ਦੇ ਅੰਦੋਲਣਾਂ ਨੇ ਦਬਦਬਾ ਬਣਾਉਣਾ ਸ਼ੁਰੂ ਕੀਤਾ।

ਉਨ੍ਹਾਂ ਦੇ ਮੁੱਖ ਅੰਦੋਲਣਾ 'ਚੋਂ ਮਹਾੜ ਅੰਦੋਲਣ (1929), ਮੰਦਿਰ ਪ੍ਰਵੇਸ਼ ਅੰਦੋਲਣ(1929-30), ਲੇਬਰ ਪਾਰਟੀ ਦੀ ਸਥਾਪਨਾ (1936), ਨਾਗਪੁਰ ਸੰਮੇਲਣ (1942), ਧਰਮ ਪਰਿਵਰਤਨ ਅੰਦੋਲਣ(1956) ਆਦਿ ਅਹਿਮ ਅੰਦੋਲਣ ਹਨ। ਉਨ੍ਹਾਂ ਨੇ ਮੂਕਨਾਇਕ ਅਤੇ ਜਨਤਾ ਨਾਮੀਂ ਅਖਬਾਰ ਵੀ ਕੱਢੇ।

ਭੀਮਰਾਓ ਅੰਬੇਦਕਰ ਜਾਤ-ਪਾਤ ਦੀਆ ਜੰਜੀਰਾਂ ਤੋੜ ਕੇ ਇਕ ਸਮਾਨਤਾ ਵਾਲੇ ਸਮਾਜ ਦੀ ਸਿਰਜਨਾ ਕਰਨਾ ਚਾਹੁੰਦੇ ਸਨ। ਉਨ੍ਹਾ ਦਾ ਮੰਨਣਾ ਸੀ ਕਿ ਔਰਤ ਚਾਹੇ ਕਿਸੇ ਵੀ ਵਰਗ ਜਾਂ ਜਾਤਿ ਦੀ ਹੋਵੇ , ਉਸ ਦਾ ਸਮਾਜ ਵੱਲੋਂ ਸ਼ੋਸ਼ਣ ਹੁੰਦਾ ਹੀ ਹੈ। ਕੋਈ ਵੀ ਦੇਸ਼ ਉਦੋਂ ਤਰੱਕੀ ਕਰ ਸਕਦਾ ਹੈ, ਜਦੋਂ ਉਥੋਂ ਦੀਆ ਔਰਤਾਂ ਅਤੇ ਬੱਚਿਆਂ ਦੀ ਦਸ਼ਾ ਚੰਗੀ ਹੋਵੇ।ਉਨ੍ਹਾਂ ਨੇ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਦੀ ਸਿੱਖਿਆ ਦੇ ਵੱਲ ਵੀ ਸਮਾਜ ਦਾ ਧਿਆਨ ਕਰਵਾਇਆ। ਉਨ੍ਹਾਂ ਨੇ ਬਾਲ-ਵਿਆਹ ਦਾ ਵੀ ਪ੍ਰਭਾਵੀ ਢੰਗ ਨਾਲ ਵਿਰੋਧ ਕੀਤਾ। ਨਾਲ ਹੀ ਹਿੰਦੂ -ਕੋਡ ਬਿੱਲ (ਜਿਸ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਦਿੱਤੇ ਗਏ ਸਨ) ਨੂੰ ਪਾਸ ਕਰਵਾਉਣ ਦੇ ਲਈ ਮੰਤਰੀ ਮੰਡਲ ਤੋਂ ਇਸਤੀਫਾ ਵੀ ਦਿੱਤਾ। ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਹੀ ਸੰਵਿਧਾਨ 'ਚ ਬਰਾਬਰਤਾ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਮੰਨਿਆ ਗਿਆ ਹੈ। ਭਾਰਤ ਨੂੰ ਅਜਾਦ ਹੋਏ ਸੱਤ 7 ਦਹਾਕੇ ਹੋ ਗਏ ਹਨ, ਪਰ ਮੌਜੂਦਾ ਸਮੇਂ 'ਚ ਅਸੀਂ ਲੋਕ ਇਕ -ਦੂਜੇ ਦੇ ਨੇੜੇ ਆਉਣ ਦੀ ਬਜਾਏ ਇਕ -ਦੂਜੇ ਤੋਂ ਦੂਰ ਜਾ ਰਹੇ ਹਾਂ। ਯਾਤਾਯਾਤ ਦੇ ਅਨੇਕਾਂ ਸਾਧਨ ਵਿਕਸਤ ਹੋਣ ਕਾਰਨ ਸਾਡੀਆਂ ਸਥਾਨਕ ਦੂਰੀਆਂ ਤਾਂ ਜ਼ਰੂਰ ਘੱਟ ਗਈਆਂ ਹਨ, ਪਰ ਧਰਮ, ਜਾਤਿ, ਭਾਸ਼ਾ, ਆਰਥਕ, ਸਮਾਜਕ ਅਤੇ ਰਾਜਨੀਤਿਕ ਸਵਾਰਥਾਂ ਦੇ ਚਲਦਿਆਂ ਅਸੀਂ ਕਿਤੇ ਨਾ ਕਿਤੇ ਅੱਜ ਵੀ ਮਾਨਸਿਕ ਅਤੇ ਸਮਾਜਕ ਗੁਲਾਮੀ ਦੇ ਸ਼ਿਕਾਰ ਹਾਂ। ਬਾਬਾ ਸਾਹਿਬ ਅੰਬੇਦਕਰ ਦੇ ਲਈ ਆਪਣਾ ਦੇਸ਼ ਸਭ ਤੋਂ ਜਿਆਦਾ ਅਹਿਮ ਸੀ। ਸਭ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਭਾਰਤਵਾਸੀ ਮੰਨਦੇ ਸਨ ਅਤੇ ਬਾਅਦ 'ਚ ਹੋਰ ਕੁਝ ਉਨ੍ਹਾਂ ਦੇ ਲਈ ਦੇਸ਼ ਹਿੱਤ ਸਭ ਤੋਂ ਉਪਰ ਸੀ।ਉਨ੍ਹਾਂ ਨੇ ਕਈ ਮੌਕਿਆਂ 'ਤੇ ਕਿਹਾ ਹੈ ਕਿ ਇਕ ਚੰਗਾ ਸਮਾਜ ਅਜਾਦੀ, ਸਮਾਨਤਾ ਅਤੇ ਭਾਈਚਾਰੇ 'ਤੇ ਅਧਾਰਿਤ ਹੁੰਦਾ ਹੈ, ਇਨ੍ਹਾਂ ਤਿੰਨੇ ਤੱਤਾਂ ਨੂੰ ਇਕ -ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।ਇਹ ਤਿੰਨੋਂ ਤੱਤ ਮਿਲ ਕੇ ਹੀ ਸਮਾਜ 'ਚ ਇਕਜੁੱਟਤਾ ਸਥਾਪਤ ਕਰਦੇ ਹਨ। ਸਾਰੇ ਦੇਸ਼ਵਾਸੀ ਆਪਸ 'ਚ ਭਰਾ-ਭਰਾ ਹਨ, ਸਾਰੀ ਭਾਰਤੀ ਜਨਤਾ ਅਪਣੱਤ ਦੀ ਭਾਵਨਾ ਨਾਲ ਜੁੜੀ ਹੋਈ ਹੈ। ਜੇਕਰ ਮਨ ਵਿਚ ਇਕਜੁੱਟਤਾ ਦਾ ਰਸ ਵਰ੍ਹਾਉਣ ਵਾਲਾ ਕੋਈ ਤੱਤ ਹੈ ਤਾਂ ਉਹ ਸਿਰਫ ਭਾਈਚਾਰਾ ਹੈ। ਅਸਲ 'ਚ ਸਾਨੂੰ ਇਕ ਅਜਿਹਾ ਰਸਤਾ ਬਣਾਉਣਾ ਚਾਹੀਦਾ ਹੈ, ਜੋ ਸਾਨੂੰ ਵੱਖਵਾਦ ਦੇ ਰਾਹ ਤੋਂ ਇਕਜੁੱਟਤਾ ਅਤੇ ਭਾਈਚਾਰੇ ਵੱਲ ਲੈ ਜਾਵੇ।

ਭਾਰਤ 'ਚ ਅਨੇਕਾ ਧਰਮ ਅਤੇ ਜਾਤਾਂ ਹਨ। ਇਨ੍ਹਾਂ ਦੀ ਆੜ ਲੈ ਕੇ ਕੁਝ ਲੋਕ ਸਮਾਜਿਕ ਜੀਵਨ 'ਚ ਵਿਖਰੇਵੇਂ ਪੈਦਾ ਕਰ ਸਕਦੇ ਹਨ, ਜਿਸ ਨਾਲ ਦੇਸ਼ ਦੀ ਬੁਨਿਆਦ ਦੇ ਲਈ ਖਤਰਾ ਪੈਦਾ ਹੋ ਸਕਦਾ ਹੈ। ਅੰਗੇਜਾਂ ਤੋਂ ਅਜਾਦ ਹੋਏ ਤਾਂ ਸਾਨੂੰ ਐਨੇ ਸਾਲ ਬੀਤ ਗਏ ਹਨ ਪਰ ਅਸੀਂ ਹਜੇ ਵੀ ਮਾਨਸਿਕ ਅਜਾਦੀ ਹਾਸਲ ਨਹੀਂ ਕਰ ਪਾਏ ਹਾਂ।ਆਏ ਦਿਨ ਹੋਣ ਵਾਲੇ ਦੰਗੇ-ਫਸਾਦ ਕਿਤੇ ਨਾ ਕਿਤੇ ਇਸੇ ਵੱਲ ਇਸ਼ਾਰਾ ਕਰਦੇ ਹਨ। ਡਾ ਅੰਬੇਦਕਰ ਕਹਿੰਦੇ ਸਨ ਕਿ ਜਿਸ ਧਰਮ ਦਾ ਮੂਲ ਮਨੁੱਖ-ਮਨੁੱਖ 'ਚ ਫਰਕ ਪੈਦਾ ਕਰਨਾ ਹੈ, ਉਹ ਧਰਮ ਸੱਚਾ ਧਰਮ ਕਹਾਉਣ ਦੇ ਲਾਇਕ ਨਹੀਂ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਕਿਸੇ ਵੀ ਧਰਮ ਨੂੰ ਦਰਿਦ੍ਰਤਾ ਅਤੇ ਗਰੀਬੀ ਦਾ ਸਮਰਥਨ ਨਹੀਂ ਕਰਨਾ ਚਾਹੀਦਾ।ਦਰਿਦ੍ਰਤਾ ਦਾ ਸਮਰਥਨ ਕਰਨ ਦਾ ਮਤਲਬ ਗੁਨ੍ਹਾਗਾਰੀ ਅਤੇ ਅਨੈਤਿਕਤਾ ਨੂੰ ਹੁੰਗਾਰਾ ਦੇਕੇ ਇਕ ਜਿੰਦਗੀ 'ਚ ਨਰਕਾਂ ਵਾਲੇ ਹਾਲਾਤ ਪੈਦਾ ਕਰਨ ਜਿਹਾ ਪਾਪ ਹੈ।

ਦਰਅਸਲ, ਨੈਤਿਕਤਾ 'ਤੇ ਅਧਾਰਤਦ ਧਰਮ ਹੀ ਸਮਾਜ ਦੇ ਲਈਪ ਲਾਹੇਵੰਦ ਹੈ। ਨਾਲ ਹੀ ਡਾ ਅੰਬੇਦਕਰ ਨੂੰ ਸਭ ਤੋਂ ਜਿਆਦਾ ਗੁੱਸਾ ਜਾਤਿ-ਪ੍ਰਥਾ ਅਤੇ ਇਸ ਤੋਂ ਪੈਦਾ ਹੋਏ ਛੂਆਛਾਤ 'ਤੇ ਸੀ।ਕਿਸੇ ਵੀ ਵਿਅਕਤੀ ਨੂੰ ਆਪਣੀ ਸਖਸ਼ੀਅਤ ਦੇ ਵਿਕਾਸ ਦੇ ਲਈ ਆਪਣੀ ਸਮਰੱਥਾ, ਦੇ ਮੁਤਾਬਿਕ ਆਪਣਾ ਰਸਤਾ ਚੁਣਨ ਦੀ ਅਜਾਦੀ ਹੋਣੀ ਚਾਹੀਦੀ ਹੈ ਪਰ ਜਾਤੀ-ਪ੍ਰਥਾ ਇਸ ਸਿਧਾਂਤ ਦਾ ਵਿਰੋਧ ਕਰਦੀ ਹੈ।

ਮੌਜੂਦਾ ਸਮੇਂ 'ਚ ਇਹ ਜਾਤਿ -ਪ੍ਰਥਾ ਕਈ ਨੌਜੁਆਨਾ ਦੇ ਵਿਚਾਰਾਂ ਅਤੇ ਮਨੋਦਸ਼ਾ 'ਚ ਰਚੀ ਹੋਈ ਹੈ।ਉਨ੍ਹਾਂ ਦੇ ਲਈ ਹੁਣ ਵੀ ਮਨੁੱਖ ਦੀ ਕੀਮਤ ਘੱਟ, ਜਾਤਿ ਦੀ ਕੀਮਤ ਜਿਆਦਾ ਹੈ।ਜਾਤਿ ਉਨ੍ਹਾਂ ਦੇ ਲਈ ਉਹ ਅਨਮੋਲ ਧਨ ਹੈ ਜਿਸ ਦੇ ਉੱਪਰ ਉਹ ਆਪਣੀ ਸਖਸ਼ੀਅਤ ਅਤੇ ਹੋਂਦ ਤੱਕ ਨੂੰ ਵਾਰ ਸਕਦੇ ਹਨ। ਉਹ ਭੁੱਖਾ ਮਰਨਾ ਪਸੰਦ ਕਰਦੇ ਹਨ ਪਰ ਦੂਜਿਆਂ ਦਾ ਪੇਸ਼ਾ ਨਹੀਂ ਅਪਣਾਉਂਦੇ।ਆਰਥਕ ਸੰਗਠਨ ਦੇ ਲਈ ਇਹ ਜਾਤਿ -ਪ੍ਰਥਾ ਬਹੁਤ ਵਿਨਾਸ਼ਕਾਰੀ ਹੈ। ਇਸ ਨਾਲ ਕਿਸੇ ਦੇ ਮਨੁੱਖ ਦੇ ਕੁਦਰਤੀ ਗੁਣਾਂ, ਸ਼ਕਤੀਆ ਅਤੇ ਭਾਵਨਾਵਾਂ ਦਾ ਘਾਣ ਹੁੰਦਾ ਹੈ। ਸੋ ਜਦੋਂ ਤੱਕ ਨੌਜੁਆਨ ਪੀੜੀ ਦੇ ਦਿਮਾਗ ਵਿਚੋਂ ਜਾਤ-ਪਾਤ ਦਾ ਭੇਦਭਾਵ ਨਹੀਂ ਮਿਟ ਜਾਂਦਾ, ਉਦੋਂ ਤੱਕ ਅਸੀਂ ਗੁਲਾਮ ਹੀ ਰਹਾਂਗੇ।

ਅਜਾਦੀ ਤੋਂ ਬਾਅਦ ਸਿੱਖਿਆ ਦੀ ਗੱਲ ਕੀਤੀ ਜਾਵੇ ਤਾਂ ਸਨ 1951 'ਚ ਲਗਪਗ 84 ਫੀਸਦ ਅਬਾਦੀ ਅਨਪੜ੍ਹ ਸੀ।ਔਰਤਾਂ 'ਚ ਤਾਂ ਇਹ ਫੀਸਦ ਲਗਪਗ 92 ਪ੍ਰਤੀਸ਼ਤ ਸੀ। ਮੌਜੂਦਾ ਸਮੇਂ 'ਚ ਸਿੱਖਿਅਕ ਜਨਸੰਖਿਆ 'ਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਸਾਨੂੰ ਅੱਜ ਵੀ ਆਰਥਕ ਅਸਮਾਨਤਾ, ਬੇਰੋਜਗਾਰੀ ਅਤੇ ਭੁਖਮਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਨਿਆ ਕਿ ਸਾਰੇ ਤਰ੍ਹਾਂ ਦੇ ਬੰਧਨਾ ਤੋਂ ਮੁਕਤੀ ਸਿੱਖਿਆ ਨਾਲ ਹੀ ਸੰਭਵ ਹੈ, ਪਰ ਸਿਰਫ ਸਿੱਖਿਆ ਨਾਲ ਹੀ ਕੰਮ ਨਹੀਂ ਚੱਲੇਗਾ, ਜਦੋਂ ਤੱਕ ਉਸ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਹਾਸਲ ਨਹੀਂ ਕੀਤੀ ਜਾਂਦੀ , ਉਸ ਦੇ ਸਬਕਾਂ 'ਤੇ ਅਮਲ ਕਰਨ ਲਈ ਡੂੰਘਾਈ ਨਾਲ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਉਸ ਤੋਂ ਚੰਗਿਆਈ ਗ੍ਰਹਿਣ ਕਰਨ ਲਈ ਉਪਾਅ ਨਹੀਂ ਕੀਤੇ ਜਾਂਦੇ, ਉਸਦਾ ਇਸਤੇਮਾਲ ਕਲਿਆਣਕਾਰੀ ਕੰਮ ਲਈ ਨਹੀਂ ਕੀਤਾ ਜਾਂਦਾ। ਪਿੰਡਾ ਸ਼ਹਿਰਾਂ 'ਚ ਬਰਾਬਰੀ ਨਾਲ 100 ਫੀਸਦ ਸਾਖਰਤਾ ਦਾ ਮਿਸ਼ਨ ਪੂਰਾ ਨਹੀਂ ਕੀਤਾ ਜਾਂਦਾ। ਅਸਲ 'ਚ ਅੰਗੇਜਾਂ ਤੋਂ ਭਾਰਤ ਨੂੰ ਜੋ ਅਜਾਦੀ ਪ੍ਰਾਪਤ ਹੋਈ, ਉਹ ਇਤਹਾਸਕ ਹੁੰਦੇ ਹੋਏ ਵੀ ਮੌਜੂਦਾ ਸਮੇਂ 'ਚ ਅਧੂਰੀ ਹੈ।ਜਦੋਂ ਤੱਕ ਰਾਜਨੀਤਿਕ ਪਾਰਟੀਆਂ ਵੱਲੋਂ ਹਕੂਮਤ ਦਾ ਗਲਤ ਇਸਤੇਮਾਲ , ਔਰਤਾਂ ਦਾ ਸ਼ਰੀਰਕ ਅਤੇ ਮਾਨਸਿਕ ਸ਼ੋਸ਼ਣ, ਜਾਤੀਗਤ ਅਤੇ ਆਰਥਮ ਅਸਮਾਨਤਾ, ਰਾਜਨੀਤਿਕ ਅਤੇ ਆਰਥਕ ਸਵਾਰਥ, ਭ੍ਰਿਸ਼ਟਾਚਾਰ, ਭੁੱਖ, ਬੇਰੋਜਗਾਰੀ, ਭੇਦਭਾਵ, ਛੂਆਛਾਤ ਅਤੇ ਅੱਤਵਾਦ ਦਾ ਅੰਤ ਨਹੀਂ ਹੋ ਜਾਂਦਾ, ਉਦੋਂ ਤੱਕ ਡਾ ਅੰਬੇਦਕਰ ਵੱਲੋਂ ਲਿਆ ਗਿਆ ਅਜਾਦ ਭਾਰਤ ਦਾ ਸੁਪਨਾ ਪੂਰਾ ਨਹੀਂ ਹੋ ਸਕਦਾ। ਇਸਦੇ ਲਈ ਨਾ ਸਿਰਫ ਸਿੱਖਿਆ ਨੂੰ ਰੋਜਗਾਰ ਨਾਲ ਜੋੜਨ ਦੀ ਲੋੜ ਹੈ, ਸਗੋਂ ਨੌਜੁਆਨ ਪੀੜ੍ਹੀ ਨੂੰ ਇਕੱਠਿਆਂ ਹੋ ਕੇ ਦੇਸ਼ ਹਿੱਤ ਦੇ ਲਈ ਵਧ ਚੜ੍ਹ ਕੇ ਕੰਮ ਕਰਨ ਦੀ ਵੀ ਲੋੜ ਹੈ। ਸਹੀ ਮਾਇਨਿਆਂ 'ਚ ਅਤੇ ਹਕੀਕੀ ਰੂਪ 'ਚ ਅਸੀਂ ਉਦੋਂ ਹੀ ਅਜਾਦ ਹੋ ਪਾਵਾਂਗੇ ਅਤੇ ਬਾਬਾ ਸਾਹਿਬ ਡਾ ਭੀਮਰਾਓ ਅੰਬੇਦਕਰ ਜੀ ਦੇ ਸੁਪਨਿਆਂ ਨੂੰ ਪੂਰਾ ਕਰ ਸਕਾਂਗੇ।

# ਸਰਕਾਰ ਦਾ ਭੌਂਪੂ ਬਣਿਆ ਦੂਰਦਰਸ਼ਨ ਪੰਜਾਬੀ

ਦੂਰਦਰਸ਼ਨ ਪੰਜਾਬੀ ਕੇਂਦਰ ਜਲੰਧਰ ਦੂਰਦਰਸ਼ਨ ਦੇ ਨਾਮ ਨਾਲ ਭਾਰਤ ਸਰਕਾਰ ਵੱਲੋਂ ਸੁਰੂ ਹੋਇਆ ਸੀ।ਲੋਕ ਪ੍ਰਸਾਰਨ ਸੇਵਾ ਇਸ ਦਾ ਮੁੱਖ ਆਧਾਰ ਤੇ ਮਨੋਰਥ ਹੈ, ਮਨੋਰੰਜਨ ਖ਼ਬਰਾਂ ਆਮ ਜਾਣਕਾਰੀ ਦੇ ਪ੍ਰੋਗਰਾਮ ਪੇਸ਼ ਕਰਨਾ ਖੇਤਰੀ ਚੈਨਲ ਹੋਣ ਕਰ ਕੇ ਆਪਣੇ ਇਲਾਕੇ ਦੀਆ ਗਤੀਵਿਧੀਆਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ।ਦੂਰਦਰਸ਼ਨ ਜਦੋਂ ਪ੍ਰਸਾਰ ਭਾਰਤੀ ਕਾਰਪੋਰੇਸ਼ਨ ਵਿੱਚ ਤਬਦੀਲ ਹੋ ਗਿਆ ਤਾਂ ਸਾਡੀ ਮਾਂ ਬੋਲੀ ਪੰਜਾਬੀ ਲਈ ਦੂਰਦਰਸ਼ਨ ਜਲੰਧਰ ਤੋਂ ਦੂਰਦਰਸ਼ਨ ਪੰਜਾਬੀ ਬਣ ਗਿਆ ਤੇ ਇਸ ਦਾ ਪ੍ਰਸਾਰਣ ਡਿਜੀਟਲ ਤਕਨੀਕ ਨਾਲ ਚੌਵੀ ਘੰਟੇ ਪੂਰੀ ਦੁਨੀਆਂ ਵਿੱਚ ਪਹੁੰਚਦਾ ਕਰ ਦਿੱਤਾ ਗਿਆ।ਸੱਤ ਕੁ ਸਾਲ ਪਹਿਲਾਂ ਤਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਇਹ ਕੇਂਦਰ ਪੂਰਨ ਰੂਪ ਵਿੱਚ ਪਹਿਰੇਦਾਰ ਬਣਿਆ ਰਿਹਾ,ਪਰ ਉਸ ਤੋਂ ਬਾਅਦ ਪ੍ਰੋਗਰਾਮ ਮੁੱਖੀ ਅੱਜ ਤਕ ਅਜਿਹੇ ਆ ਰਹੇ ਹਨ ਜੋ ਪੰਜਾਬੀ ਭਾਸ਼ਾ ਪਹਿਰਾਵਾ ਤੇ ਵਿਰਸੇ ਤੋਂ ਕੋਰੇ ਹਨ।ਸੱਤ ਕੁ ਸਾਲ ਤੋਂ ਕੇਂਦਰ ਨਿਰਦੇਸ਼ਕ ਕੋਈ ਭਰਤੀ ਹੀ ਨਹੀਂ ਕੀਤਾ ਗਿਆ,ਇਸ ਕੇਂਦਰ ਦਾ ਭਾਰ ਮੁੱਖ ਇੰਜੀਨੀਅਰ ਦੇ ਮੋਢਿਆਂ ਉੱਤੇ ਪਾਇਆ ਹੋਇਆ ਹੈ ਜੋ ਕਿ ਪੰਜਾਬੀ ਭਾਸ਼ਾ ਬੋਲਣੀ ਜਾਂ ਸਮਝਣੇ ਹੀ ਨਹੀਂ,ਸਾਲ ਕੁ ਪਹਿਲਾਂ ਪ੍ਰੋਗਰਾਮ ਮੁਖੀ ਪੁਨੀਤ ਸਹਿਗਲ ਜੀ ਨੂੰ ਬਣਾਇਆ ਗਿਆ ਜੋ ਕਿ ਨਾਟਕਕਾਰੀ ਵਿੱਚ ਉੱਚ ਸਿੱਖਿਆ ਪ੍ਰਾਪਤ ਹਨ।ਜਿਨ੍ਹਾਂ ਦੇ ਨਿਰਦੇਸਨ ਥੱਲੇ ਅਨੇਕਾਂ ਨਾਟਕ ਆਕਾਸ਼ਵਾਣੀ ਜਲੰਧਰ ਤੇ ਦੂਰਦਰਸ਼ਨ ਜਲੰਧਰ ਵਿੱਚ ਕੁਝ ਸਾਲ ਪਹਿਲਾਂ ਤਿਆਰ ਹੋਏ,ਜੋ ਕੌਮਾਂਤਰੀ ਪੁਰਸਕਾਰ ਵੀ ਜਿੱਤ ਚੁੱਕੇ ਹਨ।ਹੁਣ ਨਾਟਕ ਨਵੇਂ ਬਣਾਉਣ ਤਾਂ ਦੂਰ ਦੀ ਗੱਲ ਹੈ ਦੂਰਦਰਸ਼ਨ ਪੰਜਾਬੀ ਦੇ ਪ੍ਰੋਗਰਾਮਾਂ ਨੂੰ ਹੀ ਨਾਟਕ ਰੂਪੀ ਬਣਾ ਦਿੱਤਾ ਗਿਆ ਹੈ,ਇਹ ਕੇਂਦਰ ਸਰਕਾਰ ਦੀ ਕੱਠਪੁਤਲੀ ਬਣ ਕੇ ਸਾਡੀ ਮਾਂ ਬੋਲੀ ਪੰਜਾਬੀ ਤਾਂ ਦੂਰ ਦੀ ਗੱਲ ਸਰਕਾਰ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਿਹਾ ਹੈ। ਖੇਤਰੀ ਚੈਨਲ ਦਾ ਕੰਮ ਹੁੰਦਾ ਹੈ ਆਪਣੀ ਬੋਲੀ ਸੱਭਿਆਚਾਰ ਤੇ ਵਿਰਸੇ ਨੂੰ ਪ੍ਰਫੁੱਲਤ ਕਰਨਾ,ਅਤੇ ਹਰ ਪ੍ਰੋਗਰਾਮ ਵੇਖ ਕੇ ਪਤਾ ਲੱਗਦਾ ਹੋਵੇ ਕਿ ਇਹ ਕਿਹੜੀ ਭਾਸ਼ਾ ਦਾ ਚੈਨਲ ਹੈ।ਹਰ ਰੋਜ਼ ਸਵੇਰੇ ਹੀ ਸੰਸਕ੍ਰਿਤ ਭਾਸ਼ਾ ਵਿੱਚ ਸਮਾਚਾਰ ਪ੍ਰਸਾਰਤ ਕੀਤੇ ਜਾਂਦੇ ਹਨ,ਇਹ ਪੰਜਾਬੀਆਂ ਲਈ ਮੱਝ ਅੱਗੇ ਬੀਨ ਵਜਾਉਣ ਦੇ ਬਰਾਬਰ ਹੈ।ਸ਼ਾਮ ਨੂੰ ਇਸ ਕੇਂਦਰ ਤੋਂ ਚਾਰ ਵਜੇ ਚੰਡੀਗੜ੍ਹ ਦੂਰਦਰਸ਼ਨ ਕੇਂਦਰ ਦੇ ਇਕ ਘੰਟੇ ਲਈ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ,ਜਿਸ ਵਿਚ ਹਿੰਦੀ ਸਮਾਚਾਰ ਤੇ ਹਿੰਦੀ ਦੇ ਅਨੇਕਾਂ ਪ੍ਰੋਗਰਾਮ ਵਿਖਾਏ ਜਾਂਦੇ ਹਨ।ਪੰਜਾਬ ਵਿੱਚ ਹਰ ਕੋਈ ਪੰਜਾਬੀ ਸਮਝਦਾ ਹੈ ਚਲੋ ਜੇ ਪੂਰੀ ਦੁਨੀਆਂ ਵਿੱਚ ਇਹ ਕੇਂਦਰ ਵੇਖਿਆ ਜਾਂਦਾ ਹੈ ਜਿਸ ਨੂੰ ਜ਼ਰੂਰਤ ਹੋਵੇਗੀ ਸੰਸਕ੍ਰਿਤ ਜਾਂ ਹਿੰਦੀ ਸਮਾਚਾਰ ਸੁਣਨ ਜਾਂ ਦੇਖਣ ਦੀ ਉਸ ਲਈ ਅਲੱਗ 2 ਚੈਨਲ ਹਨ ਦੂਰਦਰਸ਼ਨ ਪੰਜਾਬੀ ਨੂੰ ਕਿਹੜੀ ਬਿਪਤਾ ਪੈ ਗਈ ਜੋ ਆਪਣੀ ਭਾਸ਼ਾ ਨੂੰ ਛੱਡ ਕੇ ਦੂਸਰੀਆਂ ਭਾਸ਼ਾਵਾਂ ਨੂੰ ਪਹਿਲ ਦੇ ਰਿਹਾ ਹੈ।ਭਾਰਤ ਵਿੱਚ ਹੋਰ ਕਿਹੜਾ ਅਜਿਹਾ ਚੈਨਲ ਹੈ ਜੋ ਪੰਜਾਬੀ ਵਿਚ ਖਬਰਾਂ ਸੁਣਾਉਂਦਾ ਹੈ ?ਉਰਦੂ ਦਾ ਇੱਕ "ਅਦਬ" ਪ੍ਰੋਗਰਾਮ ਹੈ,ਜਿਸ ਵਿੱਚ ਉਰਦੂ ਭਾਸ਼ਾ ਵਿਚ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ ਜਦਕਿ ਉਰਦੂ ਭਾਸ਼ਾ ਦਾ ਚੌਵੀ ਘੰਟੇ ਪ੍ਰਸਾਰਣ ਪੇਸ਼ ਕਰਨ ਵਾਲਾ ਅਲੱਗ ਕੇਂਦਰ ਮੌਜੂਦ ਹੈ।ਦੂਰਦਰਸ਼ਨ ਪੰਜਾਬੀ ਤੇ ਪ੍ਰੋਗਰਾਮ ਕਿਹੜੇ ਪੇਸ਼ ਕੀਤੇ ਜਾਣੇ ਹਨ ਉਨ੍ਹਾਂ ਦੀ ਜਾਣਕਾਰੀ ਦੇਣ ਲਈ ਕੋਈ ਖਾਸ ਪ੍ਰੋਗਰਾਮ ਨਹੀਂ ਪਰ "ਅਦਬ" ਪ੍ਰੋਗਰਾਮ ਲਈ ਵਾਰ ਵਾਰ ਪ੍ਰੋਮੋ ਵਿਖਾਏ ਜਾ ਰਹੇ ਹਨ। ਪਿਛਲੇ ਸਾਲ ਮਾਰਚ ਵਿੱਚ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਹੋਈ ਸੀ ਜਿਸ ਲਈ ਭਾਰਤ ਸਰਕਾਰ ਵੱਲੋਂ ਰੋਗ ਤੋਂ ਬਚਣ ਲਈ ਕੁਝ ਯੋਗ ਸੁਝਾਅ ਦਿੱਤੇ ਸਨ ਜਿਸ ਕਾਰਨ ਜਨਤਾ ਕਰਫਿਊ ਦਾ ਐਲਾਨ ਕਰ ਦਿੱਤਾ ਗਿਆ ਸੀ ਉਸ ਨਾਲ ਸਾਡੀ ਆਮ ਜ਼ਿੰਦਗੀ ਦੇ ਉੱਤੇ ਖਾਸ ਰੋਕਾਂ ਲੱਗ ਗਈਆਂ ਸਨ।ਪਰ ਦੂਰਦਰਸ਼ਨ ਪੰਜਾਬੀ ਤੇ ਕੋਰੋਨਾ ਨੇ ਪਤਾ ਨਹੀਂ ਕਿਹੜਾ ਸਿੱਧਾ ਹਮਲਾ ਕੀਤਾ ਸੀ ਸਾਰੇ ਪ੍ਰੋਗਰਾਮ ਬੰਦ ਕਰ ਦਿੱਤੇ ਗਏ ਸਨ।ਪਰ "ਖ਼ਾਸ ਖ਼ਬਰ ਇੱਕ ਨਜ਼ਰ" ਪ੍ਰੋਗਰਾਮ ਜਿਸ ਵਿੱਚ ਅਖਬਾਰਾਂ ਦੀਆਂ ਖ਼ਬਰਾਂ ਬਾਰੇ ਵਿਚਾਰ ਚਰਚਾ ਹੁੰਦੀ ਹੈ ਉਹ ਪ੍ਰੋਗਰਾਮ ਕੋਰੋਨਾ ਦੇ ਹਮਲੇ ਤੋਂ ਬਚਦਾ ਹੋਇਆ ਚਾਲੂ ਰਿਹਾ।ਸਰਕਾਰ ਵੱਲੋਂ ਕੋਰੋਨਾ ਖ਼ਤਰਾ ਘਟਣ ਤੇ ਸਾਰੀਆਂ ਰੋਕਾਂ ਹਟਾ ਦਿੱਤੀਆਂ ਗਈਆਂ ਸਨ।ਪਰ "ਖ਼ਾਸ ਖ਼ਬਰ ਇੱਕ ਨਜ਼ਰ" ਜਿਸ ਵਿੱਚ ਅਖਬਾਰਾਂ ਵਿੱਚ ਛਪੀਆਂ ਖ਼ਬਰਾਂ ਤੇ ਸਥਾਪਤ ਪੱਤਰਕਾਰਾਂ ਨੇ ਠੋਸ ਵਿਚਾਰ ਚਰਚਾ ਕਰਨੀ ਹੁੰਦੀ ਹੈ।ਸਾਰੇ ਅਖਬਾਰਾਂ ਵਿੱਚ ਪਹਿਲੇ ਸਫ਼ੇ ਤੇ ਮੁੱਖ ਖ਼ਬਰ ਕਿਸਾਨ ਮੋਰਚੇ ਸਬੰਧੀ ਹੁੰਦੀ ਹੈ,ਉਹ ਕਦੇ ਵੀ ਸਾਡੇ ਪ੍ਰੋਗਰਾਮ ਮੁਖੀ ਨੂੰ ਵਿਖਾਈ ਨਹੀਂ ਦਿੱਤੀ।ਕੋਰੋਨਾ ਮਾਹਾਮਾਰੀ ਦੇ ਨਾਲ ਕਿਹੜਾ ਅਜਿਹਾ ਅਖਬਾਰ ਚਾਲੂ ਹੋਇਆ ਹੈ ਜੋ ਦੂਰਦਰਸ਼ਨ ਪੰਜਾਬੀ ਨੂੰ ਖਾਸ ਜਾਣਕਾਰੀ ਦਿੰਦਾ ਹੈ।ਕਿਸਾਨ ਮੋਰਚਾ ਜੋ ਜਨਤਾ ਦੇ ਸਮਝਣ ਨਾਲ ਜਨ ਮੋਰਚਾ ਬਣ ਕੇ ਸਾਰੇ ਭਾਰਤ ਦੇ ਕਿਸਾਨ ਮਜਦੂਰ ਕਲਾਕਾਰ ਇਸ ਮੋਰਚੇ ਦਾ ਥੰਮ੍ਹ ਹਨ,ਹਰ ਅਖਬਾਰ ਦੇ ਮੁੱਖ ਪੰਨੇ ਤੇ ਪਹਿਲੀ ਖਬਰ ਜਨ ਮੋਰਚੇ ਸਬੰਧੀ ਹੁੰਦੀ ਹੈ।ਪਰ ਕੇਂਦਰ ਦੇ ਪ੍ਰੋਗਰਾਮ ਮੁਖੀ ਸ਼੍ਰੀਮਾਨ ਪੁਨੀਤ ਸਹਿਗਲ ਜੀ ਨੂੰ ਜਨਤਾ ਦੇ ਮੋਰਚੇ ਬਾਰੇ ਕੁਝ ਜਾਣਕਾਰੀ ਨਹੀਂ ਜਿਸ ਕਾਰਨ ਇਹ ਖ਼ਬਰਾਂ ਅਣਡਿੱਠ ਕਰ ਦਿੱਤੀਆਂ ਜਾਂਦੀਆਂ ਹਨ।ਖ਼ਾਸ ਖ਼ਬਰ ਇੱਕ ਨਜ਼ਰ ਪ੍ਰੋਗਰਾਮ ਵਿਚ ਸਥਾਪਤ ਪੱਤਰਕਾਰ ਸਾਲਾਂ ਤੋਂ ਆਉਂਦੇ ਸਨ ਜੋ ਹੁਣ ਹਟਾ ਦਿੱਤੇ ਗਏ ਹਨ,ਹੁਣ ਸਰਦਾਰ ਲਖਵਿੰਦਰ ਸਿੰਘ ਜੌਹਲ,ਬਲਜੀਤ ਬਰਾੜ, ਮਦਨ ਦੀਪ ਸਿੰਘ,ਰਕੇਸ਼ ਸ਼ਾਂਤੀਦੂਤ, ਜਤਿੰਦਰ ਪੰਨੂ,ਕਮਲੇਸ਼ ਦੁੱਗਲ,ਦੇਸ ਰਾਜ ਕਾਲੀ ਇਨ੍ਹਾਂ ਦਾ ਪੱਤਰਕਾਰੀ ਨਾਲ ਕੋਈ ਸਬੰਧ ਨਹੀਂ ਪਰ ਖ਼ਬਰਾਂ ਦਾ ਪੋਸਟਮਾਰਟਮ ਕਰਨ ਲਈ ਆਉਂਦੇ ਹਨ।ਕਿਉਂਕਿ ਇਹ ਪ੍ਰੋਗਰਾਮ ਮੁਖੀ ਪੁਨੀਤ ਸਹਿਗਲ ਜੀ ਦੇ ਖਾਸ ਦੋਸਤ ਹਨ ਹਫਤਾਵਾਰੀ ਪਾਰਟੀਆਂ ਦੌਰਾਨ ਬੈਠ ਕੇ ਵਿਚਾਰ ਚਰਚਾ ਕਰ ਲੈਂਦੇ ਹਨ ਕਿ ਇਸ ਹਫਤੇ ਆਪਾਂ ਨੇ ਕੇਂਦਰ ਸਰਕਾਰ ਦੇ ਝੰਡੇ ਹੋਰ ਬੁਲੰਦ ਕਰਨੇ ਹਨ।ਕੋਰੋਨਾ ਸਬੰਧੀ ਡਾਕਟਰਾਂ ਦੀ ਤਰ੍ਹਾਂ ਠੋਸ ਦਲੀਲਾਂ ਵੀ ਦਿੰਦੇ ਹਨ ਲੱਗਦਾ ਹੈ ਕੇ ਮਿੱਤਰਚਾਰੀ ਮੀਟਿੰਗ ਵਿਚ ਕਿਸੇ ਡਾਕਟਰ ਨੂੰ ਬੁਲਾ ਕੇ ਸਲਾਹਾਂ ਲਿਖ ਲੈਂਦੇ ਹੋਣਗੇ।ਇੱਕ ਪੰਦਰਾਂ ਮਿੰਟ ਦੇ ਪ੍ਰੋਗਰਾਮ ਤੇ ਪ੍ਰਸਾਰ ਭਾਰਤੀ ਦਾ ਦਸ ਪੰਦਰਾਂ ਹਜ਼ਾਰ ਰੁਪਇਆ ਖਰਚ ਹੋ ਜਾਂਦਾ ਹੋਵੇਗਾ ਸਰੋਤਿਆਂ ਨੂੰ ਕੋਈ ਫਾਇਦਾ ਨਹੀਂ,ਸਰਕਾਰੀ ਖ਼ਜ਼ਾਨੇ ਨੂੰ ਭਾਰੀ ਚੋਟ ਸਰੋਤਿਆਂ ਦੇ ਸਮੇਂ ਦੀ ਬਰਬਾਦੀ ਕੱਢਣ ਪਾਉਣ ਨੂੰ ਕੁਝ ਵੀ ਨਹੀਂ। "ਗੱਲਾਂ ਤੇ ਗੀਤ" ਪ੍ਰੋਗਰਾਮ ਸਾਲ ਕੁ ਪਹਿਲਾਂ ਤੱਕ ਸੇਧ ਦੇਣ ਵਾਲਾ ਤੇ ਸਾਰਥਕ ਸੀ ਪਰ ਹੁਣ ਸਮਾਂ ਗੱਲਾਂ ਤੇ ਗੀਤਾਂ ਦੀ ਬਰਬਾਦੀ ਹੀ ਨਜਰ ਆਉਂਦਾ ਹੈ।ਕੇਂਦਰ ਸਰਕਾਰ ਦਾ ਕੋਈ ਖਾਸ ਵਿਸ਼ਾ ਲੈ ਕੇ ਕਿਸੇ ਸਰਕਾਰੀ ਅਧਿਕਾਰੀ ਨੂੰ ਬੁਲਾ ਕੇ ਸਰਕਾਰ ਦੀਆਂ ਨੀਤੀਆਂ ਦੀ ਖੁੱਲ੍ਹੀ ਬੀਨ ਵਜਾਈ ਜਾਂਦੀ ਹੈ ਪਰ ਸਰੋਤਿਆਂ ਦੇ ਸਮਝ ਕੁਝ ਨਹੀਂ ਆਉਂਦਾ।ਇੱਕ ਮੁੱਖ ਮਹਿਮਾਨ ਤੇ ਦੋ ਐਂਕਰ ਵਿਸ਼ੇ ਨਾਲ ਸਬੰਧਤ ਗੱਲਬਾਤ ਕਰਦੇ ਸਨ,ਹੁਣ ਐਂਕਰ ਇੱਕ ਹੀ ਕਰ ਦਿੱਤਾ ਗਿਆ ਹੈ,ਬਿਨਾਂ ਹੁੰਗਾਰੇ ਤੋਂ ਬਾਤ ਪਾਈ ਜਾਂਦੀ ਹੈ ਜੋ ਮੁੱਖ ਮਹਿਮਾਨ ਤੇ ਸਰੋਤਿਆਂ ਨੂੰ ਕੁਝ ਸਮਝ ਨਹੀਂ ਆਉਂਦੀ।ਗੱਲਾਂ ਤੇ ਗੀਤ ਦੀ ਥਾਂ ਤੇ ਹਰ ਐਤਵਾਰ "ਸੁਨੇਹੇ" ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ।ਇਹ ਪ੍ਰੋਗਰਾਮ ਖਾਸ ਤੌਰ ਤੇ ਅਰਬ ਦੇਸ਼ਾਂ ਵਿੱਚ ਰਹਿੰਦੇ ਸਾਡੇ ਭੈਣ ਭਰਾਵਾਂ ਲਈ ਹੈ,ਚਾਰ ਕੁ ਸਾਲ ਪਹਿਲਾਂ ਤਕ ਪ੍ਰਸਾਰ ਭਾਰਤੀ ਦੀਆਂ ਹਦਾਇਤਾਂ ਅਨੁਸਾਰ ਹਰ ਸ਼ੁੱਕਰਵਾਰ ਨੂੰ ਦੁਪਹਿਰ ਵੇਲੇ ਇਹ ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਸੀ ਕਿਉਂਕਿ ਉਸ ਦਿਨ ਅਰਬ ਦੇਸ਼ਾਂ ਵਿੱਚ ਛੁੱਟੀ ਹੁੰਦੀ ਹੈ,ਆਪਣੇ ਭੈਣ ਭਰਾ ਆਪਣੇ ਘਰ ਤੇ ਦੋਸਤਾਂ ਮਿੱਤਰਾਂ ਨੂੰ ਖਾਸ ਸੁਨੇਹੇ ਦਿੰਦੇ ਸਨ।ਪਰ ਇਸ ਪ੍ਰੋਗਰਾਮ ਤੇ ਦੋ ਐਂਕਰਜ ਗਗਨਦੀਪ ਸੋਧੀ ਤੇ ਕਮਲਪ੍ਰੀਤ ਕੌਰ ਦਾ ਪੱਕਾ ਕਬਜਾ ਹੈ,ਜਿਸ ਕਾਰਨ ਦੂਸਰੇ ਪ੍ਰੋਗਰਾਮਾਂ ਵਾਂਗ ਇਸ ਦੇ ਐਂਕਰ ਦੋ ਹੀ ਰਹਿਣਗੇ ਕਿਉਂ "ਇਸ ਸੁਨੇਹੇ ਪ੍ਰੋਗ੍ਰਾਮ ਨੂੰ ਜਨਮ ਦਿਨ ਤੇ ਵਿਆਹਾਂ ਦੀਆਂ ਸਾਲ-ਗਿਰਾਂ ਦੇ ਆਧਾਰਤ ਕਰ ਦਿੱਤਾ ਗਿਆ ਹੈ,ਐਂਕਰ ਗਗਨਦੀਪ ਜੀ ਦੀ ਆਮ ਖਾਸ ਸਰੋਤਿਆਂ ਤੱਕ ਪਹੁੰਚ ਹੈ ਤੇ ਬੀਬਾ ਕਮਲਪ੍ਰੀਤ ਕੌਰ ਇਕ ਕਾਲਜ ਵਿਚ ਸ਼ਾਇਦ ਛੋਟੀ ਮੋਟੀ ਨੌਕਰੀ ਕਰਦੇ ਹਨ,ਇਹ ਆਮ ਜਨਤਾ ਨੂੰ ਪੁੱਛ ਲੈਂਦੇ ਹਨ ਕਿ ਕਿਸ ਨੇ ਆਪਣਾ ਜਨਮ ਦਿਨ ਜਾਂ ਸਾਲਗਿਰ੍ਹਾ ਮਨਾਉਣੀ ਹੈ ਤਾਂ ਸਾਡੀ ਬਣਦੀ ਫੀਸ ਤੇ ਮਠਿਆਈ ਤੇ ਲੱਡੂਆਂ ਦਾ ਇੰਤਜਾਮ ਕਰੋ।ਇਨ੍ਹਾਂ ਦੇ ਆਪਣੇ ਖ਼ਾਸ ਦੋਸਤਾਂ ਦੇ ਸਾਲ ਵਿੱਚ ਦੋ ਤੋਂ ਵੱਧ ਜਨਮਦਿਨ ਤੇ ਜਦੋਂ ਜੀਅ ਕਰੇ ਤਾਂ ਸਾਲਗਿਰਾ ਵੀ ਮਨਾਉਣ ਦੀਆਂ ਵਧਾਈਆਂ ਦਿੱਤੀਆਂ ਜਾਂਦੀਆਂ ਹਨ।ਇਸ ਸੰਬੰਧੀ ਪ੍ਰੋਗਰਾਮ ਮੁਖੀ ਪੁਨੀਤ ਸਹਿਗਲ ਜੀ ਨੂੰ ਜਾਣਕਾਰੀ ਹੈ ਪਰ ਲੱਡੂਆਂ ਨੂੰ ਮੂੰਹ ਮਾਰਨ ਦਾ ਕਿਸ ਦਾ ਦਿਲ ਨਹੀਂ ਕਰਦਾ ਸਾਡੇ ਵਿਦੇਸ਼ੀ ਭਰਾਵਾਂ ਤੋਂ ਉਨ੍ਹਾਂ ਦਾ ਪ੍ਰੋਗਰਾਮ ਖੋਹ ਲਿਆ ਗਿਆ ਹੈ ਆਪਣਾ ਪੇਟ ਪਾਲਣ ਲਈ ਪ੍ਰੋਗਰਾਮ ਚਾਲੂ ਹੈ। "ਆਪੋ ਆਪਣੀ ਗੱਲ" ਪ੍ਰੋਗਰਾਮ ਜਿਸ ਦੇ ਨਾਮ ਨਾਲ ਵੀ ਇਨਸਾਫ਼ ਨਹੀਂ ਕੀਤਾ ਜਾਂਦਾ ਸਰੋਤਿਆਂ ਨੂੰ ਆਪੋ ਆਪਣੀ ਗੱਲ ਨਹੀਂ ਕਰਨ ਦਿੱਤੀ ਜਾਂਦੀ ਆਪਣੇ ਵੱਲੋਂ ਵਿਸਾ ਦਿੱਤਾ ਜਾਂਦਾ ਹੈ।ਵਿਸ਼ਾ ਤੇ ਗੱਲਾਂ ਵੀ ਕੁਝ ਖਾਸ ਸਥਾਪਤ ਇਨ੍ਹਾਂ ਦੇ ਆਪਣੇ ਸਰੋਤਿਆਂ ਦੀਆਂ ਫੋਨ ਕਾਲ ਰਾਹੀਂ ਹੁੰਦੀਆਂ ਹਨ।ਲੰਮੇ ਸਮੇਂ ਤੋਂ ਇਸ ਪ੍ਰੋਗਰਾਮ ਦੀ ਐਂਕਰ ਟੀਨੂੰ ਸ਼ਰਮਾ ਸੀ ਜਿਸ ਨੇ ਪੰਜਾਬੀ ਭਾਸ਼ਾ ਵਿਰਸਾ ਤੇ ਪਹਿਰਾਵੇ ਦਾ ਘਾਣ ਕਰ ਰੱਖਿਆ ਸੀ,ਪਰ ਹੁਣ ਦਲਜਿੰਦਰ ਬਸਰਾ ਜੀ ਇਸ ਪ੍ਰੋਗਰਾਮ ਨੂੰ ਪੇਸ਼ ਕਰਦੇ ਹਨ ਜਿਨ੍ਹਾਂ ਦੀਆਂ ਗੱਲਾਂ ਬੇਹੱਦ ਸਲਾਹੁਣਯੋਗ ਹੁੰਦੀਆਂ ਹਨ ਪ੍ਰੋਗਰਾਮ ਵਿਚ ਥੋੜ੍ਹੀ ਰੌਣਕ ਵਾਪਸ ਆਈ ਹੈ।ਚਿੱਤਰਹਾਰ ਇੱਕ ਪ੍ਰੋਗਰਾਮ ਚਾਲੂ ਕੀਤਾ ਗਿਆ ਹੈ ਜਿਸ ਵਿਚ ਹਿੰਦੀ ਫਲਿਮਾਂ ਦੇ ਗੀਤ ਸੁਣਾਏ ਜਾਂਦੇ ਹਨ ਜੋ ਪੰਜਾਬੀ ਸਰੋਤਿਆਂ ਨਾਲ ਧੋਖਾ ਹੈ,ਪੰਜਾਬੀ ਕੇਂਦਰ ਤੋਂ ਪੰਜਾਬੀ ਫਲਿਮਾਂ ਦੇ ਗੀਤ ਹੋਣੇ ਚਾਹੀਦੇ ਹਨ,ਇਸ ਪ੍ਰੋਗਰਾਮ ਦੀ ਐਂਕਰ ਨੇਹਾ ਜੋਸ਼ੀ ਜੋ ਪੰਜਾਬੀ ਭਾਸ਼ਾ ਤੇ ਪਹਿਰਾਵੇ ਬਾਰੇ ਕੁਝ ਨਹੀਂ ਜਾਣਦੀ ਕੰਮ ਚਲਾਊ ਪ੍ਰੋਗਰਾਮ ਹੋ ਨਿੱਬੜਦਾ ਹੈ।ਮੇਰਾ ਪਿੰਡ ਮੇਰੇ ਖੇਤ ਪ੍ਰੋਗਰਾਮ ਅੱਧੇ ਕੁ ਘੰਟੇ ਦਾ ਹੈ ਜੋ ਹਫ਼ਤੇ ਵਿੱਚ ਪੰਜ ਦਿਨ ਪੇਸ਼ ਕੀਤਾ ਜਾਂਦਾ ਹੈ,ਪੰਜਾਬ ਦਾ ਮੁੱਖ ਕੰਮਕਾਰ ਖੇਤੀਬਾਡੀ ਹੈ ਕੀ ਇਸ ਬਾਰੇ ਪੂਰਨ ਰੂਪ ਵਿੱਚ ਜਾਣਕਾਰੀ ਨਹੀਂ ਹੋਣੀ ਚਾਹੀਦੀ ?

ਪ੍ਰਸਾਰ ਭਾਰਤੀ ਨੂੰ ਸਰੋਤਿਆਂ ਵੱਲੋਂ ਕੁਝ ਖਾਸ ਸੁਝਾਅ- ਦੂਰਦਰਸ਼ਨ ਪੰਜਾਬੀ ਵਿੱਚ ਪੰਜਾਬੀ ਫ਼ਿਲਮਾਂ ਗੀਤ,ਤੇ ਸਰੋਤਿਆਂ ਦੇ ਸੁਝਾਵਾਂ ਲਈ ਚਿੱਠੀਆਂ ਅਤੇ ਫੋਨ ਕਾਲ ਦਾ ਪ੍ਰੋਗਰਾਮ ਚਾਲੂ ਕਰਨਾ ਚਾਹੀਦਾ ਹੈ ਤਾਂ ਜੋ ਸਰੋਤਿਆਂ ਦੀ ਪਸੰਦ ਨੂੰ ਮੁੱਖ ਰੱਖਿਆ ਜਾ ਸਕੇ।ਪ੍ਰਸਾਰ ਭਾਰਤੀ ਦਾ ਇਕ ਖਾਸ ਕਾਨੂੰਨ ਹੈ ਜੋ ਅਧਿਕਾਰੀ ਜਾਂ ਕਰਮਚਾਰੀ ਦੂਰਦਰਸ਼ਨ ਕੇਂਦਰਾਂ ਵਿਚ ਆਪਣਾ ਸੇਵਾਕਾਲ ਨਿੱਭਾ ਚੁੱਕੇ ਹਨ ਉਹ ਵਾਪਿਸ ਸਕਰੀਨ ਦੇ ਉੱਤੇ ਆ ਕੇ ਕੋਈ ਪ੍ਰੋਗਰਾਮ ਪੇਸ਼ ਨਹੀਂ ਕਰ ਸਕਦੇ,ਪਰ ਲਖਵਿੰਦਰ ਜੌਹਲ ਜੀ ਜੋ ਲੰਮੇ ਸਮੇਂ ਤਕ ਦੂਰਦਰਸ਼ਨ ਕੇਂਦਰਾਂ ਵਿਚ ਨਿਰਮਾਤਾ ਦੀ ਸੇਵਾ ਨਿਭਾਅ ਚੁੱਕੇ ਹਨ ਵਾਪਿਸ ਉਨ੍ਹਾਂ ਨੂੰ ਫੇਰ ਖ਼ਾਸ ਖ਼ਬਰ ਇੱਕ ਨਜ਼ਰ ਵਿੱਚ ਬੁਲਾਇਆ ਜਾ ਰਿਹਾ ਹੈ।ਪ੍ਰੋਫ਼ੈਸਰ ਕੁਲਵੀਰ ਸਿੰਘ ਜੋ ਪ੍ਰੋਫ਼ੈਸਰ ਤਾਂ ਨਹੀਂ ਪਰ ਸਕਰੀਨ ਉੱਤੇ ਦੂਰਦਰਸ਼ਨ ਪੰਜਾਬੀ ਵਾਲੇ ਲਿਖਦੇ ਹਨ,ਇਕ ਪ੍ਰੋਗਰਾਮ ਵਿਚ ਇਨ੍ਹਾਂ ਨੇ ਪੰਜਾਬ ਦੇ ਇਕ ਸੰਸਦੀ ਮੈਂਬਰ ਬਾਰੇ ਘਟੀਆ ਸ਼ਬਦ ਬੋਲੇ ਸਨ ਜਿਸ ਕਾਰਨ ਪ੍ਰਸਾਰ ਭਾਰਤੀ ਨੇ ਇਨ੍ਹਾਂ ਨੂੰ ਅਲਵਿਦਾ ਕਹਿ ਦਿੱਤਾ ਸੀ ਪਰ ਲਖਵਿੰਦਰ ਜੌਹਲ ਤੇ ਕੁਲਵੀਰ ਸਿੰਘ ਜੀ ਪ੍ਰੋਗਰਾਮ ਮੁਖੀ ਪੁਨੀਤ ਸਹਿਗਲ ਜੀ ਦੇ ਖਾਸ ਦੋਸਤ ਹਨ ਜਿਸ ਕਾਰਨ ਪ੍ਰਸਾਰ ਭਾਰਤੀ ਦੇ ਕਾਨੂੰਨਾਂ ਦੀਆਂ ਵੀ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਮੁੱਕਦੀ ਗੱਲ ਦੂਰਦਰਸ਼ਨ ਪੰਜਾਬੀ ਲੋਕ ਪ੍ਰਸਾਰਨ ਸੇਵਾ ਹੈ ਇਸ ਵਿਚ ਸਰਕਾਰ ਦੀਆਂ ਮਸ਼ਹੂਰੀਆਂ ਨਹੀਂ ਪੰਜਾਬ ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਹਿੱਤ ਪ੍ਰੋਗਰਾਮ ਪੇਸ਼ ਕਰਨੇ ਚਾਹੀਦੇ ਹਨ।

ਰਮੇਸ਼ਵਰ ਸਿੰਘ : 9914880392




# ਚਿੰਤਾ ਰੋਗ

ਸੰਸਾਰ ਵਿੱਚ ਚਿੰਤਾ ਰੋਗ ਬਹੁਤ ਵੱਧ ਚੁੱਕਾ ਹੈ। ਹਰ ਕਿਸੇ ਨੂੰ ਕੋਈ ਨਾ ਕੋਈ ਚਿੰਤਾ ਲੱਗੀ ਹੀ ਰਹਿੰਦੀ ਹੈ। ਚਿੰਤਾ ਅੱਜ ਕੱਲ ਮਨੁੱਖੀ ਜੀਵਨ ਦਾ ਇੱਕ ਅੰਗ ਬਣ ਗਈ ਹੈ। ਚਿੰਤਾ ਇੱਕ ਭੈੜੀ, ਤਬਾਹ ਤੇ ਨਾਸ਼ ਕਰ ਦੇਣ ਵਾਲੀ ਆਦਤ ਹੈ, ਜਿਹੜੀ ਕਿ ਮਨੁੱਖ ਨੇ ਸੱਭਿਅਤਾ ਦੇ ਦੌਰਾਨ ਵਿੱਚ ਆਪਣੇ ਗਲ ਪਾ ਲਈ ਹੈ। ਸੱਭਿਅਤਾ ਦੇ ਆਉਣ ਤੋਂ ਪਹਿਲਾਂ ਮਨੁੱਖੀ ਜੀਵਨ ਵਿੱਚ ਵਿੱਚ ਚਿੰਤਾ ਦਾ ਨਾਮ ਨਿਸ਼ਾਨ ਨਹੀਂ ਸੀ। ਜੰਗਲਾਂ ਅਤੇ ਗੁਫਾਵਾਂ ਵਿੱਚ ਰਹਿਣ ਵਾਲਾ ਨੰਗ - ਮਨੁੰਗਾ ਪ੍ਰਾਚੀਨ ਮਨੁੱਖ ਕਦੇ ਚਿੰਤਾ ਨਹੀਂ ਸੀ ਕਰਦਾ ਅਤੇ ਨਾ ਹੀ ਉਸਨੂੰ ਪਤਾ ਸੀ ਕਿ ਚਿੰਤਾ ਕੀ ਹੈ। ਉਹ ਸਦਾ ਖੁਸ ਤੇ ਸੰਤੁਸਟ ਰਹਿੰਦਾ ਸੀ। ਜੇ ਕਿਤੇ ਪ੍ਰਾਚੀਨ ਮਨੱਖ ਵੀ ਚਿੰਤਤ ਹੁੰਦਾ ਤਾਂ ਸੱਚ ਜਾਣੋ ਕਿ ਮਨੁੱਖੀ ਨਸਲ ਇਸ ਵੇਲੇ ਤਕ ਧਰਤੀ ਤੋਂ ਕਦੇ ਦੀ ਅਲੋਪ ਹੋ ਚੁੱਕੀ ਹੁੰਦੀ। ਅਸਲ ਵਿੱਚ ਚਿੰਤਾ ਅੱਜ ਕੱਲ ਦੇ ਗੁੰਝਲਦਾਰ ਜੀਵਨ ਦਾ ਫਲ ਹੈ।ਗੁੰਝਲਦਾਰ ਜੀਵਨ ਦੇ ਕਾਰਨ ਹਰ ਆਦਮੀ ਦੀਆਂ ਆਪਣੀਆਂ ਆਪਣੀਆਂ ਸਮੱਸਿਆਵਾਂ ਤੇ ਔਕੜਾਂ ਹਨ। ਪਰ ਚਿੰਤਾ ਕਰਨਾ ਕਿਸੇ ਔਕੜ ਦਾ ਹੱਲ ਨਹੀਂ। ਇਸ ਨਾਲ ਔਕੜਾਂ ਹੋਰ ਵੱਧਦੀਆਂ ਹਨ। ਅੱਜ ਕੱਲ ਮਨੁੱਖ ਦੀ ਸਫਲਤਾ ਅਸਫਲਤਾ ਕੇਵਲ ਉਸਦੇ ਬਲ ਅਤੇ ਹਿੰਮਤ ਤੇ ਹੀ ਨਿਰਭਰ ਨਹੀਂ, ਇਹ ਨਵੀਆਂ ਤਾਕਤਾਂ ਉੱਤੇ ਵੀ ਨਿਰਭਰ ਹੈ। ਜਿਹੜੀਆਂ ਕਿ ਵਰਤਮਾਨ ਸੱਭਿਅਤਾ ਦੇ ਨਾਲ ਨਾਲ ਪੈਦਾ ਹੋ ਰਹੀਆਂ ਹਨ। ਅੱਜ ਕੱਲ ਦਾ ਮਨੁੱਖ ਕੋਈ ਕੰਮ ਵੀ ਇਕੱਲਾ ਨਹੀਂ ਕਰ ਸਕਦਾ। ਉਹ ਕੀ ਕਮਾਵੇਗਾ ਅਤੇ ਕੀ ਖਾਵੇਗਾ, ਇਹ ਉਸਦੀ ਕਲਾ, ਮਿਹਨਤ ਜਾਂ ਕੰਮ ਤੇ ਨਿਰਭਰ ਨਹੀਂ ਬਲਕਿ ਉਸਦੇ ਇਰਦ ਗਿਰਦ ਦੀਆਂ ਸਮਾਜਿਕ ਅਤੇ ਆਰਥਿਕ ਤਾਕਤਾਂ ਉੱਪਰ ਨਿਰਭਰ ਹੈ। ਨਵੀ ਸੱਭਿਅਤਾ ਨੇ ਜਿੱਥੇ ਬਹੁਤ ਤਰ੍ਹਾਂ ਦੇ ਸੁੱਖ ਅਰਾਮ ਦਿੱਤੇ ਹਨ, ਉੱਥੇ ਮਨੁੱਖ ਦਾ ਲਹੂ ਪੀਣ ਵਾਲੀ ਚਿੰਤਾ ਵੀ ਸਾਡੀ ਝੋਲੀ ਪਾ ਦਿੱਤੀ। ਚਿੰਤਾ ਜੀਵਨ ਦੇ ਹਰ ਪਹਿਲੂ ਉੱਪਰ ਅਸਰ ਪਾ ਰਹੀ ਹੈ। ਇਹ ਮਨੁੱਖ ਦੇ ਪਰਿਵਾਰਿਕ ਅਤੇ ਸਮਾਜਿਕ ਸੰਬੰਧਾਂ ਨੂੰ ਵਿਗਾੜ ਰਹੀ ਹੈ। ਜਿਵੇਂ ਜਿਵੇਂ ਵਰਤਮਾਨ ਸੱਭਿਅਤਾ ਅਗਾਂਹ ਵੱਧ ਰਹੀ ਹੈ, ਤਿਉਂ ਤਿਉਂ ਚਿੰਤਾ ਵੀ ਵੱਧਦੀ ਜਾ ਰਹੀ ਹੈ। ਸੱਭਿਅਤਾ ਅਤੇ ਚਿੰਤਾ ਦੋਵੇਂ



ਨਾਲ ਨਾਲ ਹੀ ਚੱਲਦੀਆਂ ਹਨ, ਫਰਕ ਸਿਰਫ ਏਨਾ ਹੈ ਕਿ ਸੱਭਿਅਤਾ ਅੱਗੇ ਹੋ ਤੁਰਦੀ ਹੈ ਅਤੇ ਚਿੰਤਾ ਉਸਦੇ ਪਿੱਛੇ ਪਿੱਛੇ। ਚਿੰਤਾ ਇੱਕ ਬਹੁਤ ਹੀ ਨਕਾਰੀ ਅਤੇ ਹਾਨੀਕਾਰਕ ਆਦਤ ਹੈ, ਜਿਹੜੀ ਮਨੁੱਖ ਅਣਭੋਲ ਹੀ ਆਪਣੇ ਗਲ ਪਾ ਲੈਂਦਾ ਹੈ। ਜੇਕਰ ਚਿੰਤਾ ਦੇ ਮੁੱਲ ਦਾ ਅਨੁਮਾਨ ਲਗਾਉਣਾ ਹੋਵੇ ਤਾਂ ਡਾਕਟਰਾਂ, ਨਰਸਾਂ ਅਤੇ ਹਸਪਤਾਲਾਂ ਦੇ ਤੁਸੀਂ ਉਹ ਬਿੱਲ ਵੇਖੋ ਜਿਹੜੇ ਚਿੰਤਾ ਰੋਗੀ ਨੂੰ ਦੇਣੇ ਪੈਂਦੇ ਹਨ। ਇਸਦਾ ਹਾਨੀਕਾਰਕ ਅਸਰ ਵੇਖਣਾ ਹੋਵੇ ਤਾਂ ਉਹ ਸੁਨਿਹਰੀ ਮੌਕੇ ਵੇਖੋ ਜਿਹੜੇ ਕਿ ਚਿੰਤਾਵਾਨ ਆਪਣੇ ਹੱਥੋਂ ਗਵਾ ਬਾਕੀ ਦੁਨੀਆਂ ਤੋਂ ਪਿੱਛੇ ਰਹਿ ਚੁੱਕਾ ਹੁੰਦਾ। ਚਿੰਤਾ ਸੱਭਿਅਤਾ ਤੋਂ ਪੈਦਾ ਹੁੰਦੀ ਹੈ। ਇਸ ਲਈ ਚਿੰਤਾ ਨੂੰ ਦੂਰ ਕਰਨ ਦੇ ਦੋ ਹੀ ਤਰੀਕੇ ਹਨ, ਜਾਂ ਤਾਂ ਸੱਭਿਅਤਾ ਬਦਲ ਦੇਈਏ ਜਾਂ ਫਿਰ ਸੱਭਿਅਤਾ ਦੇ ਨਾਲ ਨਾਲ ਆਪਣੇ ਆਪ ਨੂੰ ਬਦਲ ਲਈਏ। ਹੁਣ ਏਥੇ ਇਹ ਗੱਲ ਵੀ ਗੌਰ ਫਰਮਾਉਣ ਵਾਲੀ ਹੈ ਕਿ ਸੱਭਿਅਤਾ ਨੂੰ ਅਸੀਂ ਬਦਲ ਨਹੀਂ ਸਕਦੇ, ਕਿਉਂਕਿ ਇਹ ਸਾਡੀ ਤਾਕਤ ਤੋਂ ਬਾਹਰ ਦੀ ਗੱਲ ਹੈ। ਇਸ ਲਈ ਚਿੰਤਾ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਆਪਣੇ ਆਪ ਨੂੰ ਹੀ ਬਦਲਣਾ ਪਵੇਗਾ।

ਕਈ ਵਾਰ ਮਨੁੱਖ ਦੀ ਜਿੰਦਗੀ ਵਿੱਚ ਅਜਿਹੇ ਹਾਲਾਤ ਬਣ ਜਾਂਦੇ ਹਨ ਕਿ ਉਹਨਾਂ ਨੂੰ ਬਦਲਣਾ ਮਨੁੱਖੀ ਹਸਤੀ ਤੋਂ ਬਾਹਰ ਹੁੰਦਾ ਹੈ, ਜਦੋਂ ਅਸੀਂ ਹਲਾਤਾਂ ਨੂੰ ਬਦਲਣ ਵਿੱਚ ਨਾਕਾਮਯਾਬ ਹੁੰਦੇ ਹਾਂ ਤਾਂ ਚਿੰਤਾ ਕਰਨ ਦੀ ਬਜਾਇ ਆਪਣੇ ਆਪ ਨੂੰ ਉਹਨਾਂ ਦੇ ਅਨੁਸਾਰ ਬਦਲ ਲੈਣਾ, ਹਾਰ ਨਹੀਂ ਬਲਕਿ ਜਿੱਤ ਅਖਵਾਉਂਦਾ ਹੈ। ਸਾਨੂੰ ਇੱਕ ਸਿਆਣੇ ਜਰਨੈਲ ਦੀ ਤਰ੍ਹਾਂ ਹੋਣਾ ਚਾਹੀਦਾ ਹੈ, ਕਿਉਂਕਿ ਇੱਕ ਸੂਝਵਾਨ ਜਰਨੈਲ ਹੀ ਜਾਣਦਾ ਹੈ ਕਿ ਕਿਸ ਵੇਲੇ ਪਛਾਂਹ ਮੁੜਨ ਵਿੱਚ ਉਸਦੀ ਫੌਜ ਦਾ ਲਾਭ ਹੈ।

ਜੇਕਰ ਅਸੀਂ ਜੀਵਨ ਯੁੱਧ ਨੂੰ ਚੰਗੀ ਤਰ੍ਹਾਂ ਲੜਨਾ ਹੈ ਤਾਂ ਸਾਨੂੰ ਘੱਟ ਤੋਂ ਘੱਟ ਚਿੰਤਾ ਕਰਨੀ ਚਾਹੀਦੀ ਹੈ। ਮਨੁੱਖ ਕੋਲ ਤਿੰਨ ਰਸਤੇ ਹੁੰਦੇ ਹਨ, ਜਾਂ ਤਾਂ ਹਲਾਤਾਂ ਨੂੰ ਬਦਲ ਲਵੇ, ਜਾਂ ਫਿਰ ਹਾਲਾਤਾਂ ਬਾਰੇ ਸੋਚ ਕੇ ਚਿੰਤਾ ਕਰੇ ਜਾਂ ਫਿਰ ਹਾਲਾਤਾਂ ਨਾਲ ਸਮਝੌਤਾ ਕਰੇ ਅਤੇ ਜਿੰਨਾ ਹਲਾਤਾਂ ਨੂੰ ਬਦਲ ਨਹੀਂ ਸਕਦਾ ਉਹਨਾਂ ਵਿਚੋਂ ਹੀ ਖੁਸ਼ੀ ਲੱਭਣ ਦਾ ਯਤਨ ਕਰੇ।ਜੋ ਸਾਡੇ ਅਤੇ ਸਾਡੇ ਪਰਿਵਾਰ ਲਈ ਬਹੁਤ ਲਾਭਦਾਇਕ ਹੋਵੇਗੀ।

ਅਖੀਰ ਵਿੱਚ ਫਿਰ ਦੁਹਰਾ ਦੇਣਾ ਚਾਹਾਂਗੀ ਕਿ ਨਵੀ ਸੱਭਿਅਤਾ ਅਤੇ ਵਿਕਾਸ ਜੋ ਸਮੇਂ ਦੀ ਚਿੰਤਾ ਦਾ ਮੂਲ ਕਾਰਨ ਹੈ, ਇਸ ਨੂੰ ਨਾ ਤਾਂ ਅਸੀਂ ਬਦਲ ਸਕਦੇ ਹਾਂ ਤੇ ਨਾ ਹੀ ਉੱਕਾ ਖਤਮ ਕਰ ਸਕਦੇ ਹਾਂ। ਇਸ ਲਈ ਸਿਆਣਪ ਇਸੇ ਵਿੱਚ ਹੈ ਕਿ ਅਸੀਂ ਨਵੀਂ ਸੱਭਿਅਤਾ ਦੇ ਵਿਕਾਸ ਤੋਂ ਪੈਦਾ ਹੋ ਰਹੇ ਨਵੇਂ ਹਾਲਾਤਾਂ ਦੇ ਅਨੁਸਾਰ ਆਪਣੇ ਆਪ ਵਿੱਚ ਤਬਦੀਲੀ ਲੈਕੇ ਆਈਏ ਤਾਂ ਜੋ ਵੱਧ ਰਹੀਆਂ ਬੇਲੋੜੀਆਂ ਚਿੰਤਾਵਾਂ ਅਤੇ ਹਾਨੀਕਾਰਕ ਬੋਝ ਤੋ ਕੁਝ ਹੱਦ ਤਕ ਬਚ ਸਕੀਏ।

ਹਰਕੀਰਤ ਕੌਰ 9779118066






## Need a Life Partner

**Need a honest , good behavior USA living life partner for 50 years smart , slim , healthy and independent Indian women. She is divorced and living independent in NJ . No cast bar . Just serious person contact . on Preetnama office number or email- preetnamausa@gmail.com Ph- +1 201-312-4180**

## Need a Bride

**Need a bride for New York living 26 old, hands9ome Indian Sikh boy height 6' working with software company. Need a beautiful USA living nice behaviour, simple girl. no cast bar. no dowry Contact : preetnamausa@gmail.com contact : +1 201-312-4180**



**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5'-9" 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5'-7" 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

*************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5'-10" ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

*************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5'-8" MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@ carillion.ca

*************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

*************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5'-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

*************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5'-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

*************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5'-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

*************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5' ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

*************************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5'-9 ਲਈ Canada P.R ਲੜਕੀ ਦੀ ਲੋੜ।780-932-0612 94172-00545

*************************

ਜੱਟ ਸਿੱਖ 24 ਸਾਲ ਕੱਦ 6' ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada.
780-913-1179
ਇੰਡੀਆ +91-90200-00019

*************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5'-10 ਸੰਪਰਕ 780-782-3313

*************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E'GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ । ਆਪਣਾ Biodata / Picture e-mail : deepedmonton9@ gmail.com. (whatsapp) or Call ' 780-628-7089

*************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5'-8'' ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

,,,,,,,,,,,,,,,,,,,,,,,,,,,,,,,,

ਇੰਡੀਆਂ ਰਹਿੰਦੇ ਕੱਦ 5 ਫੁੱਟ 7 ਇੰਚ ਉਮਰ 26 ਸਾਲ ਐਮ ਬੀ ਏ ਪਾਸ,ਮਾਰਕਟਿੰਗ ਦੀ ਨੌਕਰੀ ਕਰਦੇ ਲੜਕੇ ਲਈ ਐਨ ਆਰ ਆਈ ਲੜਕੀ ਦੀ ਲੋੜ, ਜਾਤੀ ਬੰਧਨ ਕੋਈ ਨਹੀਂ। ਸੰਪਰਕ- 7589137572 7973167967

*************************

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

*************************

ਦੁਬਈ ਟਰੱਕ (ਟਰਾਲੇ) ਡਰਾਈਵਰ, ਦੁਬਈ 7 ਸਾਲ ਪੁਰਾਣਾ ਲਾਇਸੰਸ ਉਮਰ 33 ਸਾਲ,5'9 ਜੱਟ ਸਿੱਖ ਲਈ ਪੜੀ ਲਿਖੀ,ਕੈਨੇਡੀਅਨ ਲੜਕੀ ਦੀ ਜਰੂਰਤ ਹੈ।ਚਾਹਵਾਨ ਸੰਪਰਕ ਕਰ ਸਕਦੇ ਹਨ।
**00971558162944 (ਦੁਬਈ) 9915587810-9855408663 (ਇੰਡੀਆਂ)**

*************************

Jatt sikh dhanoa 27/5,7 Dentist girl in India looking for a suitable match doctor/engineer boy India or abroad. Contact 780 236 0671 India 70872 64520

*************************

31 year old Sikh Khatri/arora boy 5feet6 Canadian university graduate with business degree and working in medical science field looking for a well eduacated girl from Khatri/arora/ramgharia family. Please contact 780 264 9616 yoursps@yahoo.com

# ਇੱਜ਼ਤ ਤਾਂ ਸਾਡੀ ਵੀ ਹੈ

**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ**
**ਮੋਬਾਈਲ ਨੰਬਰ 9815030221**

ਬਿਲਕੁੱਲ,ਇੱਜਤ ਅਮੀਰ ਗਰੀਬ ਸੱਭ ਦੀ ਹੈ ਅਤੇ ਹੋਣੀ ਵੀ ਚਾਹੀਦੀ ਹੈ।ਪੈਸੇ ਅਤੇ ਰੁੱਤਬੇ ਨਾਲ ਇੱਜਤ ਕਰਨ ਲਈ ਕਿਸੇ ਨੂੰ ਮਜਬੂਰ ਤਾਂ ਕੀਤਾ ਜਾ ਸਕਦਾ ਹੈ ਪਰ ਅਸਲ ਵਿੱਚ ਇੱਜਤ ਹੁੰਦੀ ਹੋਵੇ ਪੱਕਾ ਨਹੀਂ ਹੈ।ਸਿਆਣੇ ਕਹਿੰਦੇ ਨੇ,'ਜਿਵੇਂ ਦੀ ਖੂਹ ਵਿੱਚ ਆਵਾਜ਼ ਮਾਰੋਗੇ,ਅੱਗੋਂ ਉਵੇਂ ਦੀ ਹੀ ਆਵਾਜ਼ ਵਾਪਿਸ ਆਵੇਗੀ।'ਮਤਲਬ ਬੜਾ ਸਾਫ ਅਤੇ ਸਪੱਸ਼ਟ ਹੈ,ਜੇਕਰ ਇੱਜਤ ਕਰੋਗੇ ਤਾਂ ਕਰਵਾ ਲਵੋਗੇ।ਇਸ ਵਕਤ ਸਾਰਾ ਸਿਸਟਮ ਲੀਹੋਂ ਉਤਰਿਆ ਹੋਇਆ ਹੈ।ਲੋਕਤੰਤਰ ਦੀਆਂ ਧੱਜੀਆਂ ਉਡਾ ਰਹੀਆਂ ਹਨ।ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦਾ ਨੰਗਾ ਨਾਚ ਹੋ ਰਿਹਾ ਹੈ।ਚੋਣਾਂ ਵਿੱਚ ਉਮੀਦਵਾਰ ਕੁੱਝ ਵੱਖਰੇ ਢੰਗ ਨਾਲ ਗੱਲ ਬਾਤ ਕਰਦੇ ਹਨ ਪਰ ਜਿੱਤਣ ਤੋਂ ਬਾਅਦ ਉਨ੍ਹਾਂ ਦੀ ਚਾਲ ਢਾਲ ਹੀ ਬਦਲ ਜਾਂਦੀ ਹੈ।ਉਸਦੀ ਇੱਜਤ ਦਾ ਮਿਆਰ ਇੰਨਾ ਉੱਚਾ ਹੋ ਜਾਂਦਾ ਹੈ ਕਿ ਉਨ੍ਹਾਂ ਵੋਟਰਾਂ ਨੂੰ ਮਿਲਣ ਵਿੱਚ ਵੀ ਆਪਣੀ ਬੇਇੱਜਤੀ ਸਮਝਦਾ ਹੈ ਜਿੰਨਾ ਨੇ ਵੋਟਾਂ ਦੇ ਕੇ ਵਧਾਇਕ ਬਣਾਇਆ ਹੁੰਦਾ ਹੈ।ਹਕੀਕਤ ਇਹ ਹੈ ਕਿ ਵਧੇਰੇ ਇੱਜਤ ਦੇ ਹੱਕਦਾਰ ਉਹ ਹਨ ਜਿੰਨਾਂ ਨੇ ਤੁਹਾਨੂੰ ਵਧਾਇਕ ਬਣਾਇਆ ਹੈ।ਮੈਂ ਇਕ ਵੋਟਰ ਹਾਂ,ਮੈਂ ਦੇਸ਼ ਦੇ ਖਜ਼ਾਨੇ ਲਈ ਟੈਕਸ ਦਿੰਦਾ ਹਾਂ।ਮੈਂ ਤੀਲਾਂ ਦੀ ਡੱਬੀ ਖਰੀਦ ਦਾ ਹਾਂ ਤਾਂ ਟੈਕਸ ਦਿੰਦਾ ਹੈ ਫੇਰ ਚੁਣੇ ਹੋਏ ਪ੍ਰਤੀਨਿਧ ਦੀ ਹੀ ਇੱਜਤ ਦਾ ਰੌਲਾ ਤਾਂ ਸਮਝ ਨਹੀਂ ਆਉਂਦਾ।ਕਦੇ ਵਿਧਾਇਕਾਂ ਅਤੇ ਮੰਤਰੀਆਂ ਨੇ ਇਹ ਸੋਚਿਆ ਕਿ ਲੋਕ ਤੁਹਾਨੂੰ ਮਿਲਣ ਆਉਂਦੇ ਹਨ ਅਤੇ ਉਨ੍ਹਾਂ ਦੀ ਗੱਲ ਸੁਣਨ ਲਈ ਤੁਹਾਡੇ ਕੋਲ ਸਮਾਂ ਹੀ ਨਹੀਂ ਹੁੰਦਾ।ਤੁਹਾਡੇ ਦਫਤਰਾਂ ਅਤੇ ਘਰਾਂ ਵਿੱਚ ਲੋਕਾਂ ਨੂੰ ਵੜਨ ਨਹੀਂ ਦਿੱਤਾ ਜਾਂਦਾ ਪਰ ਤੁਸੀਂ ਤਾਂ ਵੋਟ ਲੈਣ ਲਈ ਹਰ ਕਿਸੇ ਦੇ ਘਰ ਜਾਂਦੇ ਹੋ,ਹਰ ਪਿੰਡ ਸ਼ਹਿਰ ਜਾਂਦੇ ਹੋ।ਇਕ ਵਾਰ ਇਹ ਸੋਚ ਕੇ ਅਤੇ ਮਹਿਸੂਸ ਕਰਨਾ ਕਿ ਤੁਸੀਂ ਕਿਸੇ ਦੇ ਘਰ ਵੋਟ ਲੈਣ ਜਾਉ ਤਾਂ ਉਹ ਤੁਹਾਨੂੰ ਆਪਣੇ ਘਰ ਨਾ ਵੜਨ ਦੇਵੇ ਜਾਂ ਆਪਣੇ ਪਿੰਡ ਅਤੇ ਮੁਹੱਲੇ ਵਿੱਚ ਵੜਨ ਨਾ ਦੇਵੇ ਤਾਂ ਤੁਹਾਨੂੰ ਕਿਵੇਂ ਦਾ ਲੱਗੇਗਾ।ਇੱਜਤ ਸਿਰਫ਼ ਅਹੁਦੇ ਲੈਕੇ ਕੁਰਸੀਆਂ ਤੇ ਬੈਠਣ ਵਾਲਿਆਂ ਦੀ ਹੀ ਨਹੀਂ ਹਰ ਕਿਸੇ ਦੀ ਹੈ।

ਜਦੋਂ ਅਸੀਂ ਦਫਤਰਾਂ ਵਿੱਚ ਕੰਮ ਕਰਵਾਉਣ ਲਈ ਜਾਂਦੇ ਹਾਂ ਤਾਂ ਅਫਸਰਾਂ ਦੇ ਦਫਤਰਾਂ ਵਿੱਚ ਵਧੇਰੇ ਕਰਕੇ ਵੜਨਾ ਹੀ ਵੱਡੀ ਸਮੱਸਿਆ ਹੈ।ਕੰਮ ਹੋਏਗਾ ਇਹ ਤਾਂ ਬਹੁਤ ਦੂਰ ਦੀ ਗੱਲ ਹੈ।ਦਫਤਰਾਂ ਵਿੱਚ ਇਵੇਂ ਮਹਿਸੂਸ ਕਰਵਾਇਆ ਜਾਂਦਾ ਹੈ ਕਿ ਜਿਵੇਂ ਅਸੀਂ ਫਾਲਤੂ ਹਾਂ ਅਤੇ ਸਾਡੀ ਕੋਈ ਇਜੱਤ ਨਹੀਂ।ਪਰ ਅੰਦਰ ਬੈਠਾ ਹਰ ਅਫਸਰ ਇਹ ਭੁੱਲ ਰਿਹਾ ਹੁੰਦਾ ਹੈ ਕਿ ਤਨਖਾਹ ਇੰਨਾ ਲੋਕਾਂ ਦੇ ਦਿੱਤੇ ਟੈਕਸਾਂ ਤੋਂ ਮਿਲ ਰਹੀ ਹੈ।ਤੰਗ ਪ੍ਰੇਸ਼ਾਨ ਹੋ ਕੇ ਜੇਕਰ ਕੋਈ ਕੁੱਝ ਬੋਲਦਾ ਹੈ ਤਾਂ ਸਰਕਾਰੀ ਅਫਸਰਾਂ ਦੀ ਬੇਇੱਜਤੀ ਹੋ ਜਾਂਦੀ ਹੈ।ਜਿਹੜੇ ਦਫਤਰ ਦੇ ਬਾਹਰ ਖੜ੍ਹੇ ਹਨ ਅਤੇ ਚੱਕਰ ਤੇ ਚੱਕਰ ਲਗਾ ਰਹੇ ਹਨ,ਉਨ੍ਹਾਂ ਦੀ ਇਜੱਤ ਵੀ ਤੁਹਾਡੇ ਵਰਗੀ ਹੈ।

ਪੜ੍ਹੇ ਲਿਖੇ ਨੌਜਵਾਨ ਸੜਕਾਂ ਤੇ ਧਰਨੇ ਦੇਣ,ਭੁੱਖ ਹੜਤਾਲਾਂ ਕਰਨ ਆਪਣੀ ਤਕਲੀਫ਼ ਮੰਤਰੀਆਂ,ਵਿਧਾਇਕਾਂ ਜਾਂ ਅਧਿਕਾਰੀਆਂ ਨੂੰ ਦੱਸਣ ਲਈ ਉਨ੍ਹਾਂ ਦੇ ਦਫਤਰਾਂ ਵੱਲ ਜਾਣ ਤਾਂ ਉਨ੍ਹਾਂ ਦੀ ਖਿੱਚ ਧੂਹ ਕੀਤੀ ਜਾਂਦੀ ਹੈ,ਉਨ੍ਹਾਂ ਤੇ ਪੁਲਿਸ ਡੰਡੇ ਚਲਾਉਂਦੀ ਹੈ,ਕੁੜੀਆਂ ਨੂੰ ਸੜਕਾਂ ਤੇ ਖਿੱਚਿਆ ਜਾਂਦਾ ਹੈ।ਇੰਨਾ ਦੀ ਇਜੱਤ ਦੀ ਗੱਲ ਸਮਝ ਕਿਉਂ ਨਹੀਂ ਆਉਂਦੀ।ਸਿਆਸਤਦਾਨਾਂ ਦੀ ਤਾਂ ਕਾਰ ਦੇ ਅੱਗੇ ਕਾਰ ਵੀ ਕਿਸੇ ਦੀ ਆ ਜਾਏ ਤਾਂ ਇੰਨਾ ਦੀ ਤੌਹੀਨ ਹੋ ਜਾਂਦੀ ਹੈ।ਗੱਡੀਆਂ ਅੱਗੇ ਚੱਲ ਰਹੀਆਂ ਪਾਇਲਟ ਜਿਪਸੀਆਂ ਲੋਕਾਂ ਨੂੰ ਹੀਟਰ ਮਾਰਕੇ ਇਵੇਂ ਸੜਕਾਂ ਤੋਂ ਹੇਠਾਂ ਕਰਦੀਆਂ ਜਿਵੇਂ ਦੂਸਰਿਆਂ ਨੂੰ ਸੜਕਾਂ ਤੇ ਚੱਲਣ ਦਾ ਹੱਕ ਨਹੀਂ। ਇਵੇਂ ਹੀਟਰ ਮਾਰਨਗੇ ਜਿਵੇਂ ਅੱਗੇ ਬਹੁਤ ਕੰਮ ਕਰਨਾ ਹੈ।ਸੱਚ ਇਹ ਹੈ ਕਿ ਲੋਕ ਅਜੇ ਵੀ ਗਲੀਆਂ,ਨਾਲੀਆਂ,ਸੜਕਾਂ ਅਤੇ ਸੀਵਰੇਜ ਦੀ ਗੰਦਗੀ ਵਿੱਚੋਂ ਹੀ ਬਾਹਰ ਨਹੀਂ ਨਿਕਲੇ।ਜੇਕਰ ਅਸੀਂ ਇੱਜ਼ਤ ਕਰਵਾਉਣੀ ਹੈ ਤਾਂ ਸਾਨੂੰ ਆਪਨੂੰ ਵੀ ਸੋਚਣਾ,ਸਮਝਣਾ ਅਤੇ ਕੁੱਝ ਕਦਮ ਚੁੱਕਣੇ ਪੈਣਗੇ।ਆਪਸੀ ਭਾਈਚਾਰਾ ਕਾਇਮ ਕਰੀਏ,ਵੋਟ ਪਾਉਣ ਤੋਂ ਪਹਿਲਾਂ ਉਮੀਦਵਾਰ ਦੀ ਪਰਖ ਜਰੂਰ ਕਰੋ।ਆਪਣੀ ਵੋਟ ਦਾ ਸਹੀ ਇਸਤੇਮਾਲ ਕਰੀਏ।ਹਰ ਉਮੀਦਵਾਰ ਕੋਲੋਂ ਸਵਾਲ ਜਰੂਰ ਕਰੋ ਅਤੇ ਉਸਨੂੰ ਜਵਾਬ ਦੇਣ ਲਈ ਮਜਬੂਰ ਕਰੋ।ਮਿੱਟੀ ਦੇ ਮਾਧੋ ਨਾ ਬਣੀਏ।ਹਰ ਉਮੀਦਵਾਰ ਨੂੰ ਇਹ ਅਹਿਸਾਸ ਜਰੂਰ ਕਰਵਾਉ ਕਿ ਅਸੀਂ ਟੈਕਸ ਦਿੰਦੇ ਹਾਂ ਅਤੇ ਸਰਕਾਰ ਦੀਆਂ ਸਾਡੇ ਪ੍ਰਤੀ ਇਹ ਡਿਊਟੀਆਂ ਵੀ ਹਨ।ਪਿਛੱਲੇ ਸਾਲਾਂ ਦੇ ਕੀਤੇ ਕੰਮਾਂ ਦਾ ਹਿਸਾਬ ਮੰਗੋ ਅਤੇ ਸਪੱਸ਼ਟ ਕਰੋ ਕਿ ਪਿੱਛਲੇ ਕੰਮ ਤੁਸੀਂ ਨਹੀਂ ਕੀਤੇ।

ਹਰ ਵਿਧਾਇਕ,ਹਰ ਮੰਤਰੀ ਅਤੇ ਹਰ ਵੱਡੇ ਛੋਟੇ ਅਫਸਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਾਡੀ ਲੋਕਾਂ ਦੀ ਵੀ ਇਜੱਤ ਹੈ।ਲੋਕ ਹੀ ਹਨ ਜੋ ਤੁਹਾਨੂੰ ਚੁਣਦੇ ਹਨ।ਉਨ੍ਹਾਂ ਨੇ ਤੁਹਾਡੇ ਤੇ ਵਿਸ਼ਵਾਸ ਕੀਤਾ ਹੈ।ਖੈਰ,ਇਜੱਤ ਤਾਂ ਹਰ ਇਕ ਦੀ ਹੈ,ਅਮੀਰਾਂ ਅਤੇ ਸਿਆਸਤਦਾਨਾਂ ਦੀ ਇਜੱਤ ਨਿੱਜੀ ਜਗੀਰ ਨਹੀਂ ਹੈ।ਇੰਨਾ ਦੀ ਇਜੱਤ ਹਰ ਕੋਈ ਕਰੇ ਅਤੇ ਇਹ ਦੂਸਰਿਆਂ ਦੀ ਇਜੱਤ ਨੂੰ ਕੁੱਝ ਸਮਝਣ ਹੀ ਨਾ,ਇਹ ਸੋਚ ਬਿਲਕੁੱਲ ਗਲਤ ਹੈ।

# ਆਈ ਵਿਸਾਖੀ ਆਈ ਵਿਸਾਖੀ, ਖ਼ੁਸ਼ੀਆਂ ਨਾਲ ਲਿਆਈ ਵਿਸਾਖੀ

**ਸਫਾ 20 ਦੀ ਬਾਕੀ**

ਸ੍ਰੀ ਗੁਰੂ ਅਮਰਦਾਸ ਜੀ ਨੇ 1539 ਈਸਵੀ ਨੂੰ ਵਿਸਾਖੀ ਦੇ ਸ਼ੁੱਭ ਦਿਹਾੜੇ 'ਤੇ ਹੀ ਗੋਇੰਦਵਾਲ ਸਾਹਿਬ ਵਿਖੇ ਜੋੜ ਮੇਲਾ ਕਰਨ ਦੀ ਰੀਤ ਸ਼ੁਰੂ ਕੀਤੀ ਸੀ। ਲੰਗਰ ਪ੍ਰਥਾ ਸ਼ੁਰੂ ਕਰ ਕੇ ਜਾਤ-ਪਾਤ ਨੂੰ ਦੂਰ ਕਰਨ ਦਾ ਸੁਨੇਹਾ ਦਿੱਤਾ। ਭਾਵੇਂ ਵਿਸਾਖੀ ਦੇ ਤਿਉਹਾਰ ਦਾ ਸਬੰਧ ਕਣਕ ਦੀ ਫ਼ਸਲ ਦੇ ਪੱਕਣ ਨਾਲ ਹੈ ਪਰ ਇਸ ਦੀ ਇਤਿਹਾਸਕ ਮਹਾਨਤਾ ਕਰ ਕੇ ਇਸ ਦਿਨ ਦਾ ਮਹੱਤਵ ਹੋਰ ਵਧ ਜਾਂਦਾ ਹੈ।

ਇਸ ਦਿਨ ਇਸ ਦਿਨ ਲੋਕ ਗੁਰੂ ਘਰਾਂ 'ਚ ਮੱਥਾ ਟੇਕਦੇ ਹਨ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਪੰਜਾਬ ਦੇ ਵੱਖ-ਵੱਖ ਗੁਰੂ ਘਰਾਂ 'ਚ ਧਾਰਮਿਕ ਸਮਾਗਮ ਅਤੇ ਨਗਰ ਕੀਰਤਨ ਵੀ ਸਜਾਏ ਜਾਂਦੇ ਹਨ। ਜਿਸ 'ਚ ਵੱਡੀ ਗਿਣਤੀ 'ਚ ਸੰਗਤਾਂ ਸ਼ਿਰਕਤ ਕਰਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਦਿਨ ਦਸਤਾਰ ਦਿਵਸ ਵੀ ਮਨਾਇਆ ਜਾਂਦਾ ਹੈ।

ਸਾਕਾ ਜਲ੍ਹਿਆਂਵਾਲਾ ਬਾਗ਼

ਦੇਸ਼ ਭਰ ਵਿਚ ਵਿਸਾਖੀ ਪੁਰਬ ਜਿੱਥੇ ਪ੍ਰਾਚੀਨ ਇਤਿਹਾਸ, ਨਵੀਂ ਫ਼ਸਲ ਦੀ ਆਮਦ ਤੇ ਖ਼ਾਲਸਾ ਪੰਥ ਦੇ ਸਥਾਪਨਾ ਨਾਲ ਸਬੰਧਤ ਹੋਣ ਕਰਕੇ ਮਨਾਇਆ ਜਾਂਦਾ ਹੈ, ਉੱਥੇ ਇਸ ਨਾਲ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ਼ ਦਾ ਸਾਕਾ ਵੀ ਜੁੜਿਆ ਹੋਇਆ ਹੈ। ਅੱਜ ਇਸ ਸਾਕੇ ਨੂੰ ਪੂਰੇ ਸੌ ਸਾਲ ਹੋ ਚੁੱਕੇ ਹਨ। ਵਿਸਾਖੀ ਦਾ ਇਹ ਦਿਨ ਸਾਨੂੰ ਭਾਰਤ ਦੀ ਆਜ਼ਾਦੀ ਲਈ ਮਰ ਮਿਟਣ ਵਾਲ਼ੇ ਉਨ੍ਹਾਂ ਆਜ਼ਾਦੀ ਘੁਲਾਟੀਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਤਕ ਵਾਰ ਦਿੱਤੀਆਂ।

ਆਜ਼ਾਦੀ ਸੰਗਰਾਮ 'ਚ ਸ਼ਾਮਲ ਲੋਕ ਬਰਾਤਨਵੀ ਸਰਕਾਰ ਵੱਲੋਂ ਲਾਗੂ ਕੀਤੇ ਰੋਲਟ ਐਕਟ ਦੇ ਵਿਰੋਧ ਵਿਚ ਥਾਂ-ਥਾਂ ਜਨਸਭਾਵਾਂ ਕਰ ਰਹੇ ਸਨ। ਅਜਿਹੀ ਹੀ ਇਕ ਜਨਸਭਾ 13 ਅਪ੍ਰੈਲ 1919 ਨੂੰ ਸ਼ਾਮ 4 ਵਜੇ ਜਲ੍ਹਿਆਂਵਾਲਾ ਬਾਗ਼ ਵਿਚ ਰੱਖੀ ਗਈ ਸੀ। ਇਥੇ ਜੁੜੇ ਲੋਕ ਆਪਣੇ ਆਗੂਆਂ ਡਾ. ਸੈਫ਼-ਉਦ-ਦੀਨ ਕਿਚਲੂ ਤੇ ਡਾ. ਸੱਤਿਆਪਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਹੇ ਸਨ। ਬਾਗ਼ ਵਿਚ ਜਾਣ ਤੇ ਬਾਹਰ ਨਿਕਲਣ ਲਈ ਸਿਰਫ਼ ਇਕ ਛੋਟਾ ਤੇ ਤੰਗ ਰਸਤਾ ਸੀ। ਇਸ ਮੌਕੇ ਬਰਤਾਨਵੀ ਸਰਕਾਰ ਵੱਲੋਂ ਜਨਰਲ ਡਾਇਰ ਨੂੰ ਕਮਾਂਡ ਸੰਭਾਲੀ ਗਈ ਸੀ। ਜਨਰਲ ਡਾਇਰ ਨੇ ਜਲ੍ਹਿਆਂਵਾਲਾ ਬਾਗ਼ ਵਿਖੇ ਹੋਣ ਵਾਲੇ ਜਲਸੇ ਉਪਰ ਪਾਬੰਦੀ ਲਗਾ ਦਿੱਤੀ। ਜਦੋਂ 4 ਵਜੇ ਵੱਡੀ ਗਿਣਤੀ ਵਿਚ ਲੋਕ ਜਲ੍ਹਿਆਂਵਾਲਾ ਬਾਗ਼ ਵਿਚ ਪਹੁੰਚ ਚੁੱਕੇ ਸਨ ਤਾਂ ਬਿਨਾਂ ਕਿਸੇ ਭੜਕਾਹਟ ਤੇ ਚਿਤਾਵਨੀ ਦੇ ਜਨਰਲ ਡਾਇਰ ਨੇ ਅੰਗਰੇਜ਼ ਸਰਕਾਰ ਵਿਰੁੱਧ ਲੋਕਾਂ ਵਿਚ ਉੱਠ ਰਹੀ ਵਿਰੋਧ ਦੀ ਲਾਟ ਨੂੰ ਬੁਝਾਉਣ ਤੇ ਆਜ਼ਾਦੀ ਸੰਗਰਾਮ 'ਚ ਸ਼ਾਮਲ ਲੋਕਾਂ ਨੂੰ ਡਰਾਉਣ-ਧਮਕਾਉਣ ਦੇ ਮਕਸਦ ਨਾਲ ਇਕੱਤਰ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਕੇ ਅਣਗਿਣਤ ਲੋਕਾਂ ਨੂੰ ਮਾਰ ਦਿੱਤਾ। ਕਈ ਲੋਕਾਂ ਨੇ ਖੂਹ ਵਿਚ ਛਾਲ ਮਾਰ ਦਿੱਤੀ। ਇਸੇ ਲਈ ਜਲ੍ਹਿਆਂਵਾਲਾ ਬਾਗ਼ ਵਿਚ ਬਣੇ ਖੂਹ ਨੂੰ 'ਖ਼ੂਨੀ ਖੂਹ' ਵੀ ਕਿਹਾ ਜਾਂਦਾ ਹੈ। ਅੱਜ ਵੀ ਜਲ੍ਹਿਆਂਵਾਲਾ ਬਾਗ਼ ਵਿਚ ਗੋਲੀਆਂ ਦੇ ਨਿਸ਼ਾਨ ਹਨ। ਇਸ ਕਰਕੇ ਅੰਮ੍ਰਿਤਸਰ ਵਿਚ ਮਨਾਏ ਜਾਂਦੇ ਵਿਸਾਖੀ ਪੁਰਬ ਨੂੰ ਉਸ 'ਖ਼ੂਨੀ ਸਾਕੇ' ਦੀ ਯਾਦ ਵਜੋਂ ਵੀ ਮਨਾਇਆ ਜਾਂਦਾ ਹੈ। ਇਸ ਖ਼ੂਨੀ ਕਾਂਡ 'ਚ ਸ਼ਹੀਦ ਹੋਏ ਲੋਕਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਪ੍ਰਣ ਕਰੀਏ ਕਿ ਅਜਿਹੇ ਗ਼ੈਰ-ਮਨੁੱਖੀ ਕਾਰੇ ਇਸ ਧਰਤੀ 'ਤੇ ਮੁੜ ਕਦੇ ਨਾ ਵਾਪਰਨ। ਇਸ ਖ਼ੂਨੀ ਕਾਰੇ ਦਾ ਬਦਲਾ ਸ਼ਹੀਦ ਊਧਮ ਸਿੰਘ ਨੇ ਪੰਜਾਬ ਦੇ ਉਸ ਵੇਲੇ ਦੇ ਲੈਫਟੀਨੈਂਟ ਗਵਰਨਰ ਮਾਇਕਲ ਓਡਵਾਇਰ ਨੂੰ ਇੰਗਲੈਂਡ 'ਚ ਮਾਰ ਕੇ ਲਿਆ।

# ਕਿਸਾਨੀ ਸੰਘਰਸ਼ ਦੀਆਂ ਨੀਹਾਂ ਵਿੱਚ ਨੌਜਵਾਨਾ ਦਾ ਯੋਗਦਾਨ





**ਸੁਖਜਿੰਦਰ ਸਿੰਘ**
**ਪਿੰਡ ਥਾਂਦੇਵਾਲਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ**

ਲੰਮੇ ਸਮੇ ਤੋਂ ਚੱਲ ਰਹੇ ਕਿਸਾਨੀ ਸੰਘਰਸ਼ ਦਾ ਭਾਂਵੇ ਅਜੇ ਤੱਕ ਕੋਈ ਪੂਰਨ ਰੂਪ ਵਿੱਚ ਹੱਲ ਨਹੀਂ ਹੋਇਆ।ਸਰਕਾਰ ਦੁਆਰਾ ਪਾਸ ਕੀਤੇ ਤਿੰਨ ਕਾਲੇ ਕਾਨੂੰਨਾ ਵਿਰੁੱਧ ਇਹ ਇਤਿਹਾਸ ਦਾ ਪਹਿਲਾ ਲੰਮੇ ਸਮੇ ਤੱਕ ਚੱਲਣ ਵਾਲਾ ਅੰਦੋਲਣ ਬਣ ਗਿਆ ਹੈ।ਸੰਸਾਰ ਭਰ ਵਿੱਚ ਹਰ ਇੱਕ ਵਰਗ ਨੂੰ ਅੰਦੋਲਨ ਕਰਨ ਦਾ ਪੂਰਾ ਹੱਕ ਹੈ ਪਰ ਜਿਵੇਂ ਕਿ ਦੇਖਿਆ ਗਿਆ ਹੈ ਭਾਰਤ ਅਤੇ ਵਿਦੇਸ਼ੀ ਸਰਕਾਰਾਂ ਦੀ ਤੁਲਨਾ ਇਕ ਦਮ ਅਲੱਗ ਹੈ।ਵਿਦੇਸ਼ੀ ਸਰਕਾਰਾਂ ਆਪਣੇ ਦੇਸ਼ ਦੀ ਜਨਤਾ ਦੇ ਹੱਕਾ ਨੂੰ ਧਿਆਣਹਿਤ ਰੱਖ ਕੇ ਕਾਨੂਨ ਬਣਾਉਂਦੀਆਂ ਹਨ।ਪਰ ਅੱਜ ਭਾਰਤ ਦੇਸ਼ ਚ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਦੇਖਦਿਆਂ ਇਹ ਸਿੱਧ ਹੁੰਦਾ ਹੈ ਕਿ ਸਰਕਾਰਾਂ ਕੁਝ ਕਾਰਪੋਰੇਟ ਘਰਾਨਿਆਂ ਦੇ ਹਿੱਤਾ ਨੂੰ ਮੁੱਖ ਰੱਖਕੇ ਸਾਰੇ ਦੇਸ਼ ਦੇ ਵਰਗਾਂ ਨੂੰ ਪੈਰਾਂ ਤਲੇ ਕੁਚਲਣ ਦਾ ਯਤਨ ਕਰ ਰਹੀਆਂ ਹਨ ਪਰ ਅਜਿਹਾ ਕਦੇ ਨਹੀਂ ਹੋਣ ਦਿੱਤਾ ਜਾਵੇਗਾ।ਕਿਸਾਨੀ ਸੰਘਰਸ਼ ਦੇ ਚਲਦਿਆਂ ਹੁੰਣ ਤਕ ਸਾਰੇ ਹੀ ਦੇਸ਼ ਦੇ ਵਰਗਾਂ ਦੁਆਰਾ ਵਿਰੋਧ ਹੋ ਰਿਹਾ ਹੈ।ਪਹਿਲਾਂ ਇਹ ਸੰਘਰਸ਼ ਕੇਵਲ ਕਿਸਾਨੀ ਹੀ ਸਮਝਿਆ ਜਾਂਦਾ ਸੀ ਪਰ ਜਿਸ ਤਰਾਂ ਨੋਜਵਾਨ ਵਰਗ ਪੜ੍ਹਿਆ ਲਿਖਿਆ ਤੇ ਤਰਕਵਾਦੀ ਹੋਣ ਕਰਕੇ ਇਹ ਸਾਰੀ ਪੜਚੋਲ ਕਰਕੇ ਉਸਨੂੰ ਸੌਖੇ ਢੰਗ ਨਾਲ ਸਾਰੇ ਵਰਗ ਦੇ ਲੋਕਾਂ ਸਾਮਣੇ ਪੇਸ਼ ਕੀਤਾ ਗਿਆ ਤਾਂ ਸਾਰਾ ਦੇਸ਼ ਇਹਨਾ ਕਾਨੂੰਨਾ ਦੇ ਵਿਰੋਧ ਚ ਖੜਾ ਹੋ ਗਿਆ।

ਹੁਣ ਜੇਕਰ ਅਸੀਂ ਗੱਲ ਕਰੀਏ ਕਿਸਾਨੀ ਸੰਘਰਸ਼ ਵਿੱਚ ਨੌਜਵਾਨਾ ਦੇ ਯੋਗਦਾਨ ਦੀ ਤਾਂ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਨੌਜਵਾਨਾਂ ਤੋਂ ਬਿਨਾ ਇਹ ਸੰਘਰਸ਼ ਕਦੇ ਇੰਨਾ ਵੱਢਾ ਰੂਪ ਨਹੀ ਲੈ ਸਕਦਾ ਸੀ।ਨੌਜਵਾਨ ਵਰਗ ਵਿੱਚ ਜੋਸ਼ ਤੇ ਜਜਬਾ ਅਥਾਹ ਰੂਪ ਵਿੱਚ ਭਰਿਆ ਹੋਇਆ ਹੈ।ਦੂਸਰੀ ਗੱਲ ਅੱਜ ਦਾ ਨੌਜਵਾਨ ਪੜ੍ਹਿਆ ਲਿਖਿਆ ਹੋਣ ਕਰਕੇ ਇਹਨਾਂ ਸਰਕਾਰਾਂ ਦੀਆਂ ਚਾਲਾਂ ਨੂੰ ਬਾਖੂਬੀ ਜਾਣਦਾ ਹੈ ਅਤੇ ਪੂਰੀ ਸੋਚ ਸਮਝ ਤੋਂ ਹਰ ਇੱਕ ਪੱਖ ਤੋਂ ਪੂਰਨ ਦਲੀਲਾ ਤੇ ਪੜਚੋਲ ਕਰਨ ਦੇ ਸਮਰੱਥ ਹੈ ਭਾਂਵੇ ਸਾਡੀਆਂ ਕਿਸਾਨੀ ਜਥੇਬੰਦੀਆਂ ਵਿੱਚ ਪੂਰਨ ਰੂਪ ਵਿੱਚ ਸਹਿਮਤੀ ਨਹੀਂ ਪਰ ਹੁਣ ਫੁੱਟ ਪਾਉਣ ਦੀ ਜਗਾ ਸਾਰੀਆਂ ਜਥੇਬੰਦੀਆਂ ਨੇ ਸਮਝ ਤੇ ਸੂਝ ਬੂਝ ਤੋਂ ਕੰਮ ਲਿਆ।26 ਜਨਵਰੀ ਤੋਂ ਪਹਿਲਾਂ ਤੇ 26 ਤੋਂ ਬਾਅਦ ਦੇ ਹਲਾਤ ਇੱਕ ਦਮ ਅਲੱਗ ਸਨ।ਜੇਕਰ ਗੱਲ ਕਰੀਏ 26 ਜਨਵਰੀ ਤੱਕ ਦੀ ਤਾਂ ਨੌਜਵਾਨਾਂ ਵਿੱਚੋਂ ਦੋ ਮੁੱਖ ਚਿਹਰੇ ਲੱਖਾ ਸਿਧਾਣਾ ਅਤੇ ਦੀਪ ਸਿੱਧੂ ਮੁੱਖ ਸਨ ਉਹਨਾ ਨੇ ਹਰ ਹੀਲੇ ਇਸ ਸੰਘਰਸ਼ ਨੂੰ ਮਜਬੂਤ ਕਰਨ ਲਈ ਆਪਣਾ ਪੂਰਾ ਯੋਗਦਾਨ ਪਾਇਆ।ਪੰਜਾਬ ਤੋਂ ਦਿੱਲੀ ਪਹੁੰਚਣ ਤਕ ਲੰਮੀ ਜੱਦੋ ਜਹਿਦ ਤੇ ਨੌਜਵਾਨੀ ਏਕਤਾ ਦੇ ਨਤੀਜੇ ਵਜੋਂ ਦਿੱਲੀ ਦੇ ਬਾਡਰਾਂ ਤੇ ਆਪਣੇ ਡੇਰੇ ਲਗਾ ਲਏ,ਅਤੇ ਰਸਤੇ ਵਿੱਚ ਅਸੀਂ ਦੇਖਿਆ ਪ੍ਰਸ਼ਾਸ਼ਨ ਦੁਆਰਾ ਇਹਨਾਂ ਨੌਜਵਾਨਾ ਨੂੰ ਡੱਕਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਜਜਬੇ ਤੇ ਰੋਹ ਅੱਗੇ ਇਹ ਸਭ ਨਾਕਾਮ ਹੋ ਗਈਆਂ।ਦਿੱਲੀ ਦੀਆਂ ਸਟੇਜਾਂ ਤੋਂ ਨੌਜਵਾਨੀ ਲੀਡਰਾਂ ਦੀਆਂ ਭਾਪੂਰਨ ਤੇ ਜੋਸ਼ੀਲੇ ਭਾਸ਼ਣਾ ਨੇ ਪੂਰੇ ਦੇਸ਼ ਦੇ ਨੋਜਵਾਨਾ ਵਿੱਚ ਜਜਬੇ ਤੇ ਅਣਖ ਨੂੰ ਜਗਾ ਦਿੱਤਾ।ਕੋਈ ਹੱਲ ਨਾ ਨਿਕਲਦਾ ਹੋਣ ਕਰਕੇ ਫਿਰ 26 ਜਨਵਰੀ ਟਰੈਕਟਰ ਪਰੇਡ ਦੇ ਪ੍ਰੋਗ੍ਰਾਮ ਬਣਾਉਣ ਦਾ ਫੈਸਲਾ ਕੀਤਾ ਗਿਆ।ਨੌਜਵਾਨਾ ਨੇ ਪਿੰਡ ਪਿੰਡ ਜਾ ਕੇ ਇਕੱਠ ਕੀਤੇ ਗਏ ਤੇ ਟਰੈਕਟਰ ਵੱਧ ਤੋਂ ਲੈਕੇ ਆਉਣ ਦਾ ਸੰਬੋਧਨ ਕੀਤਾ ਗਿਆ।ਨੌਜਵਾਨ ਏਕਤਾ ਨੇ ਦਿਨ ਰਾਤ ਇੱਕ ਕਰਕੇ ਪੰਜਾਬ ਭਰ ਚੋਂ ਲੱਖਾਂ ਟਰੈਕਟਰ ਤੇ ਨੌਜਵਾਨਾਂ ਨੂੰ ਦਿੱਲੀ ਪਹੁੰਚਣ ਲਈ ਪ੍ਰੇਰਿਆ।ਪਰ 26 ਜਨਵਰੀ ਤੋਂ ਬਾਆਦ ਕੁਝ ਘਟਨਾਵਾਂ ਹੋਈਆਂ ਜੋ ਕਿ ਲਾਲ ਕਿਲੇ ਨਾਲ ਜੋੜ ਦਿੱਤੀਆਂ ਗਈਆਂ ਜਿੰਨਾ ਚੋਂ ਨੌਜਵਾਨ ਜਥੇਬੰਦੀ ਦਾ ਮੋਹਰੀ ਦੀਪ ਸਿੱਧੂ ਲਾਲ ਕਿਲੇ ਵਾਲੀ ਘਟਨਾ ਚ ਸ਼ਾਮਿਲ ਹੋਗਿਆ ਸੀ ਪਰ ਇਹ ਸਭ ਕੁਝ ਠੀਕ ਸੀ ਜਾਂ ਨਹੀਂ ਇਹ ਅਸੀਂ ਨਹੀਂ ਕਹਿ ਸਕਦੇ ਪਰ ਇੱਕ ਗੱਲ ਜਰੂਰ ਹੈ ਕਿ ਲੱਖਾਂ ਦੇ ਇਕੱਠ ਦੀ ਸਹਿਮਤੀ ਕਦੇ ਇੱਕ ਵਿਚਾਰਧਾਰਾ ਨਾਲ ਨਹੀਂ ਜੁੜ ਸਕਦੀ ਕੁਝ ਦਿਨ ਪਹਿਲਾਂ ਸਰਕਾਰ ਨਾਲ ਮੀਟਿੰਗਾ ਦੇ ਸਿੱਟੇ ਬੇਨਤੀਜਾ ਸਾਬਿਤ ਹੋਏ ਸਨ ਜਿਸ ਤੋਂ ਬਾਦ ਇਹ ਵੀ ਕਿਹਾ ਗਿਆ ਸੀ ਕਿ ਅੰਦੋਲਣ ਦਾ ਰੁੱਖ ਹੁਣ ਦਿੱਲੀ ਦੇ ਅੰਦਰ ਦਾਖਿਲ ਹੋਣ ਦਾ ਹੋਵੇਗਾ।ਪਰ 26 ਜਨਵਰੀ ਨੂੰ ਸ਼ਾਤੀਪੂਰਨ ਦਿੱਲੀ ਦੇ ਬਾਹਰ ਰਿੰਗ ਰੋਡ ਤੇ ਟਰੈਕਟਰ ਪਰੇਡ ਕਰਨ ਦਾ ਫੈਸਲਾ ਕੀਤਾ ਜਿਸ ਵਿੱਚ ਨੌਜਵਾਨਾ ਦੇ ਅੰਦਰ ਰੋਹ ਹੋਣ ਕਰਕੇ ਉਹ ਲਾਲ ਕਿਲੇ ਤੇ ਪਹੁੰਚ ਗਏ।ਪਰ ਕੁਝ ਵੀ ਹਿੰਸਕ ਘਟਨਾ ਨਹੀਂ ਹੋਈ ਪਰ ਇਸਨੂੰ ਸਰਕਾਰ ਨੇ ਬਦਨਾਮ ਕਰਨ ਲਈ ਹਿੰਸਕ ਘਟਨਾ ਦਾ ਨਾਮ ਦਿੱਤਾ ਅਤੇ ਵੱਢੇ ਪੱਧਰ ਤੇ ਨੌਜਵਾਨਾ ਅਤੇ ਬਜੁਰਗਾਂ ਉਪਰ ਕੇਸ ਦਰਜ ਕੀਤੇ ਤੇ ਗਿਰਫਤਾਰੀਆਂ ਕੀਤੀਆਂ ਗਈਆਂ।ਪਰ ਅੰਦੋਲਨਕਾਰੀ ਜਥੇਬੰਦੀਆਂ ਦੇ ਆਪਸੀ ਮਤਭੇਦ ਸ਼ੁਰੂ ਹੋਗੇ ਅਤੇ ਉਹਨਾ ਨੌਜਵਾਨਾ ਉਪਰ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ।ਇਹ ਅੱਖੋ ਪਰੋਖੇ ਨਹੀ ਕੀਤਾ ਜਾ ਸਕਦਾ ਕਿ ਨੌਜਵਾਨਾ ਦੀ ਦੇਣ ਸਦਕਾ ਅੱਜ ਅੰਦੋਲਨ ਸਿਖਰਾਂ ਤੇ ਹੈ ,ਲੱਖੇ ਸਿਧਾਣੇ ਅਤੇ ਦੀਪ ਸਿੱਧੂ ਨਾਲ ਲੱਖਾਂ ਨੇਜਵਾਨ ਜੁੜੇ ਹਨ ਪਰ ਸਾਡੀਆਂ ਸਾਰੀਆਂ ਜਥੇਬੰਦੀਆਂ ਨੂੰ ਹੋਸ਼ ਤੋਂ ਕੰਮ ਲੈ ਇਹਨਾਂ ਨੋਜਵਾਨਾਂ ਨੂੰ ਆਪਣੇ ਨਾਲ ਜੋੜਕੇ ਰੱਖਣਾ ਚਾਹੀਦਾ ਹੈ ਅਤੇ ਅੰਦੋਲਨ ਨੂੰ ਪੂਰਨ ਰੂਪ ਵਿੱਚ ਮਜਬੂਤ ਬਣਾਕੇ ਰੱਖਣਾ ਚਾਹੀਦਾ ਹੈ।ਨੌਜਵਾਨਾ ਵੱਲੋਂ ਪੰਜਾਬ ਵਿੱਚ ਵੱਖ ਵੱਖ ਜਿਲਿਆਂ ਨੋਜਵਾਨ ਏਕਤਾ ਇਕੱਠ ਕੀਤਾ ਗਿਆ ਜਿਸ ਵਿੱਚੋਂ ਮਹਿਰਾਜ ਵਿੱਚ ਹੋਏ ਇਕੱਠ ਨੇ ਇਹ ਸਾਬਿਤ ਕਰ ਦਿੱਤਾ ਕਿ ਨੌਜਵਾਨ ਵਰਗ ਚੜਦੀ ਕਲਾ ਵਿੱਚ ਹੈ ਤੇ ਉਹ ਇਸ ਸੰਘਰਸ਼ ਨੂੰ ਫਤਹਿ ਕਰਨ ਵਿੱਚ ਹਰ ਹੀਲੇ ਡਟਿਆ ਹੋਇਆ ਹੈ।ਇਸ ਤਰਾਂ ਕਿਸਾਨੀ ਸੰਘਰਸ਼ ਦੀਆਂ ਨੀਹਾਂ ਨੂੰ ਭਰਪੂਰ ਸਹਾਰਾ ਨੌਜਾਵਾਨਾ ਦਾ ਹੈ ਜੋ ਕਦੇ ਇਸਨੂੰ ਡਿੱਗਣ ਨਹੀਂ ਦੇਵੇਗਾ।

## ਕਿੱਥੇ ਗਾਇਬ ਹੋ ਗਿਆ ਹੈ ਮੇਰੇ ਬਚਪਨ ਵਾਲਾ ਨਲਕਾ

ਦੋਸਤੋਂ ਬਹੁਤ ਸਾਰਿਆ ਦਾ ਬਚਪਨ ਨਲਕੇ ਦੇ ਸੰਗ ਬੀਤਿਆ ਹੋਵੇਗਾ।ਮੇਰਾ ਬਚਪਨ ਵੀ ਨਲਕੇ ਦੇ ਸੰਗ ਹੀ ਬੀਤਿਆ ਹੈ।ਨਲਕਾ ਪੁਰਾਤਨ ਸਮੇਂ ਵਿੱਚ ਧਰਤੀ ਵਿੱਚੋਂ ਪਾਣੀ ਕੱਢਣ ਦਾ ਆਮ ਸਰੋਤ ਸੀ।ਪੁਰਾਤਨ ਸਮੇਂ ਵਿੱਚ ਇਹ ਹਰ ਘਰ ਵਿੱਚ ਲਗਾਇਆ ਜਾਂਦਾ ਸੀ। ਇਹ ਧਰਤੀ ਤੋਂ ਤਿੰਨ ਕੁ ਫੁੱਟ ਉੱਚਾ ਹੁੰਦਾ ਹੈ।ਇਸਦੇ ਇੱਕ ਹੱਥੀ ਹੁੰਦੀ ਹੈ ਜੋ ਕਿ ਚਿਮਟੇ ਅਤੇ ਸਰੀਏ ਨਾਲ ਲੱਗੀ ਚਿੜੀ ਨਾਲ ਜੁੜੀ ਹੁੰਦੀ ਹੈ।ਇਸ ਨੂੰ ਦੱਬ ਕੇ ਸਰੀਆ ਉੱਪਰ ਉੱਠਦਾ ਹੈ ਅਤੇ ਪਾਣੀ ਨਿੱਕਲਦਾ ਹੈ।ਪਾਣੀ ਬਹੁਤ ਉੱਪਰ ਹੁੰਦਾ ਸੀ ਜਦੋਂ ਅਸੀਂ ਨਲਕੇ ਦੀ ਡੰਡੀ ਦੱਬਦੇ ਤਾਂ ਪਾਣੀ ਆ ਜਾਂਦਾ ਸੀ।ਇਹ ਨਜਾਰਾ ਬਹੁਤ ਵਧੀਆਂ ਹੁੰਦਾ ਸੀ ਜਦੋਂ ਬਚਪਨ ਵਿੱਚ ਖੇਡਦੇ-ਖੇਡਦੇ ਥੱਕ ਜਾਂਦੇ ਸੀ ਤਾਂ ਝੱਟ ਭੱਜ ਕੇ ਨਲਕੇ ਦੀ ਵਾਰੀ ਬੰਨ ਲੈਂਦੇ ਸੀ।ਇੱਕ ਜਾਣਾ ਨਲਕਾ ਗੇੜਦਾ ਤੇ ਦੂਜਾ ਓਕ ਰਾਹੀਂ ਪਾਣੀ ਪੀਂਦਾ ਸੀ।ਨਲਕੇ ਹੇਠਾਂ ਨਹਾਉਣਾ ਤੇ ਵਾਰੀ-ਵਾਰੀ ਨਲਕੇ ਨੂੰ ਗੇੜਨਾ ਬਹੁਤ ਚੰਗਾ ਲੱਗਦਾ ਸੀ।ਸਾਡੇ ਘਰ ਕੱਪੜੇ ਧੋਣ ਵਾਲੇ ਫਰਸ ਕੋਲ ਇੱਕ ਨਲਕਾ ਹੁੰਦਾ ਸੀ ।ਜੋ ਸਾਡੇ ਘਰ ਦਾ ਮੁੱਖ ਮੈਂਬਰ ਹੁੰਦਾ ਸੀ ਜਿਸ ਦਿਨ ਉਹ ਖੜ ਜਾਂਦਾ ਸੀ ਤਾ ਕਿਸੇ ਦਾ ਵੀ ਜੀ ਨਹੀਂ ਲੱਗਦਾ ਸੀ ।ਸਾਮ ਨੂੰ ਜਦੋਂ ਪਾਪਾ ਡਿਊਟੀ ਤੋਂ ਘਰ ਆਉਂਦੇ ਤਾਂ ਫਿਰ ਪਾਪਾ ਨਲਕੇ ਵਾਲੇ ਗਾਮੇ ਅੰਕਲ ਨੂੰ ਬੁਲਾ ਕੇ ਲੈਕੇ ਆਉਂਦੇ ਜੋ ਉਸ ਸਮੇਂ ਨਲਕੇ ਨੂੰ ਠੀਕ ਕਰਨ ਦਾ ਕੰਮ ਕਰਦੇ ਸਨ।ਉਸ ਸਮੇਂ ਫੋਨ ਕਿਸੇ-ਕਿਸੇ ਦੇ ਘਰ ਹੀ ਹੁੰਦਾ ਸੀ ।ਖੁਦ ਜਾਕੇ ਅੰਕਲ ਨੂੰ ਬੁਲਾਉਣਾ ਪੈਂਦਾ ਸੀ।ਜਦੋਂ ਘਰ ਵਿੱਚ ਨਵਾਂ ਨਲਕਾ ਲੱਗਦਾ ਸੀ ਜਾ ਠੀਕ ਹੋ ਜਾਦਾ ਸੀ ਤਾਂ ਮੇਰੇ ਦਾਦੀ ਗੁੜ ਵਾਲੇ ਚੋਲ ਬਣਾ ਕੇ ਵੰਡਦੇ ਸਨ।ਅਸੀਂ ਸਾਰੇ ਨਲਕੇ ਦੇ ਚਾਅ ਵਿੱਚ ਚਾਈਂ-ਚਾਈਂ ਚੋਲ ਖਾਂਦੇ ।ਉਹ ਵੀ ਸਮਾਂ ਸੀ ਜਦੋਂ ਨਲਕੇ ਤੇ ਮੋਟਰ ਨੂੰ ਸਟੈਟਸ ਸਿੰਬਲ ਮੰਨਿਆ ਜਾਂਦਾ ਸੀ , ਕਈਆਂ ਦੇ ਰਿਸ਼ਤੇ ਇਸੇ ਕਰਕੇ ਹੋ ਜਾਦੇ ਸਨ ਜਿੰਨਾ ਦੇ ਘਰ ਨਲਕੇ ਤੇ ਮੋਟਰ ਲੱਗੀ ਹੁੰਦੀ ਸੀ ਕਿਸ ਕਿਸ ਦੇ ਘਰ ਹੁੰਦੀ ਸੀ ਇਹ ਮੋਟਰ ਸਭ ਨੂੰ ਯਾਦ ਆ ਗਈ ਹੋਵੇਗੀ।ਕਿਸ ਕਿਸ ਨੇ ਦੇਖੀ ਹੋਵੇਗੀ ਨਲਕੇ ਤੇ ਮੋਟਰ ਲੱਗੀ ਕਿਉਂਕਿ ਹੁਣ ਤਾਂ ਕਈ ਸਾਲਾਂ ਤੋਂ ਇਹਨਾਂ ਦੀ ਥਾਂ ਸਬਮਰਸੀਬਲ ਮੋਟਰਾਂ ਨੇ ਲੈ ਲਈ ਹੈ ।ਪਹਿਲਾ ਸੁਆਣੀਆ ਸਾਰਾ-ਸਾਰਾ ਦਿਨ ਨਲਕੇ ਨਾਲ ਹੀ ਰੁੱਝੀਆਂ ਰਹਿੰਦੀਆਂ ਸਨ।ਕਿਉਂਕਿ ਪਾਣੀ ਦਾ ਇੱਕੋ ਇੱਕ ਸਾਧਨ ਨਲਕਾ ਹੁੰਦਾ ਸੀ।ਨਲਕੇ ਨੂੰ ਹੱਥੀ ਗੇੜਿਆਂ ਜਾਂਦਾ ਸੀ।ਪਸੂਆਂ ਨੂੰ ਪਾਣੀ ਵੀ ਨਲਕੇ ਰਾਹੀਂ ਪਿਲਾਇਆ ਜਾਂਦਾ ਸੀ।



ਕਰੀ ਵਾਰ ਘਰ ਤੋ ਦੂਰ ਸਾਂਝਾ ਨਲਕਾ ਹੁੰਦਾ ਸੀ।ਔਰਤਾਂ ਨੇ ਛੇਤੀ ਤੋਂ ਛੇਤੀ ਘੜੇ ਪਾਣੀ ਭਰ ਕੇ ਵਾਪਿਸ ਪਰਤਣਾ ਹੁੰਦਾ ਸੀ ਤਾਂ ਜੋ ਘਰ ਦਾ ਬਾਕੀ ਕੰਮ ਕਰ ਸਕਣ।ਇੱਕ ਦਿਨ ਵਿੱਚ ਤਿੰਨ ਵਾਰ ਕਰੀਬ ਦੋ ਕਿੱਲੋਮੀਟਰ ਦੂਰ ਸਥਿਤ ਨਲਕੇ ਤੋਂ ਪਾਣੀ ਭਰਨਾ ਉਨ੍ਹਾਂ ਦਾ ਹਰ ਰੋਜ ਦਾ ਕੰਮ ਹੁੰਦਾ ਸੀ।ਇਲਾਕਿਆ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਰ ਥੱਲੇ ਜਾਣ ਕਰਕੇ ਕਿਸੇ ਸਮੇਂ ਪੀਣ ਵਾਲੇ ਪਾਣੀ ਦਾ ਮੁੱਖ ਸਰੋਤ ਰਹੇ ਨਲਕੇ ਲਗਭਗ ਗਾਇਬ ਹੋ ਗਏ ਹਨ ਜਦਕਿ ਖੂਹਾਂ ਦੇ ਤਾਂ ਨਾਮੋ ਨਿਸ਼ਾਨ ਹੀ ਮਿਟ ਚੁੱਕੇ ਹਨ। ਪਿੰਡਾਂ ਵਿੱਚ ਬਣੇ ਖੂਹ ਕਿਸੇ ਦੁਰਘਟਨਾ ਦੇ ਡਰੋਂ ਲੋਕਾਂ ਨੇ ਹੀ ਪੂਰ/ਭਰ ਕੇ ਬੰਦ ਕਰ ਦਿੱਤੇ ਹਨ।ਘਰਾਂ ਵਿੱਚ ਧਰਤੀ ਹੇਠਲਾ ਪਾਣੀ ਪੀਣਯੋਗ ਨਾ ਹੋਣ ਕਰਕੇ ਜਲਘਰ ਦੀਆਂ ਟੂਟੀਆਂ ਜਾਂ ਸਬਮਰਸੀਬਲ ਮੋਟਰਾਂ ਨੇ ਹੱਥ ਨਲਕਿਆਂ ਦੀ ਥਾਂ ਲੈ ਲਈ ਸੀ।ਪਹਿਲਾਂ ਪੰਚਾਇਤਾਂ ਅਤੇ ਆਮ ਲੋਕ ਦਾਨ ਵਜੋਂ ਜਨਤਕ ਥਾਵਾਂ 'ਤੇ ਨਲਕੇ ਲਗਵਾਉਣ ਨੂੰ ਪੁੰਨ ਸਮਝਿਆ ਜਾਂਦਾ ਸੀ ਪਰ ਹੁਣ ਨਲਕੇ ਥੋੜ੍ਹੇ ਹੀ ਸਮੇਂ ਬਾਅਦ ਪਾਣੀ ਛੱਡ ਦਿੰਦੇ ਹਨ, ਜਿਸ ਕਾਰਨ ਬੇਕਾਰ ਹੋਣ ਕਰਕੇ ਜਨਤਕ ਥਾਂ 'ਤੇ ਵਿਰਲੇ ਹੀ ਦੇਖਣ ਨੂੰ ਮਿਲਦੇ ਹਨ।ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਣ ਅਤੇ ਮਸ਼ੀਨੀਕਰਨ ਨੇ ਨਲਕੇ ਨੂੰ ਲਗਭਗ ਨਿਗਲ ਲਿਆ ਹੈ ਅਤੇ ਨਵੀਂ ਪੀੜ੍ਹੀ ਲਈ ਕਿਸੇ ਸਮੇਂ ਪੀਣ ਵਾਲੇ ਪਾਣੀ ਦਾ ਮੁੱਖ ਸਰੋਤ ਰਹੇ ਨਲਕੇ ਅਤੇ ਖੂਹ ਸਿਰਫ਼ ਇਤਿਹਾਸ ਵਿੱਚ ਪੜ੍ਹਣ ਨੂੰ ਮਿਲਣਗੇ।ਮੈਨੂੰ ਅੱਜ ਵੀ ਮੇਰੇ ਬਚਪਨ ਵਾਲਾ ਨਲਕਾ ਯਾਦ ਆ ਜਾਂਦਾ ਹੈ ।ਜਿਸ 'ਤੇ ਕੁੱਝ ਸਮੇਂ ਬਾਅਦ ਮੋਟਰ ਵੀ ਲਵਾ ਦਿੱਤੀ ਸੀ ਪਰ ਪਾਣੀ ਦਾ ਪੱਧਰ ਹੇਠਾਂ ਜਾਣ ਕਰਕੇ ਉਹ ਵੀ ਗਾਇਬ ਹੋ ਗਈ।ਹੁਣ ਮੇਰੇ ਬਚਪਨ ਵਾਲਾ ਨਲਕਾ ਇੱਕ ਯਾਦ ਬਣ ਕੇ ਰਹਿ ਗਿਆ ।

**ਗਗਨਦੀਪ ਧਾਲੀਵਾਲ ਝਲੂਰ ਬਰਨਾਲਾ ।**
**ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ।9988933161**

## ਕਾਰਪੋਰੇਟ ਭਜਾਓ , ਦੇਸ ਬਚਾਓ

ਦਿੱਲੀ ਦੀਆਂ ਬਰੂਹਾਂ ਤੇ ਬੈਠਿਆਂ ਕਿਸਾਨਾਂ ਨੂੰ ਤਕਰੀਬਨ ਚਾਰ ਮਹੀਨੇ ਤੋਂ ਉੱਪਰ ਹੋ ਗਿਆ ਹੈ। ਇਸ ਲੋਕ ਲਹਿਰ ਵਿੱਚ ਵੱਖ ਵੱਖ ਤਬਕੇ ਦੇ ਲੋਕ ਹਿੱਸਾ ਲੈ ਰਹੇ ਹਨ। ਖਾਸ ਕਰਕੇ ਨੌਜਵਾਨਾਂ ਦਾ ਇਸ ਸੰਘਰਸ ਵਿੱਚ ਅਹਿਮ ਯੋਗਦਾਨ ਰਿਹਾ।ਅੰਦੋਲਨ ਨੇ ਸਾਂਤਮਈ ਤਰੀਕੇ ਨਾਲ ਚਲਦਿਆਂ ਸਭ ਦਾ ਦਿਲ ਜਿੱਤ ਲਿਆ ਹੈ। ਕਿਸਾਨਾਂ ਨੂੰ ਅੱਤਵਾਦੀ, ਨਕਸਲਵਾਦੀ ,ਮਾਓਵਾਦੀ ,ਖਾਲਿਸਤਾਨੀ ਆਦਿ ਕਹਿ ਕੇ ਭੰਡਿਆ ਗਿਆ।ਸਭ ਦੀਆਂ ਨਜਰਾਂ ਅੱਜ ਕਿਸਾਨ ਅੰਦੋਲਨ ਤੇ ਟਿਕੀਆਂ ਹੋਈਆਂ ਹਨ।ਇਸ ਕਿਸਾਨੀ ਸੰਘਰਸ ਵਿਚ 345 ਤੋਂ ਵੱਧ ਕਿਸਾਨਾਂ ਦੀ ਜਾਨ ਵੀ ਚਲੀ ਗਈ। ਕਿਸਾਨਾਂ ਨੂੰ ਪਤਾ ਹੈ ਕਿ ਇਹ ਆਰਡੀਨੈਂਸ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਹਨ।ਤਿੰਨੇ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਦੇ ਆਗੂਆਂ ਅਤੇ ਸਰਕਾਰ ਦਰਮਿਆਨ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਸੀ। ਕੇਂਦਰ ਦੇ ਕਿਸਾਨਾਂ ਵਿਚਕਾਰ ਮੀਟਿੰਗ ਆਖਰੀ 22 ਜਨਵਰੀ ਨੂੰ ਹੋਈ ਸੀ।ਕਿਸਾਨਾਂ ਦੀ ਇਕੋ ਹੀ ਮੰਗ ਹੈ ਕਿ ਖੇਤੀ ਕਾਨੂੰਨ ਰੱਦ ਕਰ ਦਿੱਤੇ ਜਾਣ। ਪਰ ਸਰਕਾਰ ਦੀ ਮਨਸਾ ਸਾਫ ਹੈ ਕਿ ਉਹ ਖੇਤੀ ਬਿੱਲਾਂ ਨੂੰ ਵਾਪਸ ਲੈਣ ਲਈ ਤਿਆਰ ਨਹੀਂ ਹੈ।ਇਨ੍ਹਾਂ ਪਿੱਛੇ ਕਾਰਪੋਰੇਟ ਘਰਾਣਿਆਂ ਦਾ ਦਬਾਅ ਦੇਖਿਆ ਜਾ ਰਿਹਾ ਹੈ। ਇਹ ਮਸਲਾ ਸੁਪਰੀਮ ਕੋਰਟ ਤੱਕ ਜਾ ਪੁੱਜਾ । ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਤੇ ਰੋਕ ਲਗਾ ਦਿੱਤੀ । ਪਰ ਸੁਪਰੀਮ ਕੋਰਟ ਨੇ ਕਿਸਾਨਾਂ ਨੂੰ ਇਨਸਾਫ ਦਿੰਦੀਆਂ ਇਸ ਨੂੰ ਅਸੰਵਿਧਾਨਿਕ ਕਰਾਰ ਦੇਣਾ ਚਾਹੀਦਾ ਸੀ।ਜਿਸ ਕਾਰਨ ਕਿਸਾਨਾਂ ਵਿੱਚ ਨਿਰਾਸਾ ਵੀ ਦੇਖੀ ਗਈ।ਓਧਰ ਦਿੱਲੀ ਦੀ ਬਰੂਹਾਂ ਤੇ ਸੱਤ ਜਨਵਰੀ ਨੂੰ ਟਰੈਕਟਰ ਮਾਰਚ ਕੱਢਿਆ ਗਿਆ ਸੀ। 18 ਜਨਵਰੀ ਨੂੰ ਦਿੱਲੀ ਦੀਆਂ ਬਰੂਹਾਂ ਤੇ ਤੇ ਨਾਲ ਲੱਗਦੇ ਸੂਬਿਆਂ ਪੰਜਾਬ, ਹਰਿਆਣਾ ਵਿੱਚ ਮਹਿਲਾ ਕਿਸਾਨ ਅੰਦੋਲਨ ਹੋਇਆ।ਔਰਤਾਂ ਵੱਲੋ ਵੀ ਰੋਸ ਮਾਰਚ ਕੀਤਾ ਗਿਆ। ਗੁਆਂਢੀ ਸੂਬੇ ਦੀਆਂ ਮਹਿਲਾਵਾਂ ਵੱਲੋਂ ਵੀ ਕਿਸਾਨੀ ਸੰਘਰਸ ਵਿਚ ਹਾਜਰੀ ਭਰੀ ਜਾ ਰਹੀ ਹੈ।ਕਿਸਾਨ ਅੰਦੋਲਨ ਨੇ ਜੰਿਦਗੀ ਦਾ ਮਿਜਾਜ ਬਦਲ ਦਿੱਤਾ ਹੈ। ਅੱਜ ਕੇਂਦਰ ਸਰਕਾਰ ਓਹੀ ਆਪਣੀ ਪੁਰਾਣੀ ਦਲੀਲਾਂ ਨੂੰ ਦੁਹਰਾ ਰਹੀ ਹੈ ਕਿ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ।ਇਨ੍ਹਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ। ਵਿਚਾਰਨ ਵਾਲੀ ਗੱਲ ਹੈ ਕਿ ਜੇ ਬਿੱਲ ਲਾਹੇਵੰਦ ਹਨ, ਤਾਂ ਅੱਜ ਦੇਸ ਦਾ ਅੰਨਦਾਤਾ ਸੰਘਰਸ ਦੇ ਰਾਹ ਕਿਉਂ ਪੈਂਦਾ ? ਕਿਉਂ ਅੱਜ ਉਸ ਨੂੰ ਪੋਹ ਦੀਆਂ ਰਾਤਾਂ ਵਿੱਚ 2 ਡਿਗਰੀ ਤਾਪਮਾਨ ਤੇ ਸੜਕਾਂ ਤੇ ਖੁੱਲੇ ਅਸਮਾਨ ਹੇਠ ਸੌਣਾ ਪਿਆ। ਕਿਸਾਨਾਂ ਨੂੰ ਮੰਡੀਆਂ ਖਤਮ ਹੋਣ ਦਾ ਡਰ ਹੈ। ਆਖਿਰ ਕਿਉਂ ਕੇਂਦਰ ਸਰਕਾਰ ਐਮ ਐੱਸ ਪੀ ਨੂੰ ਕਾਨੂੰਨੀ ਦਰਜਾ ਦੇਣ ਵਿੱਚ ਝਿਜਕ ਰਹੀ ਹੈ ?ਚੇਤੇ ਰਖੀਏ ਕਿ ਜਦੋਂ 1960 ਵਿੱਚ ਦੇਸ ਨੂੰ ਅਨਾਜ ਦੀ ਵੱਡੀ ਘਾਟ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਸਮੇਂ ਦੀਆਂ ਸਰਕਾਰਾਂ ਨੂੰ ਦੂਜੇ ਦੇਸਾਂ ਅੱਗੇ ਅਨਾਜ ਲੈਣ ਲਈ ਕਈ ਤਰ੍ਹਾਂ ਦੇ ਤਰਲੇ ਕਰਨੇ ਪਏ ਸਨ।ਤੇ ਉਨ੍ਹਾਂ ਦੇਸਾਂ ਨੇ ਭਾਰਤ ਨੂੰ ਅਨਾਜ ਦੇਣ ਲਈ ਕਈ ਤਰ੍ਹਾਂ ਦੀਆਂ ਸਰਤਾਂ ਵੀ ਰੱਖੀਆਂ ਸਨ।ਫਿਰ ਇਸ ਤੋਂ ਬਾਅਦ ਕਿਸਾਨਾਂ ਦੀ ਮਿਹਨਤ ਸਦਕਾ ਨਵੀਂ ਨਵੀਂ ਤਕਨਾਲੋਜੀ , ਵਧੀਆ ਬੀਜਾਂ , ਖਾਦਾਂ ਸਦਕਾ ਪੰਜਾਬ ਦੇ ਕਿਸਾਨਾਂ ਨੇ ਦੇਸ ਦਾ ਅੰਨ ਭੰਡਾਰ ਭਰਿਆ। ਕਿਸਾਨੀ ਸੰਘਰਸ ਕਾਰਨ ਅੱਜ ਪਿੰਡਾਂ ਵਿੱਚ ਵੀ ਆਪਸੀ ਧੜੇਬੰਦੀ ਖਤਮ ਹੋ ਚੁੱਕੀ ਹੈ। ਦਿੱਲੀ ਦੀਆਂ ਬਰੂਹਾਂ ਤੇ ਤਾਂ ਕਿਸਾਨੀ ਦੇ ਵੱਖ-ਵੱਖ ਰੰਗ ਦੇਖਣ ਨੂੰ ਮਿਲ ਰਹੇ ਹਨ।ਸੰਘਰਸ ਦੌਰਾਨ ਹਰੀ ਕ੍ਰਾਂਤੀ ਸਬੰਧੀ ਹਰੇ ਰੰਗ ਦੀਆਂ ਜਲੇਬੀਆਂ ਕੱਢੀਆਂ ਜਾ ਰਹੀਆਂ ਹਨ। ਇਸ ਵਿਚ ਕਿਸਾਨ ਹੀ ਲੰਗਰ ਨਹੀਂ ਛੱਕਦੇ , ਆਸ ਪਾਸ ਦਾ ਗਰੀਬ ਤੱਬਕਾ ਵੀ ਲੰਗਰ ਖਾ ਰਿਹਾ ਹੈ।ਕੋਈ ਗਰੀਬ ਤਬਕਾ ਜਿੰਨਾ ਮਰਜੀ ਅਪਣੇ ਘਰ ਨੂੰ ਲੰਗਰ ਲੈ ਜਾਵੇ, ਕਦੇ ਵੀ ਕਿਸਾਨ ਵੀਰ ਮੱਥਾ ਨਹੀਂ ਕਰਦੇ।ਤੇ ਲੰਗਰ ਖਾ ਕੇ ਇਹ ਗਰੀਬ ਲੋਕ ਕਿਸਾਨਾਂ ਨੂੰ ਦਿਲੋਂ ਅਸੀਸ ਦੇ ਰਹੇ ਹਨ।ਸਮੇਂ ਦੀ ਨਜਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣੀ ਅੜੀ ਛੱਡ ਕੇ ਇਹ ਕਾਲੇ ਖੇਤੀ ਬਿੱਲਾਂ ਨੂੰ ਤੁਰੰਤ ਰੱਦ ਕਰ ਦੇਣਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**

**ਪੁਸਤਕ ਚਰਚਾ**

# ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ

(ਡਾ. ਪ੍ਰਿਤਪਾਲ ਸਿੰਘ ਮਹਿਰੋਕ)

**ਪੁਸਤਕ: ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ**
**ਲੇਖਕ : ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨਜ਼,ਚੰਡੀਗੜ੍ਹ**
**ਪੰਨੇ : 182 , ਮੁੱਲ : 250 ਰੁਪਏ**
**ਰੀਵਿਊਕਰਤਾ : ਡਾ. ਹਰਚਰਨ**
+91-98145-61386

ਆਧੁਨਿਕਤਾ, ਅਖੌਤੀ ਆਧੁਨਿਕਤਾ, ਤਕਨੀਕੀ ਕਰਾਂਤੀ ਜਾਂ ਮਸ਼ੀਨੀਕਰਨ ਦੀ ਬੇਰੋਕ ਹਨੇਰੀ ਤੇ ਵਹਿਸ਼ੀ ਝੱਖੜ ਦੇ ਇਸ ਬੇਲਗਾਮ ਦੌਰ ਵਿਚ ਲੋਕਧਾਰਾ ਜਿਹੇ ਸੂਖਮ ,ਸੰਵੇਦਨਾ ਭਰਪੂਰ ਤੇ ਨਾਜ਼ੁਕ-ਮਿਜਾਜ਼ ਸ਼ਬਦ ਸਹਿਮੇ -ਸਹਿਮੇ ਪ੍ਰਤੀਤ ਹੁੰਦੇ ਹਨ ।ਇਹ ਸ਼ਬਦ ਆਪਣੀ ਮਿਟ ਰਹੀ ਹੋਂਦ ਬਾਰੇ ਚਿੰਤਤ ਜਾਪਦੇ ਹਨ ।ਅਖੌਤੀ ਆਧੁਨਿਕਤਾ ਦੇ ਪਾਗਲਪਨ/ਜਨੂੰਨ ਵਿਚ ਇਨ੍ਹਾਂ ਦਾ ਵਜੂਦ ਸਿਮਟਦਾ -ਸਹਿਕਦਾ ਵਿਖਾਈ ਦਿੰਦਾ ਹੈ। ਪਰ ਇਨ੍ਹਾਂ ਦਾ ਫਿਕਰ ਕਰਨ ਵਾਲੇ ਵਿਦਵਾਨ ਤੇ ਲੇਖਕ ਵੀ ਮੌਜੂਦ ਹਨ ।ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਡਾ. ਪ੍ਰਿਤਪਾਲ ਸਿੰਘ ਮਹਿਰੋਕ ਜਾਣਿਆ ਪਛਾਣਿਆ ਹਸਤਾਖਰ ਹੈ ।ਉਹ ਪੰਜਾਬੀ ਸਾਹਿਤ, ਭਾਸ਼ਾ,ਸਭਿਆਚਾਰ ਆਦਿ ਦੀ ਸੇਵਾ ਤੇ ਹਿਫ਼ਾਜ਼ਤ ਲਈ ਦ੍ਰਿੜ੍ਹ ਸੰਕਲਪ ਹੈ ।ਉਸ ਸੰਵੇਦਨਸ਼ੀਲ ਲੇਖਕ ਦੀ ਹਿੰਮਤ/ਹੌਸਲਾ ਬਰਕਰਾਰ ਹੈ ਤੇ ਉਹ ਸਾਹਿਤ ਤੇ ਲੋਕਧਾਰਾ ਨਾਲ ਬੜਾ ਨੇੜਿਉਂ ਜੁੜਿਆ ਹੈ। ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਉਹ ਨਿੱਠ ਕੇ ਕੰਮ ਕਰਨ ਵਾਲਾ ਕਰਮਯੋਗੀ ਹੈ।ਉਹ ਪਾਰਖੂ ਨੀਝ, ਗਹਿਰੀ, ਤੀਬਰ ਤੇ ਤੀਖਣ ਸੂਝ- ਬੂਝ ਦਾ ਮਾਲਕ ਕਲਮਕਾਰ ਹੈ ਜਿਸ ਵੱਲ ਪੰਜਾਬੀ ਪਾਠਕਾਂ ਦਾ ਧਿਆਨ ਸੁਤੇ-ਸਿਧ ਹੀ ਖਿੱਚਿਆ ਜਾਂਦਾ ਹੈ।ਡਾ. ਪ੍ਰਿਤਪਾਲ ਸਿੰਘ ਮਹਿਰੋਕ ਸਾਹਿਤ, ਕਲਾ , ਸਭਿਆਚਾਰ ਤੇ ਸਾਹਿਤ ਸਮੀਖਿਆ ਜਿਹੇ ਵਿਭਿੰਨ ਖੇਤਰਾਂ ਨਾਲ ਪਰਣਾਇਆ ਹੋਇਆ ਨਾਂ ਹੈ।ਉਸਦਾ ਗਹਿਰ-ਗੰਭੀਰ ਵਿਅਕਤਿਤਵ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ।ਉਸਦਾ ਅਧਿਐਨ -ਅਧਿਆਪਨ,ਸਿਰਜਣਾਤਮਿਕ ਕਾਰਜ, ਸਾਹਿਤ ਸਮਾਲੋਚਨਾ ਦੇ ਕਾਰਜ ,ਖੋਜ ਕਾਰਜ,ਲੋਕਧਾਰਾ ਨਾਲ ਜੁੜੇ ਵਿਭਿੰਨ ਸਰੋਕਾਰਾਂ ਆਦਿ ਬਾਰੇ ਲਿਖਣ ਕਾਰਜ ਨਾਲ ਨਿਰੰਤਰ ਜੁੜੇ ਰਹਿਣਾ ਕਿਸੇ ਮੁਜੱਸਮੇ ਤੋਂ ਘੱਟ ਨਹੀਂ ਜਾਪਦਾ।

ਡਾ. ਪ੍ਰਿਤਪਾਲ ਸਿੰਘ ਮਹਿਰੋਕ ਜਿਥੇ ਸਾਹਿਤ ਸਮੀਖਿਆ ਦੇ ਖੇਤਰ ਵਿੱਚ ਆਪਣੀ ਜ਼ਿਕਰਯੋਗ ਪਛਾਣ ਰੱਖਦਾ ਹੈ,ਉਥੇ ਪੰਜਾਬੀ ਲੋਕਧਾਰਾ 'ਤੇ ਕੰਮ ਕਰਦਿਆਂ ਵੀ ਆਪਣੀਆਂ ਅਮਿੱਟ ਪੈੜਾਂ ਛੱਡਣ ਵਿਚ ਸਰਗਰਮ ਭੂਮਿਕਾ ਨਿਭਾਉਂਦਾ ਹੈ ।ਸਾਹਿਤ ਆਲੋਚਨਾ ਦੇ ਖੇਤਰ ਵਿਚ 'ਪੰਜਾਬੀ ਕਹਾਣੀ:ਵਿਚਾਰਧਾਰਕ ਪਰਿਪੇਖ ,' ਪੰਜਾਬੀ ਸਾਹਿਤ :ਸਮੀਖਿਆ ਚੇਤਨਾ,' ਪੰਜਾਬੀ ਵਿਚ ਮਿਰਜ਼ਾ ਸਾਹਿਬਾਂ ਦੇ ਕਿੱਸੇ ', ਉਸਦੀ ਡੂੰਘੀ ਨਿਰਖ - ਪਰਖ ਦੀ ਚਰਚਾ ਛੇੜਦੇ ਹਨ।ਉਸਦੀ ਪੁਸਤਕ ' ਦਿਨ ਚੜ੍ਹਦੇ ਦੀ ਲਾਲੀ ' ਪੰਜਾਬੀ ਲੋਕਧਾਰਾ ਦੇ ਪਿੜ ਵਿਚ ਖ਼ੂਬ ਚਰਚਾ ਦਾ ਵਿਸ਼ਾ ਰਹੀ ਹੈ,ਜਿਸਨੇ ਲੋਕ ਮਨਾਂ 'ਤੇ ਡੂੰਘੀ ਛਾਪ ਛੱਡੀ ਹੈ। ਇਸੇ ਸਿਲਸਿਲੇ ਨੂੰ ਅੱਗੇ ਤੋਰਦਿਆਂ ਉਸਦੀ ਹਥਲੀ ਕਿਤਾਬ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ ' ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਆਪਣੀ ਕਿਸਮ ਦੀ ਅਦੁੱਤੀ ਤੇ ਸ਼ੁਭ ਸੌਗਾਤ ਬਣਕੇ ਪ੍ਰਗਟ ਹੁੰਦੀ ਹੈ।

ਇਹ ਪੁਸਤਕ ਲੋਕਧਾਰਾ ਵਿਗਿਆਨ ਦੇ ਵਿਸ਼ੇ ਉਪਰ ਡਾ.ਮਹਿਰੋਕ ਦੀ ਡੂੰਘੀ ਪਕੜ ਦਾ ਅਹਿਸਾਸ ਕਰਵਾਉਂਦੀ ਹੈ। ਉਸਦੇ ਬਿਆਨ ਵਿਚਲੀ ਰਵਾਨੀ,ਤੱਥਾਂ ਦੇ ਪ੍ਰਗਟਾਵੇ ਵਿਚਲੀ ਸਹਿਜ-ਸੁਭਾਵਿਕਤਾ ਲੋਕਧਾਰਾਈ ਮੁਹਾਵਰੇ ਵਰਗੀ ਹੀ ਹੈ। ਪੁਸਤਕ ਦਾ ਅਧਿਐਨ ਕਰਦਾ ਪਾਠਕ ਵਿਸਰਦੇ ਜਾ ਰਹੇ ਬੇਸ਼ਕੀਮਤੀ ਵਿਰਸੇ ਦੇ ਵਰਤਾਰਿਆਂ ਦੇ ਮਹੱਤਵ ਤੋਂ ਜਾਣੂੰ ਵੀ ਹੁੰਦਾ ਜਾਂਦਾ ਹੈ ਤੇ ਉਨ੍ਹਾਂ ਨੂੰ ਧੁਰ ਅੰਦਰ ਤੱਕ ਸਮਾਉਂਦਾ ਵੀ ਜਾਂਦਾ ਹੈ। 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਬਾਰੇ ਬੁਨਿਆਦੀ ਜਾਣਕਾਰੀ ਦੀ ਅਮਿੱਟ ਸਾਂਝ ਪਾਉਣ ਲਈ ਜਿਥੇ ਉਸਨੇ 'ਸਮੇਂ ਦਾ ਗੇੜ ਤੇ ਸਭਿਆਚਾਰਕ ਵਰਤਾਰੇ' ਦੇ ਰੂਪ ਵਿਚ ਭੂਮਿਕਾਨੁਮਾ ਅਧਿਆਇ ਵਿਚ ਵਿਸ਼ੇ 'ਤੇ ਆਪਣੀ ਡੂੰਘੀ ਪਕੜ ਤੇ ਸਾਂਝ ਦਾ ਬੋਧ ਕਰਵਾਉਣ ਦਾ ਸਫਲ ਉਪਰਾਲਾ ਕੀਤਾ ਹੈ ਉਥੇ ਉਸਨੇ ਇਸ ਵਿਸ਼ਾਲ ਸਾਗਰ ਦੀ ਗਹਿਰਾਈ ਦਾ ਅਹਿਸਾਸ ਵੀ ਕਰਵਾਇਆ ਹੈ। ਡਾ. ਮਹਿਰੋਕ ਲੋਕਧਾਰਾਈ ਵਿਰਾਸਤ ਦੇ ਵਿਸਰਦੇ ਵਰਤਾਰਿਆਂ ਦੀ ਗਾਥਾ ਦੀਆਂ ਪਰਤਾਂ ਫਰੋਲਦਿਆਂ ਇਸ ਵਰਤਾਰੇ ਨੂੰ ਸੁਭਾਵਿਕ ਗੇੜ ਦਰਸਾਉਂਦਾ ਹੈ। ਤਕਨੀਕੀ ਤਰੱਕੀ, ਮਸ਼ੀਨੀਕਰਨ, ਜੀਵਨ ਦੀਆਂ ਅਨੇਕ ਸੁਖ-ਸਹੂਲਤਾਂ, ਮਨੁੱਖ ਦੇ ਚਕਾਚੌਂਧ ਵਾਲੀ ਜ਼ਿੰਦਗੀ ਵਿਚ ਵਿਸ਼ਵਾਸ ,ਜੀਵਨ ਦੀ ਕਾਹਲ,ਰੁਝੇਵਿਆਂ ਨਾਲ ਅੱਟੀ ਜ਼ਿੰਦਗੀ ਵੱਲ ਵੀ ਉਹ ਸੰਕੇਤ ਕਰਦਾ ਚਲਾ ਜਾਂਦਾ ਹੈ।ਪੁਸਤਕ ਦੀ ਭੂਮਿਕਾ ਇਸਨੂੰ ਮਜ਼ਬੂਤ ਆਧਾਰ ਪ੍ਰਦਾਨ ਕਰਦੀ ਹੈ ।ਲੇਖਕ ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਦਾ ਹੈ ।ਉਹ ਵਿਸਰਦੇ ਜਾ ਰਹੇ ਵਰਤਾਰਿਆਂ ਦੇ ਨਕਸ਼ ਤਰਾਸ਼ਣ ਵਿਚ ਬਾਰੀਕੀ ਤੋਂ ਕੰਮ ਲੈਂਦਾ ਹੈ।ਮੁੱਠੀ ਵਿਚੋਂ ਰੇਤ ਕਿਰਦੀ ਜਾਣ ਵਾਂਗ ਸਮੇਂ ਨਾਲ ਵਿਸਰਦੇ ਜਾਂਦੇ ਵਰਤਾਰਿਆਂ ਪ੍ਰਤੀ ਆਪਣੀ ਚਿੰਤਾ ਦਾ ਪ੍ਰਗਟਾਵਾ ਵੀ ਲੇਖਕ ਬਾਖ਼ੂਬੀ ਕਰਦਾ ਜਾਂਦਾ ਹੈ।

'ਲੋਕਧਾਰਾ ਦਾ ਸ਼ਾਬਦਿਕ ਅਜਾਇਬ ਘਰ' ਸਿਰਲੇਖ ਅਧੀਨ ਪੁਸਤਕ ਨਾਲ ਸਾਂਝ ਪੁਆਉਂਦਿਆਂ ਹੋਇਆਂ ਕਲਾ ਅਤੇ ਸਾਹਿਤ ਦੇ ਪਾਰਖੂ ਅਤੇ ਇਨ੍ਹਾਂ ਖੇਤਰਾਂ ਦੇ ਨਾਮਵਰ ਹਸਤਾਖਰ ਡਾ. ਲਖਵਿੰਦਰ ਸਿੰਘ ਜੌਹਲ ਨੇ ਆਪਣੀ ਭੂਮਿਕਾ ਰਾਹੀਂ ਪੁਸਤਕ ਦੀ ਸੱਭਿਆਚਾਰਕ ਅਹਿਮੀਅਤ ਨੂੰ ਸਪਸ਼ਟ ਕਰ ਦਿੱਤਾ ਹੈ ਤੇ ਇਸ ਕਿਤਾਬ ਨੂੰ ਮਨ ਨੂੰ ਸਕੂਨ ਦੇਣ ਵਾਲੀ ਮੁੱਲਵਾਨ ਰਚਨਾ ਦਾ ਦਰਜਾ ਦਿੱਤਾ ਹੈ। ਜਿਸ ਸ਼ਿੱਦਤ ਅਤੇ ਪ੍ਰਤੀਬੱਧਤਾ ਨਾਲ ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਇਨ੍ਹਾਂ ਵਿਸਰਦੇ ਵਰਤਾਰਿਆਂ ਦੀਆਂ ਪਰਤਾਂ ਫਰੋਲੀਆਂ ਹਨ ਉਸੇ ਸ਼ਿੱਦਤ ਨਾਲ ਡਾ. ਜੌਹਲ ਨੇ ਵਿਸਰ ਰਹੇ ਵਰਤਾਰਿਆਂ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ ।ਡਾ. ਲਖਵਿੰਦਰ ਸਿੰਘ ਜੌਹਲ ਦੇ ਸ਼ਬਦਾਂ ਵਿਚ - "ਡਾ. ਪ੍ਰਿਤਪਾਲ ਸਿੰਘ ਮਹਿਰੋਕ ਦੀ ਇਹ ਕਿਤਾਬ ਵਿਰਸੇ ਦੀ ਇਸ ਅਮੀਰੀ ਦਾ ਨਾ ਸਿਰਫ ਸ਼ਾਬਦਿਕ ਵਰਨਣ ਹੈ ,ਸਗੋਂ ਉਸਨੇ ਦਿਨੋਂ ਦਿਨ ਨਿਰਜਿੰਦ ਹੋ ਰਹੇ ਵਰਤਾਰਿਆਂ ਅਤੇ ਵਸਤਾਂ ਦਾ ਬਿਰਤਾਂਤ ਸਿਰਜ ਕੇ ਇਨ੍ਹਾਂ ਨੂੰ ਅਜਿਹੀਆਂ ਕਥਾ-ਕਹਾਣੀਆਂ ਵਾਂਗ ਸਥਾਪਤ ਕਰ ਦਿੱਤਾ ਹੈ ,ਜੋ ਸਦੀਵੀ ਹੋ ਗਈਆਂ ਹਨ ।" (ਪੰਨਾ 12 )। ਡਾ. ਮਹਿਰੋਕ ਲਿਖਦਾ ਹੈ-" ਵਿਸਰਦੇ ਜਾ ਰਹੇ ਜਾਂ ਮਿਟ ਜਾਣ ਦੀ ਕਗਾਰ 'ਤੇ ਖੜੇ ਉਨ੍ਹਾਂ ਸਭਿਆਚਾਰਕ ਵਰਤਾਰਿਆਂ ਦਾ ਆਪਣੇ ਸਮਿਆਂ ਵਿਚ ਵਿਸ਼ੇਸ਼ ਮਹੱਤਵ ਰਿਹਾ ਹੈ। ਲੋਕਧਾਰਾ ਨਾਲ ਜੁੜਿਆ ਹਰੇਕ ਵਰਤਾਰਾ ਮਨੁੱਖੀ ਮਨ ਦੀ ਸਿਰਜਣਾ ਹੁੰਦਾ ਹੈ। ਮਨੁੱਖੀ ਮਨ ਦੀਆਂ ਸਿਰਜਣਾਵਾਂ ਜਦੋਂ ਪਰੰਪਰਾ ਨਾਲ ਜੁੜ ਕੇ ਲੋਕ ਪ੍ਰਵਾਨਗੀ ਹਾਸਲ ਕਰ ਲੈਂਦੀਆਂ ਹਨ ਤਾਂ ਉਹ ਲੋਕਧਾਰਾ ਵਿਚੋਂ ਜਨਮ ਲੈਣ ਵਾਲੀਆਂ ਸਿਰਜਣਾਵਾਂ ਬਣ ਜਾਂਦੀਆਂ ਹਨ।... .......ਲੋਕ ਮਨ ਵਿਚ ਲੋਕਧਾਰਾ ਦਾ ਸਮਾਵੇਸ਼ ਸਹਿਜ ਸੁਭਾਵਿਕ ਹੁੰਦਾ ਆਇਆ ਹੈ ਤੇ ਇਸਦੀ ਹੋਂਦ ਦੇ ਚਿਹਨ ਲੋਕ ਜੀਵਨ ਵਿਚੋਂ ਸਹਿਜੇ ਹੀ ਲੱਭੇ ਜਾ ਸਕਦੇ ਹਨ।" (ਪੰਨਾ 13 ) ।ਇਕ ਹੋਰ ਥਾਂ ਲੇਖਕ ਲਿਖਦਾ ਹੈ-" ਲੋਕਧਾਰਾ ਨਾਲ ਜੁੜੇ ਵਰਤਾਰਿਆਂ ਵਿਚ ਆਪਮੁਹਾਰੇਪਨ ਦੇ ਲੱਛਣ ਬਹੁਤ ਤੀਬਰ ਸੁਰ ਵਿਚ ਪਾਏ ਜਾਂਦੇ ਹਨ। ਉਹ ਵਰਤਾਰੇ ਬਹੁਤ ਸਹਿਜ ਹੁੰਦੇ ਹਨ ।ਉਨ੍ਹਾਂ ਵਿਚ ਕੋਈ ਉਚੇਚ ਨਹੀਂ ਹੁੰਦਾ ।ਉਨ੍ਹਾਂ ਵਿਚੋਂ ਲੋਕ ਮਨ ਦੇ ਸਹਿਜ ਦਰਸ਼ਨ ਹੋ ਜਾਂਦੇ ਹਨ ।ਲੋਕਧਾਰਾ ਦੇ ਵਰਤਾਰਿਆਂ ਵਿਚ ਮੌਲਿਕਤਾ, ਵਿਲੱਖਣਤਾ, ਸੁਹਜਾਤਮਿਕਤਾ ਆਦਿ ਗੁਣਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ ।" (ਪੰਨਾ 14)। ਨਿਸਚੇ ਹੀ , ਸੱਭਿਆਚਾਰਕ ਨਿਘਾਰ ਕਾਰਨ ਪੰਜਾਬ ਵਿਚੋਂ ਕਈ ਚੀਜ਼ਾਂ-ਵਸਤਾਂ ਅਲੋਪ ਹੋ ਰਹੀਆਂ ਹਨ ।ਅਜੋਕੇ ਪੰਜਾਬ ਦਾ ਚਿਹਰਾ -ਮੁਹਰਾ ਨਿਹਾਰਦਿਆਂ ਇਸ ਗੱਲ ਦਾ ਤੀਬਰ ਅਹਿਸਾਸ ਹੁੰਦਾ ਹੈ ਕਿ "ਖੁੱਲ੍ਹੀਆਂ ਖੁਰਾਕਾਂ, ਖੁੱਲ੍ਹੇ-ਡੁੱਲ੍ਹੇ ਪਹਿਰਾਵੇ, ਖੁੱਲ੍ਹੇ ਸੁਭਾਅ ਅਤੇ ਖੁੱਲ੍ਹੇ ਮਕਾਨਾਂ ਵਾਲੇ ਪੰਜਾਬੀਆਂ ਦੇ ਮੂੰਹ-ਮੁਹਾਂਦਰੇ ਵੀ ਹੁਣ ਬਦਲਦੇ ਜਾ ਰਹੇ ਨਜ਼ਰ ਆਉਂਦੇ ਹਨ। ਪੰਜਾਬ ਦੇ ਬਹੁਤ ਘੱਟ ਪ੍ਰਤੀਸ਼ਤ ਘਰਾਂ ਵਿਚ ਹੀ ਹੁਣ ਪੁਰਾਣੀ ਰਹਿਤਲ ਦੀ ਰਹਿੰਦ-ਖੂੰਹਦ ਬਚੀ ਹੋਵੇਗੀ ।" (ਪੰਨਾ 17 )। ਪੁਸਤਕ ਵਿਚ ਪੇਸ਼ ਕੀਤੇ ਗਏ ਵਿਸਰਦੇ ਜਾ ਰਹੇ ਵਰਤਾਰਿਆਂ ਨੂੰ ਪੰਜਾਬੀ ਲੋਕ ਗੀਤਾਂ ਵਿਚ ਵਿਭਿੰਨ ਪ੍ਰਸੰਗਾਂ ਵਿਚ ਹੋਏ ਉਨ੍ਹਾਂ ਦੇ ਜ਼ਿਕਰ ਦੀ ਪਿੱਠ ਭੂਮੀ ਅਤੇ ਹਵਾਲਿਆਂ ਨਾਲ ਉਘਾੜਨ ਦਾ ਯਤਨ ਕੀਤਾ ਗਿਆ ਹੈ, ਜਿਸ ਨਾਲ ਪੁਸਤਕ ਦਾ ਮਹੱਤਵ ਹੋਰ ਵਧ ਜਾਂਦਾ ਹੈ। ਮੈਂ ਇਸ ਪੁਸਤਕ ਦੇ ਕੁਝ ਲੇਖਾਂ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਮੁੜ -ਮੁੜ ਪੜ੍ਹਨ ਲਈ ਮਨ ਅਹੁਲਦਾ ਹੈ। ਪਹਿਲੇ ਭਾਗ ਵਿਚ- ਚਿੜੀ ਚੜ੍ਹੂੰਗਾ ਕੱਤ ਕੁੜੇ, ਤ੍ਰਿੰਝਣ ਦੀਆਂ ਕੁੜੀਆਂ, ਛੱਜ ਓਹਲੇ ਛਾਨਣੀ, ਜਾਗੋ ਆਈ ਆ... ਆਦਿ ਕੁੜੀਆਂ ਦੇ ਗੀਤਾਂ/ਨਾਚਾਂ ਨਾਲ ਸਬੰਧਿਤ ਲੇਖ ਹਨ ਜਿਨ੍ਹਾਂ ਵਿਚੋਂ ਕੁਝ ਗੁੰਮ -ਗਵਾਚ ਗਏ ਹਨ । ਦੂਜੇ ਭਾਗ ਵਿਚ - ਬੀਤੇ ਦੀ ਬਾਤ ਬਣ ਗਈਆਂ ਹੋਲ੍ਹਾਂ,ਘਰ ਅੰਦਰ ਚੁੱਲ੍ਹਾ-ਚੌਂਕਾ, ਦਾਣੇ ਭੱਠੀ 'ਤੇ ਭੁਨਾਨੀ ਆਂ,ਮਧਾਣੀ ਮੇਰੀ ਰੰਗਲੀ, ਕੱਤਣੀ ਮੇਰੀ ਫੁੱਲਾਂ ਵਾਲੀ... ਆਦਿ ਲੇਖ ਬੀਤੇ ਸਮੇਂ ਦੀ ਬਾਤ ਪਾਉਂਦੇ ਹਨ ।ਤੀਜੇ ਭਾਗ ਵਿਚ- ਹਰਿਆ ਤੇ ਭਾਗੀਂ ਭਰਿਆ, ਘੜੋਲੀ ਭਰ ਆਈ ਆਂ, ਖਾਰੇ ਚੜ੍ਹਦਾ ਡੁਸ ਡੁਸ ਰੋਵੇ, ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ ਆਦਿ ਲੇਖ ਕੁਝ ਪੁਰਾਣੀਆਂ ਰਸਮਾਂ ਦੀ ਯਾਦ ਤਾਜ਼ਾ ਕਰਵਾ ਦਿੰਦੇ ਹਨ।। ਚੌਥੇ ਭਾਗ ਵਿਚ -ਗੁੰਦਿਆ ਪਰਾਂਦਾ ਰੀਝਾਂ ਨਾਲ ਵੇ,ਸੁਰਮਾ ਤਾਂ ਪਾਈਏ ਜੇ ਮਟਕਾਉਣਾ ਆਵੇ, ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ, ਰੁਮਾਲ ਤੇਰਾ ਕੱਢਿਆ ਪਇਆ ਈ...ਕਢਾਈ-ਬੁਣਾਈ ਦੀ ਲੋਕ ਕਲਾ ਅਤੇ ਹਾਰ ਸ਼ਿੰਗਾਰ ਦੀ ਕਲਾ/ਸ਼ੌਕ ਨਾਲ ਜੁੜਦੇ ਹਨ । ਪੰਜਵੇਂ ਭਾਗ ਵਿਚ ਵਿਸਰਿਆ ਲੋਕ ਕਾਵਿ ਕਸੀਦਾ, ਕਿਧਰ ਗਏ ਨਕਾਲ ਤੇ ਨਕਲਾਂ,ਵਿਸਰਿਆ ਲੋਕ ਕਾਵਿ ਨਾਟ ਸਵਾਂਗ, ਹੁਣ ਘੱਟ ਹੁੰਦਾ ਹੈ ਕਠਪੁਤਲੀਆਂ ਦਾ ਤਮਾਸ਼ਾ ਆਦਿ ਅਜਿਹੇ ਵਿਸ਼ੇ ਹਨ ਜਿਹੜੇ ਵਿਸ਼ੇਸ਼ ਤੌਰ 'ਤੇ ਆਕਰਸ਼ਿਤ ਕਰਦੇ ਹਨ,ਧੁਰ ਅੰਦਰ ਤੱਕ ਉਤਰਦੇ ਜਾਂਦੇ ਹਨ,ਹਲੂਣ ਦੇਣ ਵਾਲੇ ਹਨ ਅਤੇ ਬਹੁਤ ਪ੍ਰਭਾਵਿਤ ਕਰਨ ਵਾਲੇ, ਦਿਲਚਸਪ ਤੇ ਜਾਣਕਾਰੀ ਭਰਪੂਰ ਹਨ।

ਨਿਰਸੰਦੇਹ, ਤਬਦੀਲੀ ਕੁਦਰਤ ਦਾ ਨਿਯਮ ਹੈ। ਪ੍ਰਾਕਿਰਤਕ ਪਰਿਵਰਤਨ ਸਹਿਜ ਸੁਭਾਵਿਕ ਤੇ ਆਪ ਮੁਹਾਰੇ ਆਉਣੇ ਹੀ ਹੁੰਦੇ ਹਨ ।ਇਸ ਵਿਸ਼ਵਵਿਆਪੀ ਅਸਲੀਅਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਰ ਬੇਲੋੜੀ ਤੇ ਅੰਨ੍ਹੀ ਦੌੜ ਕਿਸੇ ਵੀ ਪਰਿਵਰਤਨ ਦੌਰਾਨ ਅੱਖਰਦੀ ਹੈ ।ਆਪਣੀ ਭੂਮਿਕਾਨੁਮਾ ਗੱਲ ਬਾਤ ਦੇ ਅੰਤ ਵਿੱਚ ਵੀ ਡਾ.ਮਹਿਰੋਕ ਲਿਖਦਾ ਹੈ - " ਸਮੇਂ ਦੇ ਗੇੜ ਨੇ ਚੱਲਦਿਆਂ ਰਹਿਣਾ ਹੈ ਤੇ ਸਮੇਂ ਦੇ ਨਾਲ ਨਾਲ ਪਰਿਵਰਤਨ ਦਾ ਵਾਪਰਨਾ ਵੀ ਸੁਭਾਵਿਕ ਵਰਤਾਰਾ ਹੁੰਦਾ ਹੈ ।ਵਿਰਸੇ ਨਾਲ ਸਬੰਧਿਤ ਇਨ੍ਹਾਂ ਵਰਤਾਰਿਆਂ ਦੇ ਬਦਲ ਜਾਣ ਜਾਂ ਗਵਾਚ ਜਾਣ ਦਾ ਹਿਰਖ/ਹੇਰਵਾ ਵੀ ਨਹੀਂ ਹੋਣਾ ਚਾਹੀਦਾ ।ਸਮੇਂ ਦੇ ਬਦਲਣ ਨਾਲ ਅਜਿਹਾ ਹੋਣਾ ਹੀ ਹੁੰਦਾ ਹੈ ।ਇਸ ਪੁਸਤਕ ਦੀ ਰਚਨਾ ਦਾ ਮਨੋਰਥ ਕੇਵਲ ਇਹ ਹੈ ਕਿ ਅਜਿਹੇ ਵਿਸਰ ਰਹੇ ਵਰਤਾਰੇ ਘੱਟ ਤੋਂ ਘੱਟ ਸਾਡੇ ਚੇਤਿਆਂ ਵਿਚ ਤਾਂ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਸਥਾਨ ਬਣਾਈ ਰੱਖਣ ।" (ਪੰਨੇ 21-22)। ਪੁਸਤਕ ਵਿਚ ਵਰਤੀ ਗਈ ਬੋਲੀ, ਸ਼ੈਲੀ, ਵਾਕ ਬਣਤਰ ਆਦਿ ਲੋਕਧਾਰਾ ਦੇ ਅਨੁਸ਼ਾਸਨ ਨਾਲ ਕਾਵਿਕ ਨਿਆਇ ਕਰਨ ਵਾਲੀ,ਸਰਲ ਅਤੇ ਸਹਿਜੇ ਹੀ ਪਾਠਕ ਦੀ ਸਮਝ ਵਿਚ ਆਉਣ ਵਾਲੀ ਹੈ। ਇਸ ਪੱਖ ਤੋਂ ਵੀ ਇਹ ਪੁਸਤਕ ਲੋਕ ਮਨਾਂ ਤੱਕ ਰਸਾਈ ਕਰਨ ਵਾਲੀ ਹੈ।

ਮੇਰਾ ਮਨੋਰਥ ਵੀ ਸੁਹਿਰਦ ,ਸੰਵੇਦਨਸ਼ੀਲ ਤੇ ਲੋਕ ਸੱਭਿਆਚਾਰ ਨਾਲ ਪਿਆਰ ਕਰਨ ਵਾਲੇ ਪਾਠਕਾਂ ਦੀ ਇਸ ਪੁਸਤਕ ਨਾਲ ਜਾਣ ਪਛਾਣ ਕਰਵਾਉਣਾ ਤੇ ਗੂੜ੍ਹੀ ਸਾਂਝ ਪਵਾਉਣਾ ਹੀ ਹੈ ।ਉਂਜ , ਡਾ. ਪ੍ਰਿਤਪਾਲ ਸਿੰਘ ਮਹਿਰੋਕ ਤੇ ਉਸਦੀਆਂ ਰਚਨਾਵਾਂ ਬਾਰੇ ਕੋਈ ਨਿਸਕਰਸ਼ ਭਰਪੂਰ ਫਤਵਾ ਦੇਣਾ ਸੂਰਜ ਨੂੰ ਦੀਵਾ ਵਿਖਾਉਣ ਵਾਲੀ ਗੱਲ ਹੋਵੇਗੀ,ਇਸ ਤੋਂ ਵਧੇਰੇ ਹੋਰ ਕੁਝ ਨਹੀਂ। ਹਾਂ, ਮੈਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਹਰਨ ਵਾਲੇ ਸਮੂਹ ਪਾਠਕ ਵਰਗ ਨੂੰ ਇਸ ਪੁਸਤਕ ਨੂੰ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਸ਼ ਕਰਦਾ ਹਾਂ। ਇਹ ਸੱਚ ਹੈ ਕਿ ਹਰ ਸਾਲ ਬੇਸ਼ੁਮਾਰ ਕਿਤਾਬਾਂ ਛਪਦੀਆਂ ਹਨ ,ਵਿਕਦੀਆਂ ਹਨ,ਲਾਇਬਰੇਰੀਆਂ ਦੀ ਤੇ ਘਰਾਂ ਦੇ ਬੁੱਕ ਸ਼ੈਲਫਾਂ ਦੀ ਸ਼ਾਨ ਬਣਦੀਆਂ ਹਨ ਪਰ ਪੜ੍ਹਨ ਯੋਗ ਤੇ ਦਿਲਾਂ ਅੰਦਰ ਘਰ ਕਰ ਜਾਣ ਵਾਲੀਆਂ ਪੁਸਤਕਾਂ ਵਿਰਲੀਆਂ - ਟਾਵੀਆਂ ਹੀ ਹੁੰਦੀਆਂ ਹਨ,ਜਿਹੜੀਆਂ ਲੋਕ ਮਨਾਂ 'ਤੇ ਆਪਣੀ ਡੂੰਘੀ ਛਾਪ ਛੱਡਦੀਆਂ ਹਨ।' ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ ' ਪੁਸਤਕ ਵੀ ਉਨ੍ਹਾਂ ਕੁਝ ਖਾਸ ਕਿਤਾਬਾਂ ਵਿਚੋਂ ਇਕ ਹੈ, ਜਿਸਨੂੰ ਮੁੜ ਮੁੜ ਪੜ੍ਹਦਿਆਂ ਵੀ ਕੁਝ ਨਾ ਕੁਝ ਨਵਾਂ ਪੜ੍ਹਨ ਜਿਹਾ ਅਹਿਸਾਸ ਹੁੰਦਾ ਰਹਿੰਦਾ ਹੈ ਤੇ ਆਨੰਦ ਦੀ ਅਨੁਭੂਤੀ ਵੀ ਹੁੰਦੀ ਰਹਿੰਦੀ ਹੈ। ਲੋਕ ਰੰਗ ਦੇ ਵਿਭਿੰਨ ਰੰਗਾਂ ਨਾਲ ਓਤਪੋਤ ਹੁੰਦੀ ਤੇ ਆਪਣੀ ਦਮਦਾਰ ਹਾਜ਼ਰੀ ਲਗਵਾਉਂਦੀ ਇਸ ਅਦੁੱਤੀ ਪੁਸਤਕ ਦਾ ਨਿੱਘਾ ਸਵਾਗਤ ਹੈ।

**ਡਾ. ਹਰਚਰਨ**
**ਐਸੋਸੀਏਟ ਪ੍ਰੋਫੈਸਰ (ਸੇਵਾ ਮੁਕਤ )**
**ਜੀ.ਜੀ.ਡੀ.ਐੱਸ.ਡੀ. ਕਾਲਜ , ਹਰਿਆਣਾ**
**ਜ਼ਿਲ੍ਹਾ - (ਹੁਸ਼ਿਆਰਪੁਰ )।**

# ਧੱਕੇ ਨਾਲ ਮੜ੍ਹੇ ਕਾਨੂੰਨ





ਸੰਜੀਵ ਸਿੰਘ ਸੈਣੀ, ਮੋਹਾਲੀ

ਪੰਜਾਬ ਦੀ ਧਰਤੀ ਤੋਂ ਸੁਰੂ ਹੋਇਆ ਇਹ ਕਿਸਾਨੀ ਸੰਘਰਸ ਅੱਜ ਜਨ-ਅੰਦੋਲਨ ਬਣ ਗਿਆ ਹੈ ।ਅੱਜ ਕਿਸਾਨੀ ਅੰਦੋਲਨ ਸਿਖਰਾਂ ਤੇ ਹੈ। ਵਿਦੇਸਾਂ ਤੋਂ ਵੀ ਕਿਸਾਨੀ ਅੰਦੋਲਨ ਨੂੰ ਹਮਾਇਤ ਮਿਲ ਰਹੀ ਹੈ ।ਯੂ ਐਨ ਓ ਨੇ ਵੀ ਕਿਸਾਨੀ ਸੰਘਰਸ ਦੀ ਵਕਾਲਤ ਕੀਤੀ ਹੈ ।ਤਕਰੀਬਨ ਪਿਛਲੇ 6 ਮਹੀਨਿਆਂ ਤੋਂ ਕਾਰਪੋਰੇਟ ਘਰਾਨਿਆਂ ਵਿਰੁੱਧ ਪੰਜਾਬ ਵਿੱਚ ਧਰਨੇ ਲਾਏ ਜਾ ਰਹੇ ਹਨ। ਧਰਨਿਆਂ ਵਿੱਚ ਕਿਸਾਨਾਂ ਦਾ ਜੋਸ ਦੇਖਣ ਵਾਲਾ ਹੁੰਦਾ ਹੈ। ਪਹਿਲੇ ਨਾਲੋਂ ਵੀ ਕਿਸਾਨਾਂ ਵਿੱਚ ਵੱਧ ਜੋਸ ਹੈ ।ਹਰ ਇੱਕ ਮਹਾਰੈਲੀ ਚਾਹੇ ਉਹ ਮੋਗਾ ਦੀ ਜਾਂ ਚੰਡੀਗੜ੍ਹ ਦੀ ਜਾਂ ਬਰਨਾਲੇ ਦੀ ਹੋਈ, ਨੌਜਵਾਨਾਂ ਤੇ ਔਰਤਾਂ ਦੀ ਅੱਗੇ ਨਾਲੋਂ ਵੀ ਜਿਆਦਾ ਸਮੂਲੀਅਤ ਰਹੀ ਹੈ। ਬਰਨਾਲਾ ਸਹਿਰ ਵਿੱਚ ਕਿਸਾਨਾਂ ਦਾ ਲਾਮਿਸਾਲ ਇਕੱਠ ਹੋਇਆ। ਤਕਰੀਬਨ ਹਰ ਤਬਕੇ ਵੱਲੋਂ ਮਹਾਂਪੰਚਾਇਤ ਵਿਚ ਆਪਣੀ ਹਾਜਰੀ ਲਗਵਾਈ ਜਾ ਰਹੀ ਹੈ। ਹਰ ਸੂਬੇ ਵਿੱਚ ਇਹ ਮਹਾਂ ਪੰਚਾਇਤਾਂ ਦਾ ਭਰਵਾਂ ਇਕੱਠ ਦੇਖਣ ਨੂੰ ਮਿਲ ਰਿਹਾ ਹੈ। ਅੱਜ ਦੇਸ ਦਾ ਕਿਸਾਨ ਜਾਗ ਪਿਆ ਹੈ। ਅੱਜ ਹਰ ਇੱਕ ਵਰਗ ਦੀ ਕਿਸਾਨੀ ਅੰਦੋਲਨ ਨੂੰ ਹਮਾਇਤ ਮਿਲ ਰਹੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਹਿੰਸਾ ਲਈ ਜੋ ਨਿਰਦੋਸ ਕਿਸਾਨ ਹਨ ,ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਤੇ ਉਨਾਂ ਤੇ ਪਾਏ ਗਏ ਪਰਚੇ ਰੱਦ ਕਰ ਦਿੱਤੇ ਜਾਣ। ਵੱਡੇ ਪੱਧਰ ਤੇ ਔਰਤਾਂ ਤੇ ਨੌਜਵਾਨਾਂ ਦੀ ਮਹਾਂ ਰੈਲੀਆਂ ਵਿਚ ਸਮੂਲੀਅਤ ਹੋ ਰਹੀ ਹੈ। ਹੁਣ ਤੱਕ ਕਿਸਾਨੀ ਅੰਦੋਲਨ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਰਹੀ ਹੈ ।ਕਿਸਾਨਾਂ ਦੀ ਇੱਕ ਹੀ ਮੰਗ ਹੈ ਕਿ ਇਹ ਕਾਲੇ ਖੇਤੀ ਕਾਨੂੰਨ ਰੱਦ ਕਰ ਦਿੱਤੇ ਜਾਣ ਤੇ ਐਮਐਸਪੀ ਨੂੰ ਕਾਨੂੰਨੀ ਦਰਜਾ ਦਿੱਤਾ ਜਾਵੇ। ਕੇਂਦਰ ਸਰਕਾਰ ਤੇ ਕਿਸਾਨਾਂ ਦਰਮਿਆਨ ਤਕਰੀਬਨ ਗਿਆਰਾਂ ਮੀਟਿੰਗਾਂ ਹੋਈਆਂ, ਜੋ ਕਿਸੇ ਤਣ-ਪੱਤਣ ਨਾ ਲੱਗ ਸਕੀਆਂ ।ਅੱਜ ਕਿਸਾਨਾਂ ਨੂੰ ਮੰਡੀਆਂ ਖਤਮ ਹੋਣ ਦਾ ਵੀ ਡਰ ਹੈ। ਅੱਜ ਦੇਸ ਦਾ ਅੰਨਦਾਤਾ ਕਹਿ ਰਿਹਾ ਹੈ ਕਿ ਇਹ ਕਾਲੇ ਖੇਤੀ ਕਾਨੂੰਨ ਉਹਨਾਂ ਨੂੰ ਬਰਬਾਦ ਕਰ ਦੇਣਗੇ। ਅੱਜ ਮੋਦੀ ਸਰਕਾਰ ਕਿਸਾਨਾਂ ਨੂੰ ਬਦਨਾਮ ਕਰਨ ਲਈ ਨਵੇਂ ਨਵੇਂ ਪੈਂਤੜੇ ਅਪਣਾ ਰਹੀ ਹੈ। ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਦੀਆਂ ਸਾਰੀਆਂ ਚਾਲਾਂ ਨੂੰ ਸਮਝ ਚੁੱਕੇ ਹਨ । ਸਰਕਾਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੇਗੀ ।ਕਿਸਾਨਾਂ ਦੀ ਮੰਗ ਵੀ ਹੈ ਕਿ ਜੋ ਕਿਸਾਨ ਸੰਘਰਸ ਦੌਰਾਨ ਸਹੀਦ ਹੋਏ ਹਨ ਉਹਨਾਂ ਦੇ ਪਰਿਵਾਰਾਂ ਨੂੰ ਮੁਆਵਜਾ ਦਿੱਤਾ ਜਾਵੇ। 350 ਦੇ ਕਰੀਬ ਕਿਸਾਨਾਂ ਨੇ ਸਹਾਦਤ ਪਾਈ ਹੈ ।ਵਿਚਾਰਨ ਵਾਲੀ ਗੱਲ ਹੈ ਜਦੋਂ ਕਿਸਾਨ ਚਾਹੁੰਦੇ ਹੀ ਨਹੀਂ ਹਨ, ਤਾਂ ਕੇਂਦਰ ਅਜਿਹੇ ਕਾਨੂੰਨ ਕਿਸਾਨਾਂ ਦੇ ਗਲ ਕਿਉਂ ਮੜ ਰਹੀ ਹੈ ?ਕੇਂਦਰ ਸਰਕਾਰ ਦੇ ਵਜੀਰ ਉਹੀ ਪੁਰਾਣੀਆਂ ਦਲੀਲਾਂ ਨੂੰ ਦੋਹਰਾ ਰਹੇ ਹਨ ਕੀ ਇਨਾਂ ਬਿੱਲਾ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ ।70 ਸਾਲਾਂ ਵਿੱਚ ਪਹਿਲੀ ਵਾਰ ਕਿਸਾਨ ਆਜਾਦ ਹੋ ਗਿਆ ਹੈ। ਪੰਜਾਬ ਦੇ ਕਈ ਸਹਿਰਾਂ ਵਿੱਚ ਟਰੈਕਟਰ ਮਾਰਚ ਵੀ ਕੱਢਿਆ ਜਾ ਰਿਹਾ ਹੈ ।ਹਰ ਪ੍ਰੋਗਰਾਮ ਵਿਚ ਨੌਜਵਾਨਾਂ ,ਔਰਤਾਂ ਦੀ ਸਮੂਲੀਅਤ ਵੱਡੀ ਪੱਧਰ ਤੇ ਹੋ ਰਹੀ ਹੈ ।ਗੁਆਂਢੀ ਸੂਬੇ ਹਰਿਆਣਾ ਵਿੱਚ ਵੀ ਵੱਡੇ ਪੱਧਰ ਤੇ ਰੈਲੀਆਂ ਹੋ ਰਹੀਆਂ ਹਨ। ਜਿਸ ਵਿੱਚ ਔਰਤਾਂ ਦੀ ਸਮੂਲੀਅਤ ਦੇਖਣ ਵਾਲੀ ਹੈ ।ਕਿਸਾਨਾਂ ਨੇ ਕਿਹਾ ਕਿ ਜੇ ਅੱਜ ਇਨਾਂ ਕਾਲੇ ਕਾਨੂੰਨਾਂ ਦਾ ਵਿਰੋਧ ਨਹੀਂ ਕੀਤਾ ਗਿਆ, ਤਾਂ ਆਉਣ ਵਾਲੇ ਸਮੇਂ ਵਿੱਚ ਕੇਂਦਰ ਸਰਕਾਰ ਅਜਿਹੇ ਹੋਰ ਕਾਨੂੰਨ ਬਣਾਏਗੀ,ਜੋ ਹਰ ਵਰਗ ਨੂੰ ਪ੍ਰਭਾਵਿਤ ਕਰਨਗੇ। ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ। ਤਾਲਾਬੰਦੀ ਦੌਰਾਨ ਲੋਕਾਂ ਦਾ ਰੁਜਗਾਰ ਖੁਸਿਆ ਹੈ। ਬੇਰੁਜਗਾਰੀ ਵਧੀ ਹੈ। ਜੋ ਥੋੜ੍ਹੀ ਬਹੁਤ ਫੈਕਟਰੀਆਂ ਚੱਲੀਆਂ ਹਨ, ਉਥੇ ਗਿਣਵੇਂ ਚੁਣਵੇਂ ਲੋਕਾਂ ਨੂੰ ਰੁਜਗਾਰ ਮਿਲ ਰਿਹਾ ਹੈ ।ਪੈਟਰੋਲ-ਡੀਜਲ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ ।ਦੋ ਟਾਈਮ ਦੀ ਰੋਟੀ ਦਾ ਜੁਗਾੜ ਕਰਨਾ ਮੁਸਕਿਲ ਹੋ ਗਿਆ ਹੈ। ਸਮੇਂ ਦੀ ਨਜਾਕਤ ਨੂੰ ਦੇਖਦਿਆਂ ਹੋਇਆਂ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਮੁੜ ਗੱਲਬਾਤ ਸੁਰੂ ਕਰਨੀ ਚਾਹੀਦੀ ਹੈ। ਚੇਤੇ ਰਖੀਏ ਕਿ ਜੇ ਕਿਸਾਨ ਖੁਸਹਾਲ ਹੈ, ਤਾਂ ਦੇਸ ਖੁਸਹਾਲ ਹੈ।

# ਸੰਸਾਰ ਦਾ ਸਭ ਤੋਂ ਵੱਡਾ ਧਾਰਮਿਕ ਇਕੱਠ ਕੁੰਭ ਮੇਲਾ



ਕੁੰਭ ਮੇਲਾ ਸਾਰੇ ਸੰਸਾਰ ਵਿੱਚ ਸਭ ਤੋਂ ਵੱਡਾ ਧਾਰਮਿਕ ਇਕੱਠ ਹੁੰਦਾ ਹੈ। ਇਸ ਵਾਰ ਕੁੰਭ ਮੇਲਾ ਹਰਿਦੁਆਰ (ਉੱਤਰਾਖੰਡ) ਵਿਖੇ 3 ਅਪਰੈਲ ਤੋਂ 28 ਅਪਰੈਲ ਤੱਕ ਹੋਣ ਜਾ ਰਿਹਾ ਹੈ। ਇਸ ਵਿੱਚ 15 ਕਰੋੜ ਸ਼ਰਧਾਲੂਆਂ ਦੇ ਪਹੁੰਚਣ ਦੀ ਉਮੀਦ ਹੈ। ਕੁੰਭ ਭਾਰਤ ਵਿੱਚ ਚਾਰ ਥਾਵਾਂ, ਹਰਿਦੁਆਰ, ਪ੍ਰਯਾਗਰਾਜ, ਨਾਸਿਕ (ਮਹਾਂਰਾਸ਼ਟਰ) ਅਤੇ ਉਜੈਨ (ਮੱਧ ਪ੍ਰਦੇਸ਼) ਵਿਖੇ ਮਨਾਇਆ ਜਾਂਦਾ ਹੈ। 12 ਸਾਲਾਂ ਬਾਅਦ ਮਨਾਏ ਜਾਣ ਹਰੇਕ ਕੁੰਭ ਦੀ ਆਪੋ ਆਪਣੀ ਵੱਖਰੀ ਤਾਰੀਖ ਹੈ। ਚਾਰਾਂ ਸਥਾਨਾਂ ਦੇ ਮੇਲਿਆਂ ਵਿੱਚ ਆਮ ਤੌਰ 'ਤੇ 3 - 4 ਸਾਲ ਦਾ ਫਰਕ ਹੁੰਦਾ ਹੈ। ਕੁੰਭ ਦੇ ਮੇਲੇ ਦਾ ਸਭ ਤੋਂ ਜਰੂਰੀ ਅਤੇ ਪਵਿੱਤਰ ਕਰਮ ਕਾਂਡ ਹੈ ਨਦੀ ਦੇ ਜਲ ਵਿੱਚ ਇਸ਼ਨਾਨ ਕਰਨਾ। ਮੰਨਿਆਂ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਪਿਛਲੇ ਸਾਰੇ ਪਾਪ ਧੁਲ ਜਾਂਦੇ ਹਨ। ਇਸ ਲਈ ਇਹ ਚਾਰੇ ਸਥਾਨ ਕਿਸੇ ਨਾ ਕਿਸੇ ਪ੍ਰਸਿੱਧ ਨਦੀ ਦੇ ਕਿਨਾਰੇ ਸਥਿੱਤ ਹਨ। ਹਰਿਦੁਆਰ ਗੰਗਾ ਦੇ, ਪ੍ਰਯਾਗਰਾਜ ਗੰਗਾ-ਜਮਨਾ-ਸਰਸਵਤੀ ਸੰਗਮ, ਨਾਸਿਕ ਗੋਦਾਵਰੀ ਅਤੇ ਉਜੈਨ ਸ਼ਿਪਰਾ ਨਦੀ ਦੇ ਕਿਨਾਰੇ ਹਨ।

ਕੁੰਭ ਮੇਲਾ ਬਹੁਤ ਹੀ ਪ੍ਰਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ। ਹਿੰਦੂ ਮਿਥਿਹਾਸ ਅਨੁਸਾਰ ਦੇਵਤਿਆਂ ਅਤੇ ਦਾਨਵਾਂ ਨੇ ਮਿਲ ਕੇ ਅੰਮ੍ਰਿਤ ਦੀ ਪ੍ਰਾਪਤੀ ਲਈ ਕਸ਼ੀਰ ਸਾਗਰ ਦਾ ਮੰਥਨ ਕੀਤਾ ਸੀ। ਇਸ ਮੰਥਨ ਦੇ ਫਲਸਵਰੂਪ ਜਦੋਂ ਅੰਮ੍ਰਿਤ ਦਾ ਘੜਾ ਪ੍ਰਾਪਤ ਹੋਇਆ ਤਾਂ ਇੰਦਰ ਦੇਵਤਾ ਉਸ ਨੂੰ ਲੈ ਕੇ ਦਾਨਵਾਂ ਤੋਂ ਬਚਾਉਣ ਲਈ ਅਕਾਸ਼ ਮਾਰਗ ਰਾਹੀਂ ਉੱਡ ਗਿਆ। ਇਹ ਵੇਖ ਕੇ ਦਾਨਵਾਂ ਨੇ ਉਸ ਦਾ ਪਿੱਛਾ ਕੀਤਾ। ਇਸ ਛੀਨਾ ਝਪਟੀ ਵਿੱਚ ਘੜੇ ਵਿੱਚੋਂ ਹਰਿਦੁਆਰ, ਪ੍ਰਯਾਗਰਾਜ, ਨਾਸਿਕ ਅਤੇ ਉਜੈਨ ਵਿਖੇ ਅੰਮ੍ਰਿਤ ਦੀਆਂ ਚਾਰ ਬੂੰਦਾਂ ਡਿੱਗ ਪਈਆਂ। ਇਸ ਲਈ ਇਨ੍ਹਾਂ ਥਾਵਾਂ 'ਤੇ ਕੁੰਭ ਮੇਲਾ ਮਨਾਇਆ ਜਾਂਦਾ ਹੈ। ਪ੍ਰਯਾਗਰਾਜ ਦੇ ਕੁੰਭ ਮੇਲੇ ਦਾ ਸਭ ਤੋਂ ਪਹਿਲਾ ਇਤਿਹਾਸਕ ਵਰਨਣ ਚੀਨੀ ਯਾਤਰੀ ਹਿਊਨ ਸਾਂਗ ਨੇ 644 ਈਸਵੀ ਵਿੱਚ ਕੀਤਾ ਸੀ। ਉਸ ਨੇ ਲਿਖਿਆ ਕਿ ਇਸ ਮੇਲੇ ਦੌਰਾਨ 5 ਲੱਖ ਲੋਕਾਂ ਨੇ ਨਦੀ ਵਿੱਚ ਇਸ਼ਨਾਨ ਕੀਤਾ। ਉਜੈਨ ਅਤੇ ਨਾਸਿਕ ਦੇ ਕੁੰਭ ਮੇਲੇ ਨਵੀਨ ਹਨ। ਇਨ੍ਹਾਂ ਦੀ ਸ਼ੁਰੂਆਤ 18ਵੀਂ ਸਦੀ ਵਿੱਚ ਮਰਾਠਾ ਸਰਦਾਰ ਰਾਣੋਜੀ ਸ਼ਿੰਦੇ ਦੁਆਰਾ ਕਰਵਾਈ ਗਈ ਸੀ।

ਇਸ ਮੇਲੇ ਦਾ ਸਭ ਤੋਂ ਵੱਡਾ ਆਕਰਸ਼ਣ ਸਾਧਾਂ, ਸੰਨਿਆਸੀਆਂ ਅਤੇ ਨਾਗੇ ਸਾਧੂਆਂ ਵੱਲੋਂ ਕੱਢੇ ਜਾਣ ਵਾਲੇ ਜਲੂਸ ਅਤੇ ਸ਼ਾਹੀ ਇਸ਼ਨਾਨ ਹੁੰਦੇ ਹਨ। ਇਨ੍ਹਾਂ ਸਾਧੂਆਂ ਦੇ ਆਸ਼ਰਮਾਂ ਨੂੰ ਅਖਾੜੇ ਕਿਹਾ ਜਾਂਦਾ ਹੈ। ਕਥਿੱਤ ਤੌਰ ਤੇ ਦੁਨੀਆਂ ਤਿਆਗੀ ਬੈਠੇ ਤੇ ਲੋਕਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰਹਿਣ ਦਾ ਸਬਕ ਦੇਣ ਵਾਲੇ ਇਹ ਸਾਧੂ ਗੰਗਾ ਵਿੱਚ ਪਹਿਲਾ ਸ਼ਾਹੀ ਇਸ਼ਨਾਨ ਕਰਨ ਦੇ ਅਧਿਕਾਰ ਹਾਸਲ ਕਰਨ ਲਈ ਗੁੰਡਿਆਂ ਵਾਂਗ ਲੜਦੇ ਹਨ। ਕੁੰਭ ਮੇਲੇ ਵਿੱਚ ਪੁਲਿਸ ਵਾਸਤੇ ਸਭ ਤੋਂ ਵੱਡੀ ਸਿਰਦਰਦੀ ਇਨ੍ਹਾਂ ਭੰਗ-ਸੁਲਫੇ ਨਾਲ ਅੰਨ੍ਹੇ ਹੋਏ ਸਾਧੂਆਂ ਨੂੰ ਕੰਟਰੋਲ ਕਰਨ ਦੀ ਹੁੰਦੀ ਹੈ। ਅਸਲ ਵਿੱਚ ਈਸਟ ਇੰਡੀਆ ਕੰਪਨੀ ਦੇ ਰਾਜ ਤੋਂ ਪਹਿਲਾਂ ਕੁੰਭ ਮੇਲੇ ਦਾ ਸਾਰਾ ਕੰਟਰੋਲ ਇਨ੍ਹਾਂ ਅਖਾੜਿਆਂ ਕੋਲ ਹੁੰਦਾ ਸੀ। ਇਹ ਹੀ ਲੋਕਾਂ ਕੋਲੋਂ ਚੁੰਗੀ ਟੈਕਸ ਉਗਰਾਹੁੰਦੇ ਸਨ। ਜਿਹੜਾ ਅਖਾੜਾ ਪਹਿਲਾਂ ਇਸ਼ਨਾਨ ਕਰਦਾ ਸੀ, ਉਸੇ ਨੂੰ ਕੁੰਭ ਮੇਲੇ ਦਾ ਮਾਲਕ ਅਤੇ ਅੱਵਲ ਨੰਬਰ ਮੰਨ ਲਿਆ ਜਾਂਦਾ ਸੀ।

ਇਨ੍ਹਾਂ ਦਰਮਿਆਨ ਅਨੇਕਾਂ ਵਾਰ ਖ਼ੂਨੀ ਲੜਾਈਆਂ ਹੋਈਆਂ ਹਨ। 1789 ਈ. ਵਿੱਚ ਨਾਸਿਕ ਕੁੰਭ ਵੇਲੇ ਸ਼ੈਵ ਗੁਸਾਈਂ ਸਾਧੂਆਂ 'ਤੇ ਵੈਸ਼ਣਵ ਬੈਰਾਗੀਆਂ ਵਿਚਕਾਰ ਹੋਏ ਝਗੜੇ ਦੌਰਾਨ ਕਰੀਬ 12000 ਬੈਰਾਗੀ ਮਾਰੇ ਗਏ ਸਨ। 1760 ਵਿੱਚ ਵੀ ਕੁੰਭ ਮੇਲੇ ਦੌਰਾਨ ਗੁਸਾਈਆਂ ਨੇ ਸੈਂਕੜੇ ਨਾਗੇ ਸਾਧੂ ਮਾਰ ਦਿੱਤੇ ਸਨ। ਇਨ੍ਹਾਂ ਘਟਨਾਵਾਂ ਤੋਂ ਜੋਸ਼ ਵਿੱਚ ਆਏ ਗੁਸਾਈਆਂ ਨੇ 1796 ਈ. ਨੂੰ ਹਰਿਦੁਆਰ ਕੁੰਭ ਮੇਲੇ ਸਮੇਂ ਪੰਜਾਬ ਤੋਂ ਆਏ ਉਦਾਸੀ ਸਾਧੂਆਂ ਦੇ ਡੇਰੇ 'ਤੇ ਹਮਲਾ ਬੋਲ ਦਿੱਤਾ। ਡੇਰੇ ਵਿੱਚ ਖਾਲਸਾ ਫੌਜ ਵੀ ਪੜਾਉ ਕਰੀ ਬੈਠੀ ਸੀ। ਦੋਵਾਂ ਧਿਰਾਂ ਵਿੱਚ ਹੋਈ ਖ਼ੂਨੀ ਜੰਗ ਵਿੱਚ 20 ਖਾਲਸਾ ਸੈਨਿਕ ਤੇ 600 ਗੁਸਾਈਂ ਮਾਰੇ ਗਏ। ਇਸ ਤੋਂ ਬਾਅਦ ਈਸਟ ਇੰਡੀਆ ਕੰਪਨੀ ਨੇ ਜਿੱਥੇ ਕੁੰਭ ਮੇਲੇ ਨੂੰ ਨਿਯੰਤਰਿਤ ਕਰਨ ਲਈ ਕਈ ਘਾਟਾਂ, ਪੁਲਾਂ, ਸੜਕਾਂ, ਪਲਿਸ ਚੌਂਕੀਆਂ ਅਤੇ ਹਸਪਤਾਲਾਂ ਦਾ ਨਿਰਮਾਣ ਕਰਾਇਆ, ਉਥੇ ਅਖਾੜਿਆਂ ਦੇ ਲੜਾਈ ਝਗੜਿਆਂ ਨੂੰ ਵੀ ਸਖਤੀ ਨਾਲ ਖਤਮ ਕੀਤਾ। ਇਹ ਝਗੜੇ ਛੋਟੇ ਪੱਧਰ 'ਤੇ ਹੁਣ ਵੀ ਆਮ ਹੀ ਹਨ। ਝਗੜੇ ਰੋਕਣ ਲਈ ਹੁਣ ਕਈ ਸਾਲਾਂ ਤੋਂ ਸਰਕਾਰ ਨੇ ਸ਼ਾਹੀ ਇਸ਼ਨਾਨ ਕਰਨ ਲਈ ਅਖਾੜਿਆਂ ਦੀ ਤਰਤੀਬ ਅਤੇ ਸਮਾਂ ਨਿਸ਼ਚਿਤ ਕਰ ਦਿੱਤਾ ਹੈ।

ਇਸ ਮੇਲੇ ਦਾ ਕੁਝ ਮਾੜੇ ਲੋਕ ਬਹੁਤ ਗਲਤ ਫਇਦਾ ਉਠਾਉਂਦੇ ਰਹੇ ਹਨ। ਅੱਜ ਤੋਂ 60-70 ਸਾਲ ਪਹਿਲਾਂ ਤੱਕ ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਇਹ ਆਮ ਰਿਵਾਜ਼ ਸੀ ਕਿ ਕਈ ਸਰਵਣ ਪੁੱਤਰ ਆਪਣੇ ਬਜ਼ੁਰਗ ਮਾਪਿਆਂ ਨੂੰ ਗਲੋਂ ਲਾਹੁਣ ਲਈ ਕੁੰਭ ਦਾ ਮੇਲਾ ਵਿਖਾਉਣ ਦੇ ਬਹਾਨੇ ਹਰਿਦੁਆਰ ਲੈ ਜਾਂਦੇ ਸਨ। ਉਥੇ ਉਨ੍ਹਾਂ ਨੂੰ ਕਿਸੇ ਥਾਂ 'ਤੇ ਬਿਠਾ ਕੇ ਆਪ ਗਾਇਬ ਹੋ ਜਾਂਦੇ ਤੇ ਪਿੰਡ ਆ ਕੇ ਕਹਿ ਦਿੰਦੇ ਕਿ ਮਾਂ-ਬਾਪੂ ਤਾਂ ਗੁੰਮ ਹੋ ਗਏ। ਵਰਤਮਾਨ ਸਮੇਂ ਵੀ ਮੇਲਾ ਖਤਮ ਹੋਣ ਤੋਂ ਬਾਅਦ ਔਲਾਦ ਦੇ ਤਿਆਗੇ ਹੋਏ ਸੈਂਕੜੇ ਮੰਦ ਬੁੱਧੀ ਬਜ਼ੁਰਗ ਲਾਵਾਰਿਸ ਹਾਲਤ ਵਿੱਚ ਮਿਲ ਜਾਂਦੇ ਹਨ।

ਪ੍ਰਯਾਗਰਾਜ ਕੁੰਭ ਮੇਲਾ 2019 ਨੂੰ ਸੁਚਾਰੂ ਢੰਗ ਨਾਲ ਸਿਰੇ ਚੜ੍ਹਾਉਣ ਵਾਸਤੇ ਉੱਤਰਾਖੰਡ ਸਰਕਾਰ ਵੱਡੀ ਪੱਧਰ 'ਤੇ ਇੰਤਜ਼ਾਮ ਕਰ ਰਹੀ ਹੈ। ਇਸ ਲਈ 50 ਅਰਬ ਰੁਪਏ ਦਾ ਬਜ਼ਟ ਰੱਖਿਆ ਗਿਆ ਹੈ। ਕਰੋਨਾ ਦੀ ਬਿਮਾਰੀ ਕਾਰਨ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਪਹੁੰਚ ਰਹੇ ਸ਼ਰਧਾਲੂਆਂ ਲਈ 2500 ਹੈਕਟੇਅਰ ਇਲਾਕੇ ਵਿੱਚ ਆਰਜ਼ੀ ਸ਼ਹਿਰ ਵਸਾਇਆ ਜਾ ਰਿਹਾ ਹੈ, ਤਿੰਨ ਲੱਖ ਆਰਜ਼ੀ ਟਾਇਲਟ ਬਣਾਏ ਜਾ ਰਹੇ ਹਨ ਅਤੇ 1000 ਸਪੈਸ਼ਲ ਟਰੇਨਾਂ ਚਲਾਈਆਂ ਜਾ ਰਹੀਆਂ ਹਨ। ਹਜ਼ਾਰਾ ਦੀ ਗਿਣਤੀ ਵਿੱਚ ਪੁਲਿਸ ਅਤੇ ਸਿਵਲ ਪ੍ਰਸ਼ਾਸ਼ਨ ਦੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਜਨਤਾ ਦੀ ਸੁਰੱਖਿਆ ਲਈ ਹਜ਼ਾਰਾਂ ਸੀ.ਸੀ.ਟੀ.ਵੀ. ਕੈਮਰੇ, ਸੈਂਕੜੇ ਡਿਸਪੈਂਸਰੀਆਂ, ਸਾਫ ਪਾਣੀ ਅਤੇ ਸਫਾਈ ਪ੍ਰਬੰਧ ਕੀਤੇ ਗਏ ਹਨ। ਮੁੱਖ ਮੰਤਰੀ ਖੁਦ ਇਨ੍ਹਾਂ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਹਨ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**



# ਖਤਰਨਾਕ ਦਿਸ਼ਾ ਵਲ ਵਧ ਰਿਹੈ ਬੱਚਿਆਂ ਦਾ ਭਵਿੱਖ....



– ਅੱਜ ਦੇ ਸਮੇਂ ਇੱਕ ਗੱਲ ਦਾ ਧਿਆਨ ਖ਼ਾਸ ਤੌਰ ਤੇ ਰੱਖਣ ਦੀ ਲੋੜ ਹੈ ਕਿ ਬੱਚਿਆਂ ਦਾ ਭਵਿੱਖ ਕਿੱਧਰ ਨੂੰ ਜਾ ਰਿਹਾ ਹੈ ।ਆਓ ਕੁਝ ਗੱਲਾਂ ਬੱਚਿਆਂ ਦੇ ਭਵਿੱਖ ਬਾਰੇ ਕਰੀਏ ਦੇਸ਼ ਹੋਵੇ ਭਾਵੇਂ ਪ੍ਰਦੇਸ਼ ਖ਼ਾਸ ਕਰਕੇ ਬੱਚਿਆਂ ਦੇ ਮਾਂ ਅਤੇ ਪਿਓ ਦੋਨੋਂ ਕੰਮਾਂ ਤੇ ਤੁਰ ਜਾਂਦੇ ਹਨ ਬਾਅਦ ਮੁੰਡੇ ਕੁੜੀਆਂ ਆਪਸ ਵਿੱਚ ਗੱਲਾਂ ਕਰਨ ਦੇ ਨਾਲ ਸੋਸ਼ਲ ਮੀਡੀਏ ਰਾਹੀਂ ਜੋ ਗੁਲ ਖਿਲਾਉਂਦੇ ਹਨ ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਹੈ ।ਕਿੰਨੀ ਵਾਰ ਅਸੀਂ ਸੁਣਿਆ ਹੈ ਕਿ ਸੋਸ਼ਲ ਮੀਡੀਏ ਰਾਹੀਂ ਦੋਸਤੀਆਂ ਬਣਾ ਕੇ ਆਪਣਾ ਪਿਆਰ ਵਧਾ ਲੈਂਦੇ ਹਾਂ ਤੇ ਮਾਂ ਪਿਓ ਲਈ ਵੱਡੀ ਮੁਸੀਬਤ ਖੜ੍ਹੀ ਕਰ ਦਿੰਦੇ ਹਨ ਇਹ ਬਹੁਤ ਅਫਸੋਸ ਵਾਲੀ ਗੱਲ ਹੈ । ਖਾਸ ਕਰ ਅਮਰੀਕਾ ਵਰਗੇ ਜਾਂ ਹੋਰਨਾਂ ਦੇਸ਼ਾਂ ਅੰਦਰ ਅੱਜਕੱਲ੍ਹ ਇਹ ਸੱਭਿਆਚਾਰ ਵੱਡੇ ਤੌਰ ਤੇ ਭਾਰੂ ਹੋ ਚੁੱਕਿਆ ਹੈ ਕਿ ਬੱਚਿਆਂ ਦੇ ਮਾਂ ਪਿਓ ਕੰਮ ਤੇ ਜਾਂਦੇ ਹਨ ਅਤੇ ਬੱਚੇ ਘਰ ਵਿੱਚ ਇਕੱਲੇ ਜਾਂ ਉਨ੍ਹਾਂ ਨੂੰ ਕੋਈ ਸਾਂਭਣ ਵਾਲਾ ਰੱਖਣਾ ਪੈਂਦਾ ਹੈ ਇਹ ਗੱਲ ਇਕ ਦੀ ਨਹੀਂ ਬਹੁਤ ਸਾਰਿਆਂ ਤੇ ਲਾਗੂ ਹੁੰਦੀ ਹੈ ਪਰ ਸੋਚੋ ਕੀ ਅਸੀਂ ਕੀ ਕਰ ਰਹੇ ਹਾਂ ।ਕਈ ਵੱਡੇ-ਵੱਡੇ ਨਾਮੀ ਲੇਖਕਾਂ ਦੇ ਲੇਖ ਪੜ੍ਹ ਕੇ ਪਤਾ ਚੱਲਦਾ ਹੈ ਕਿ ਸਾਡੇ ਬੱਚੇ ਅਤੇ ਅਸੀਂ ਕਿੱਧਰ ਨੂੰ ਜਾ ਰਹੇ ਹਨ ਅਫਸੋਸ ਹੁੰਦਾ ਹੈ ਬੱਚਿਆਂ ਦਾ ਅੱਜ ਭਵਿੱਖ ਕਿੱਧਰ ਨੂੰ ਜਾ ਰਿਹਾ ਹੈ ਅਸੀਂ ਆਪਣੀ ਆਪਣੀ ਸੋਚ ਨਾਲ ਗੱਲ ਕਰੀਦੀ ਹੈ ।ਇੱਕ ਕਾਰਨ ਹੋਰ ਵੀ ਵੱਡਾ ਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਜੋ ਮਾਂ ਪਿਓ ਬੱਚਿਆਂ ਵਿੱਚ ਪੂਰਾ ਧਿਆਨ ਹੋਣ ਦੇ ਬਾਵਜੂਦ ਕਈ ਅਣਗਹਿਲੀਆਂ ਕਰ ਜਾਂਦੇ ਹਨ ਉਨ੍ਹਾਂ ਪ੍ਰਤੀ ਸਾਰੀ ਉਮਰ ਰੋਣਾ ਪੈਂਦਾ ਹੈ ।ਬੱਚਾ ਇਕ ਅਜਿਹਾ ਕੋਰਾ ਕਾਗਜ ਹੈ ਜੋਸ਼ ਤੇ ਦਿਲ ਤੇ ਉੱਕਰਿਆ ਜਾਵੇਗਾ ਉਹ ਪੱਕਾ ਹੋ ਜਾਵੇਗਾ ।ਇਕ ਗੱਲ ਹੋਰ ਵੀ ਵੇਖਣ ਵਿਚ ਆਈ ਹੈ ਕਿ ਬਹੁਤ ਸਾਰੇ ਬੱਚੇ ਆਪਣੇ ਮਾਂ ਪਿਓ ਤੋਂ ਬਾਗੀ ਹੋ ਕੇ ਆਪਣੀ ਜੀਂਦਗੀ ਜਿਊਦੇ ਹਨ ਪਰ ਜੋ ਉਨ੍ਹਾਂ ਦੇ ਨਾਲ ਬਾਅਦ ਵਿੱਚ ਹੁੰਦਾ ਹੈ ਉਹ ਵੀ ਇਕ ਸੋਚਣ ਦਾ ਵਿਸ਼ਾ ਹੈ । ਇਹੋ ਜਿਹੀਆਂ ਖ਼ਬਰਾਂ ਅਸੀਂ ਅਕਸਰ ਮੀਡੀਆ ਰਾਹੀਂ ਪੜ੍ਹਨ ਤੇ ਸੁਣਦੇ ਹਾਂ ਕਿ ਮਾਪਿਆਂ ਨਾਲ ਵਿਗਾੜ ਕੇ ਔਲਾਦ ਨੇ ਬਾਅਦ ਵਿੱਚ ਕੀ ਖੱਟਿਆ ।



**ਲੇਖਕ ਸਿੰਦਰ ਸਿੰਘ ਮੀਰਪੁਰੀ**
**ਫਰਿਜਨੋ ਯੂ.ਐਸ.ਏ.**
**5592850841**

ਲੰਘੇ ਸਮੇਂ ਕੋਰੋਨਾ ਮਹਾਮਾਰੀ ਨੇ ਐਸਾ ਮਾਹੌਲ ਸਿਰਜ ਦਿੱਤਾ ਕਿ ਬਹੁਤ ਸਾਰੇ ਲੋਕ ਵਿਹਲੇ ਘਰਾਂ ਅੰਦਰ ਜੀਂਦਗੀ ਨਾਲ ਦੋ ਚਾਰ ਹੁੰਦੇ ਵੇਖੇ ਗਏ ਤੇ ਬਹੁਤ ਸਾਰੇ ਪਰਿਵਾਰਾਂ ਅੰਦਰ ਪੈਸੇ ਨਾ ਹੋਣ ਦੀ ਵਜ੍ਹਾ ਕਾਰਨ ਲੜਾਈਆਂ ਝਗੜੇ ਵੀ ਹੋਏ ਅਤੇ ਬੱਚਿਆਂ ਨੂੰ ਸਹੀ ਸੇਧ ਨਾ ਮਿਲ ਸਕੀ ਇਸ ਤੋਂ ਬਾਅਦ ਕੋਰੋਨਾ ਨੇ ਸੋਸਲ ਮੀਡੀਏ ਰਾਹੀਂ ਵੀ ਆਪਣਾ ਰੂਪ ਵਿਖਾਇਆ ਬਹੁਤ ਸਾਰੇ ਬੱਚੇ ਦਿਸ਼ਾਹੀਣ ਹੋ ਕੇ ਗ਼ਲਤ ਆਦਤਾਂ ਦਾ ਸ਼ਿਕਾਰ ਹੋ ਇਸ ਨੂੰ ਵੀਹ ਕੋਰੋਨਾ ਦਾ ਬਦਲਿਆ ਰੂਪ ਹੀ ਮੰਨਿਆ ਜਾਵੇਗਾ ਜੋ ਆਪਣੇ ਆਪ ਵਿੱਚ ਇੱਕ ਵੱਖਰੀ ਮਿਸਾਲ ਕਾਇਮ ਕਰ ਗਿਆ ।ਪਿੰਡਾਂ ਅੰਦਰ ਬਹੁਤ ਸਾਰੇ ਪਰਿਵਾਰ ਵੇਖੇ ਗਏ ਜੋ ਕੰਮ ਨਾ ਮਿਲਣ ਦੀ ਵਜ੍ਹਾ ਕਾਰਨ ਬੇਰੁਜਗਾਰ ਹੋ ਗਏ ਉਨ੍ਹਾਂ ਦੇ ਬੱਚੇ ਵੀ ਕੀ ਕਰਨ ਇਹ ਵੀ ਇੱਕ ਵੱਡਾ ਸਵਾਲ ਪਿਛਲੇ ਦਿਨੀਂ ਪੈਦਾ ਹੋਇਆ ।ਇੱਥੇ ਅਸੀਂ ਇਹ ਵੀ ਆਖ ਸਕਦੇ ਹਾਂ ਕੋਰੋਨਾ ਨਾਂ ਦੀ ਭਿਆਨਕ ਬਿਮਾਰੀ ਨੇ ਬੱਚਿਆਂ ਦੇ ਮਨਾਂ ਅੰਦਰ ਡਰ ਤੋਂ ਇਲਾਵਾ ਇਕ ਅਜਿਹਾ ਗਲਤੀ ਮਾਹੌਲ ਪੈਦਾ ਕਰ ਦਿੱਤਾ ਜੋ ਲੰਬਾ ਸਮਾਂ ਬਣਿਆ ਰਹੇਗਾ ।

**ਇੱਕ ਕਾਰਨ ਹੋਰ ਵੀ ਆਖ ਸਕਦੇ**

ਕਿ ਬੱਚਿਆਂ ਅਤੇ ਮਾਪਿਆਂ ਦੀ ਆਪਸੀ ਅੰਡਰਸਟੈਂਡਿੰਗ ਨਾ ਹੋਣ ਦੀ ਵਜ੍ਹਾ ਕਾਰਨ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜੋ ਸਾਡੇ ਸਮਾਜ ਨੂੰ ਨਾਮਨਜ਼ੂਰ ਹੈ । ਇਸ ਦੇ ਚਲਦਿਆਂ ਬੱਚੇ ਅਕਸਰ ਦਿਸ਼ਾਹੀਣ ਹੋ ਕੇ ਗਲਤ ਕਦਮ ਚੁੱਕ ਲੈਂਦੇ ਹਨ ਅਤੇ ਉਨ੍ਹਾਂ ਦੀਆਂ ਕੀਤੀਆਂ ਗਲਤੀਆਂ ਦਾ ਬਾਅਦ ਵਿੱਚ ਸਿਰਫ ਤੇ ਸਿਰਫ ਪਛਤਾਵਾ ਹੀ ਪੱਲੇ ਪੈਂਦਾ ਹੈ ਜਿਸ ਦੀ ਨਮੋਸ਼ੀ ਮਾਂ ਪਿਉ ਨੂੰ ਝੱਲਣੀ ਪੈਂਦੀ ਹੈ । ਅੱਜ ਹਾਲਾਤ ਹੀ ਇਸ ਤਰ੍ਹਾਂ ਦੇ ਬਣ ਚੁੱਕੇ ਹਨ ਕਿ ਕਿਸੇ ਨੂੰ ਵੀ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ ਪੈਸੇ ਪੜ੍ਹਾਈ ਅਤੇ ਨਸ਼ੇ ਨੇ ਇਨਸਾਨੀ ਜੀਂਦਗੀਆਂ ਦੀ ਮੱਤ ਮਾਰ ਕੇ ਰੱਖ ਦਿੱਤੀ ਅੱਜ ਇਸ ਦਾ ਸ਼ਿਕਾਰ ਬੱਚੇ ਹੋ ਰਹੇ ਹਨ ਇਹ ਇਕ ਬੇਹੱਦ ਦਿਸ਼ਾਹੀਣ ਅਤੇ ਗ਼ਲਤ ਵਰਤਾਰਾ ਵਾਪਰ ਜਿਸ ਪ੍ਰਤੀ ਚਿੰਤਾ ਅਤੇ ਮੰਥਨ ਕਰਨ ਦੀ ਵੱਡੀ ਲੋੜ ਹੈ । ਜੇਕਰ ਅਸੀਂ ਸਮਾਂ ਰਹਿੰਦੇ ਆਪਣੇ ਨਿੱਜੀ ਰੁਝੇਵਿਆਂ ਜਾਂ ਪੈਸੇ ਦੀ ਦੌੜ ਨੂੰ ਛੱਡ ਕੇ ਆਪਣੇ ਪਰਿਵਾਰਾਂ ਅਤੇ ਬੱਚਿਆਂ ਪ੍ਰਤੀ ਧਿਆਨ ਨਾ ਦਿੱਤਾ ਤਾਂ ਕੱਲ੍ਹ ਨੂੰ ਸਮਾਂ ਵੀ ਸਾਨੂੰ ਮੁਆਫ਼ ਨਹੀਂ ਕਰੇਗਾ ਕਿ ਅਸੀਂ ਆਪਣੀਆਂ ਔਲਾਦਾਂ ਖਾਤਰ ਵੀ ਕੁਝ ਨਾ ਕਰ ਸਕੇ ।ਇਕ ਗੱਲ ਇਹ ਵੀ ਠੀਕ ਹੈ ਕਿ ਅੱਜ ਅਗਾਂਹਵਧੂ ਜਮਾਨਾ ਹੈ ਪਰ ਸਮੇਂ ਨਾਲੋਂ ਅਗਾਂਹ ਲੰਘ ਕੇ ਕੀਤੀ ਤਰੱਕੀ ਵੀ ਵਿਨਾਸ ਹੁੰਦੀ ਹੈ ।ਟੀ ਵੀ ਅਤੇ ਸੋਸਲ ਮੀਡੀਏ ਨੇ ਐਸੀ ਨ੍ਹੇਰੀ ਲਿਆਂਦੀ ਹੈ ਕਿ ਇਸ ਨੇ ਪਰਿਵਾਰ ਅਤੇ ਬੱਚਿਆਂ ਨੂੰ ਇੱਕ ਦੂਜੇ ਤੋਂ ਦੂਰ ਕਰ ਦਿੱਤਾ ਇਸ ਨੂੰ ਕੀ ਤਰੱਕੀ ਆਖਾਂਗੇ ।ਪਰਿਵਾਰਾਂ ਨੂੰ ਬੱਚੇ ਮਿਲ ਨਹੀਂ ਸਕਦੇ ਅਤੇ ਧਿਆਨ ਰਹੇ ਰੱਖ ਸਕਦੇ ਇਸ ਨੂੰ ਕੀ ਆਖੀਏ ਕੁਝ ਵੀ ਸਮਝ ਨਹੀਂ ਪੈਂਦਾ ।ਕਦੇ ਇੱਕ ਸਮਾਂ ਸੀ ਸਾਰਾ ਪਰਿਵਾਰ ਇਕੱਠੇ ਬੈਠ ਕੇ ਇੱਕੋ ਚੁੱਲ੍ਹੇ ਰੋਟੀ ਖਾਂਦਾ ਸੀ ਅਤੇ ਦਰੱਖਤਾਂ ਥੱਲੇ ਢਾਣੀ ਬਣਾ ਕੇ ਗੱਲਾਂ ਕਰਦਾ ਸੀ ਪਰ ਉਹ ਸਮੇਂ ਹੁਣ ਦੂਰ ਲੰਘ ਚੁੱਕੇ ਹਨ ।ਆਓ ਸਾਰੇ ਕੁਝ ਪਲ ਇਕੱਠੇ ਬੈਠ ਕੇ ਆਪੋ ਆਪਣੇ ਪਰਿਵਾਰਾਂ ਅਤੇ ਬੱਚਿਆਂ ਦੀ ਜੀਂਦਗੀ ਪ੍ਰਤੀ ਕੁਝ ਚੰਗੀ ਸੋਚ ਸੋਚੀਏ ਤਾਂ ਕਿ ਬੱਚਿਆਂ ਦਾ ਆਉਣ ਵਾਲਾ ਖਤਰਨਾਕ ਨਾ ਹੋਵੇ ।ਇਸੇ ਵਿਚ ਸਾਡੀ ਤੇ ਸਮਾਜ ਦੀ ਭਲਾਈ ਹੈ ।

# ਪੈਨਸਨਰਾਂ ਦੇ ਮੈਡੀਕਲ ਬਿੱਲ ਪਹਿਲ ਦੇ ਆਧਾਰ ਤੇ ਪਾਸ ਕੀਤੇ ਜਾਣ

ਸਰਕਾਰੀ ਮੁਲਾਜ਼ਮਾਂ ਨੂੰ ਸਰਵਿਸ ਨਿਯਮਾਂ ਅਨੁਸਾਰ ਬਹੁਤ ਸਾਰੀਆਂ ਦਿੱਤੀਆਂ ਸਹੂਲਤਾਂ 'ਚ ਉਨ੍ਹਾਂ ਅਤੇ ਪਰਿਵਾਰ ਦੇ ਨਿਰਭਰ ਮੈਂਬਰਾਂ ਦੇ ਇਲਾਜ ਲਈ ਆਏ ਖਰਚ ਦੀ ਨਿਯਮਾਂ ਮੁਤਾਬਕ ਪ੍ਰਤੀ ਪੂਰਤੀ ਵੀ ਕੀਤੀ ਜਾਂਦੀ ਹੈ ।ਇਨ੍ਹਾਂ ਮੁਲਜਮਾਂ ਨੂੰ ਕਿਸੇ ਵੀ ਹਸਪਤਾਲ ਤੋਂ ਇਲਾਜ ਕਰਾਉਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਲਈ ਵਿਵਸਥਾ ਕੀਤੀ ਹੋਈ ਹੈ ।ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਏ ਇਲਾਜ ਦੇ ਖਰਚੇ ਜ਼ਿਆਦਾ ਹੁੰਦੇ ਹਨ ,ਜੋ ਪੂਰੇ ਨਹੀਂ ਮਿਲਦੇ,ਇਹ ਗੱਲ ਵੀ ਮਰੀਜ਼ਾਂ ਲਈ ਸਿਰਦਰਦੀ ਬਣਦੀ ਹੈ ।ਦੂਸਰਾ ਮੈਡੀਕਲ ਬਿਲਾਂ ਦੇ ਪਾਸ ਹੋਣ ਲਈ ਕੋਈ ਸਮਾਂ-ਬੱਧ ਵਿਵਸਥਾ ਨਾ ਹੋਣ ਕਾਰਨ ਬਹੁਤੇ ਮਰੀਜ਼ਾਂ ਦੇ ਬਿੱਲ ਦਫਤਰਾਂ 'ਚ ਰੁਲਦੇ ਫਿਰਦੇ ਰਹਿੰਦੇ ਹਨ ।ਲੰਮੇ ਸਮੇਂ ਬਾਅਦ ਇਤਰਾਜ਼ ਲਾਕੇ ਵਾਪਸ ਕਰ ਦਿੱਤੇ ਜਾਂਦੇ ਹਨ ਇਸ ਤਰ੍ਹਾਂ ਕਈ ਕਈ ਸਾਲਾਂ ਤੋਂ ਵੱਧ ਦਾ ਸਮਾਂ ਬਿੱਲ ਪਾਸ ਹੋਣ ਨੂੰ ਲੱਗ ਜਾਂਦਾ ਹੈ ।ਸਿਹਤ ਵਿਭਾਗ ਨੇ ਇਹ ਬਿੱਲ ਪਾਸ ਕਰਨੇ ਹੁੰਦੇ ਹਨ ।ਇਨ੍ਹਾਂ ਬਿਲਾਂ ਨੂੰ ਅਪਲਾਈ ਕਰਨ ਲਈ ਵੱਖ ਵੱਖ ਜਿਲ੍ਹਿਆਂ 'ਚ ਵੱਖ ਵੱਖ ਫਾਰਮ ਦੁਕਾਨਾਂ ਵਾਲਿਆਂ ਨੇ ਛਾਪੇ ਹੋਏ ਹਨ ਜਿਨ੍ਹਾਂ 'ਚ ਕਈ ਬੇਲੋੜੀਂਦੇ ਫਾਰਮ ਵੀ ਛਾਪ ਰੱਖੇ ਹਨ ।ਕਈ ਜਿਲ੍ਹਿਆਂ 'ਚ ਅਸੈਂਟੀਲਿਟੀ ਸਰਟੀਫੀਕੇਟ ਮੰਗਿਆ ਜਾਂਦਾ ਹੈ ਕਈਆਂ 'ਚ ਨਹੀਂ ।ਵਿਭਾਗ ਵਲੋਂ ਸਮੇਂ ਸਮੇਂ ਆਪਣੀ ਵੈਬਸਾਈਟ ਤੇ ਇਹ ਪੂਰੇ ਲੋੜੀਂਦੇ ਦਸਤਾਵੇਜ਼ ਡਾਊਨਲੋਡ ਕਰਨੇ ਚਾਹੀਦੇ ਹਨ ਤਾਂ ਕਿ ਮਰੀਜ਼ਾਂ ਨੂੰ ਸੁਰੂਆਤ ਦੀ ਖੱਜਲਖੁਆਰੀ ਤੋਂ ਛੁਟਕਾਰਾ ਮਿਲ ਸਕੇ ।ਵੱਖ-ਵੱਖ ਮਹਿਕਮਿਆਂ ਵਲੋਂ ਵੀ ਇਨ੍ਹਾਂ ਫਾਰਮਾਂ 'ਚ ਇਕਸਾਰਤਾ ਨਾਲ ਅਪਲਾਈ ਕਰਾਉਣਾ ਚਾਹੀਦਾ ਹੈ ਤਾਂ ਕਿ ਮਰੀਜ਼ ਆਸਾਨੀ ਨਾਲ ਇਹ ਫਾਰਮ ਆਪ ਹੀ ਭਰ ਸਕੇ ਨਹੀਂ ਤਾਂ ਬਾਹਰੋਂ ਬਿਲ ਬਣਾਉਣ ਲਈ ਕਈ ਵਾਰੀ ਹਜਾਰਾਂ ਰੁਪਏ ਵੀ ਦੇਣੇ ਪੈਂਦੇ ਹਨ ।ਹੁਣ ਗੱਲ਼ ਆਉਂਦੀ ਹੈ ਬਿਲਾਂ ਦੇ ਪਾਸ ਹੋਣ ਦੇ ਸਮੇਂ ਦੀ,ਰੈਗੂਲਰ ਮੁਲਾਜ਼ਮ ਤਾਂ ਜਿਨ੍ਹਾਂ ਦੇ ਵੱਡੇ ਖਰਚੇ ਹੁੰਦੇ ਹਨ ਤਨਖਾਹਾਂ ਕਰਕੇ ਲੰਬਾ ਸਮਾਂ ਇੰਤਜਾਰ ਕਰ ਲੈਂਦੇ ਹਨ ਪਰ ਪੈਨਸ਼ਨਰ ਜਿਨ੍ਹਾਂ ਦੇ ਇਲਾਜ ਉੱਪਰ ਲੱਖਾਂ ਰੁਪਏ ਖਰਚੇ ਜਾਂਦੇ ਹਨ ਉਨ੍ਹਾਂ ਲਈ ਔਖਾ ਜਰੂਰ ਹੈ ।ਇਧਰੋਂ ਓਧਰੋਂ ਪੈਸੇ ਫੜ੍ਹ ਕੇ ਇਲਾਜ ਕਰਾਇਆ ਹੁੰਦਾ ਹੈ ਜਿਸ ਕਰਕੇ ਵਾਅਦੇ ਮੁਤਾਬਕ ਪੈਸੇ ਮੋੜਨੇ ਸੌਖੇ ਨਹੀਂ,ਜਿਸ ਕਰਕੇ ਨਮੋਸੀ ਦਾ ਸਾਹਮਣਾ ਕਰਨਾ ਪੈਂਦਾ ਹੈ ।ਜਦੋਂ ਸਰਕਾਰ ਨੇ ਬਿੱਲ ਪਾਸ ਕਰਨੇ ਹੀ ਹੁੰਦੇ ਹਨ ਤਾਂ ਇਨ੍ਹਾਂ ਦਾ ਨਿਪਟਾਰਾ ਜਲਦੀ ਕਿਉਂ ਨਹੀਂ ਕੀਤਾ ਜਾਂਦਾ,ਹੁਣ ਤਾਂ ਸਾਰੇ ਮਹਿਕਮੇ ਕੰਪਿਊਟਰਾਈਜ਼ਡ ਹੋ ਗਏ ਹਨ ।ਸਿਹਤ ਵਿਭਾਗ ਵਲੋਂ ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਇਹ ਬਿਲ ਉਨ੍ਹਾਂ ਦੀਆਂ ਰਕਮਾਂ ਮੁਤਾਬਕ ਪਾਸ ਕਰਨ ਲਈ ਮੈਡੀਕਲ ਬੋਰਡ ਦੇ ਮੈਂਬਰਾਂ ਦਾ ਗਠਨ ਕੀਤਾ ਹੋਇਆ ਹੈ ਕਈ ਮੁਲਾਜ਼ਮ ਇਨ੍ਹਾਂ ਮੈਂਬਰਾਂ ਨਾਲ ਗੰਢਤੁਪ ਕਰਕੇ ਦੋ ਤਿੰਨ ਮਹੀਨਿਆਂ 'ਚ ਆਪਣੇ ਬਿਲ ਪਾਸ ਕਰਵਾ ਲੈਂਦੇ ਹਨ ।ਇਸ ਲਈ ਜਾਪਦਾ ਹੈ ਕਿ ਮਹਿਕਮੇ ਦਾ ਸਿਸਟਮ ਲੜੀਵਾਰ ਆਏ ਕੇਸਾਂ ਨੂੰ ਲੜੀ 'ਚ ਨਹੀਂ ਰੱਖਦਾ ।ਇਸ ਸਬੰਧ 'ਚ ਉੱਚ ਅਧਿਕਾਰੀਆਂ ਨੂੰ ਇਸ ਸਿਸਟਮ ਨੂੰ ਸਮਾਂ-ਬੱਧ ਕਰਨਾ ਚਾਹੀਦਾ ਹੈ ।ਸਿੱਖਿਆ ਵਿਭਾਗ ਨੇ ਆਂਪਣੇ ਮੁਲਾਜ਼ਮਾਂ ਲਈ ਆਨ ਲਾਈਨ ਸਿਹਤ ਵਿਭਾਗ ਵਲੋਂ ਪਾਸ ਹੋਏ ਬਿਲ ਭੇਜਣ ਲਈ ਹੇਠਲੇ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤਾ ਹੈ ਪਰ ਇਹ ਕੰਮ ਵੀ ਢਿੱਲਾ ਹੈ ਇਸ ਨੂੰ ਘੱਟੋ ਘੱਟ ਸਮੇਂ 'ਚ ਕਰਨ ਦੀ ਲੋੜ ਹੈ ।ਵੈਸੇ ਤਾਂ ਇਹ ਕੰਮ ਜਿਲ੍ਹਾ ਪੱਧਰ ਤੇ ਹੀ ਬਜਟ ਜਾਰੀ ਕਰਨ ਦਾ ਵਿਵਸਥਾ ਹੋਣੀ ਚਾਹੀਦੀ ਹੈ ।ਸਕੂਲ਼ ਵਲੋਂ ਵੀ ਡੀ.ਡੀ.ਓ. ਵਲੋਂ ਸਿਰਫ ਪਾਸ ਹੋਏ ਬਿਲ ਦੀ ਲੈਟਰ ਪੈਡ ਤੇ ਹੀ ਤਸਦੀਕ ਨੂੰ ਮੁੱਖ ਦਫਤਰ ਵਲੋਂ ਮੰਨ ਲੈਣਾ ਚਾਹੀਦਾ ਹੈ ।ਜੋ ਦਸਤਾਵੇਜ਼ ਅਪਲੋਡ ਕਰਨ ਲਈ ਮੰਗੇ ਜਾਂਦੇ ਹਨ,ਉਹ ਜਿਆਦਾ ਹੋਣ ਕਾਰਨ ਉਹ ਸਾਰੇ ਸਕੂਲਾਂ 'ਚ ਅਪਲੋਡ ਕਰਨੇ ਸੌਖੇ ਨਹੀਂ ਕਿਉਂ ਕਿ ਇਹ ਸੀਮਤ ਐਮ.ਬੀ. 'ਚ ਫਾਈਲ ਬਣਾ ਕੇ ਭੇਜਣੀ ਹੁੰਦੀ ਹੈ ।ਬਹੁਤ ਸਾਰੇ ਪੈਨਸ਼ਨਰ ਮਰੀਜ਼ ਤਾਂ ਬਿਲਾਂ ਦੇ ਪੈਸੇ ਉਡੀਕਦੇ ਇਸ ਜਹਾਨ ਤੋਂ ਵੀ ਚਲੇ ਜਾਂਦੇ ਹਨ ।ਵੱਡੇਰੀਆਂ ਉਮਰਾਂ ਕਰਕੇ ਬਿਮਾਰੀਆਂ ਉਂਝ ਵੀ ਜਿਆਦਾ ਪਕੜ ਕਰ ਜਾਂਦੀਆਂ ਹਨ ਜਿਸ ਕਰਕੇ ਪੈਨਸ਼ਨਰ ਖਰਚਿਆਂ ਦੀ ਚਿੰਤਾ ਕਰਕੇ ਕਈ ਵਾਰੀ ਐਵੇਂ ਹੀ ਦਿਲ ਨੂੰ ਲਾ ਕੇ ਨਵੀਂਆਂ ਬਿਮਾਰੀਆਂ ਤੋਂ ਗ੍ਰਸ਼ਤ ਹੋ ਕੇ ਹੋਰ ਵੀ ਪਹਿਲਾਂ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ ।ਇਸ ਲਈ ਘੱਟੋ ਘੱਟ ਪੈਨਸ਼ਨਰਾਂ ਦੇ ਇਲਾਜ ਦੇ ਖਰਚੇ ਨੂੰ ਨਾਲ ਦੀ ਨਾਲ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਮਾਣ ਸਕਣ ।ਬਹੁਤ ਸਾਰੇ ਪ੍ਰਾਈਵੇਟ ਅਦਾਰੇ ਆਪਣੇ ਮੁਲਾਜ਼ਮਾਂ ਦਾ ਸਾਰਾ ਇਲਾਜ਼ ਫਰੀ ਕਰਾਉਂਦੇ ਹਨ, ਡੀਫੈਂਸ ਕਰਮਚਾਰੀਆਂ ਲਈ ਨਿਸਚਤ ਕੀਤੇ ਪ੍ਰਾਈਵੇਟ ਹਸਪਤਾਲਾਂ 'ਚ ਉਨ੍ਹਾਂ ਦਾ ਪੂਰਾ ਫਰੀ ਇਲਾਜ਼ ਕੀਤਾ ਜਾਂਦਾ ਹੈ ।ਇਸ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ।

**ਮੇਜਰ ਸਿੰਘ ਨਾਭਾ**

## 17 ਅਪ੍ਰੈਲ ਤੇ ਵਿਸ਼ੇਸ਼

# ਵਿਸ਼ਵ ਹੀਮੋਫੀਲੀਆ ਦਿਵਸ

ਦੁਨੀਆਂ ਪਿਛਲੇ ਵਰ੍ਹੇ ਤੋਂ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ ਅਤੇ ਹੁਣ ਤੱਕ ਤਕਰੀਬਨ 29 ਲੱਖ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਸਿਹਤ ਸੰਭਾਲ ਸਭ ਤੋਂ ਵੱਧ ਜ਼ਰੂਰੀ ਹੈ, ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਇਸ ਸੰਬੰਧੀ ਸਿਹਤ ਸੰਬੰਧੀ ਜਾਗਰੂਕਤਾ ਦਾ ਖ਼ਾਸ ਮਹੱਤਵ ਹੈ।

ਡਾ. ਫਰੈਂਕ ਸਚਨਾਬੇਲ ਨੇ 1963 ਵਿੱਚ'ਦਾ ਵਰਲਡ ਫੈਡਰੇਸ਼ਨ ਆਫ ਹੈਮੋਫੀਲੀਆ'ਦਾ ਗਠਨ ਕੀਤਾ। ਇਸ ਦਾ ਦਫਤਰ ਮਾਂਟਰੀਅਲ, ਕੈਨੇਡਾ ਵਿਚ ਬਣਾਇਆ ਗਿਆ। ਹੀਮੋਫੀਲੀਆ ਦਿਵਸ ਹਰ ਸਾਲ ਡਾ ਫਰੈਂਕ ਸਚਨਾਬੇਲ ਦੇ ਜਨਮ ਦਿਨ ਨੂੰ ਸਮਰਪਿਤ 17 ਅਪਰੈਲ ਨੂੰ 1989 ਤੋਂ ਮਨਾਇਆ ਜਾਂਦਾ ਹੈ। ਉਨ੍ਹਾਂ ਦਾ ਦੇਹਾਂਤ 1987 ਵਿੱਚ ਖ਼ੂਨ ਵਹਿਣ ਕਾਰਣ ਹੋ ਗਿਆ। ਹੀਮੋਫੀਲੀਆ ਦਰਅਸਲ ਦੋ ਯੂਨਾਨੀ ਸ਼ਬਦਾਂ ਤੋਂ ਬਣਿਆ ਹੈ 'ਹਾਏਮਾ' ਯਾਨੀ ਲਹੂ ਤੇ 'ਫੀਲੀਆ' ਯਾਨੀ ਮਾੜਾ ਅਸਰ।

ਹੀਮੋਫੀਲੀਆਂ ਇੱਕ ਡਿਸਆਰਡਰ ਹੈ ਜੋ ਮੁੱਖ ਰੂਪ ਵਿੱਚ ਸਰੀਰ ਦੇ ਲਹੂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇੱਕ ਅਜਿਹੀ ਮੈਡੀਕਲ ਸਥਿਤੀ ਹੈ ਜਿਸਦੇ ਕਾਰਨ ਦੁਰਘਟਨਾ ਹੋਣ ਤੋਂ ਬਾਅਦ ਕਈ ਵਿਅਕਤੀਆਂ ਦੇ ਲਈ ਇਹ ਜਾਨਲੇਵਾ ਵੀ ਹੋ ਸਾਬਿਤ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਦੇ ਅੰਦਰੂਨੀ ਜਾਂ ਬਾਹਰੀ ਸੱਟ ਲੱਗਦੀ ਹੈ ਅਤੇ ਲਹੂ ਦਾ ਵਹਿਣਾ ਸ਼ੁਰੂ ਹੁੰਦਾ ਹੈ ਤਾਂ ਉਹ ਰੁਕਦਾ ਨਹੀਂ ਅਤੇ ਲਗਾਤਾਰ ਵਹਿੰਦਾ ਰਹਿੰਦਾ ਹੈ, ਤਾਂ ਇਹੀ ਸਥਿਤੀ ਹੋਮੀਫੀਲੀਆ ਅਖਵਾਉਂਦੀ ਹੈ। ਹੀਮੋਫੀਲੀਆ ਅਨੁਵੰਸ਼ਿਕ ਬੀਮਾਰੀ ਹੈ ਜਿਸ ਕਰਕੇ ਮਾਪਿਆਂ ਤੋਂ ਬੱਚਿਆਂ ਨੂੰ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਬੀਮਾਰੀ ਦਾ ਜੀਨ ਐਕਸ ਸ਼ਕਰਾਣੂ ਵਿਚ ਹੁੰਦਾ ਹੈ। ਆਮਤੌਰ ਤੇ ਇਹ ਰੋਗ ਪੁਰਸ਼ਾਂ ਵਿੱਚ ਜ਼ਿਆਦਾ ਹੁੰਦੀ ਹੈ ਪਰੰਤੂ ਔਰਤਾਂ ਵੀ ਇਸ ਦੀ ਵਾਹਕ ਹੁੰਦੀਆਂ ਹਨ।

ਮਾਹਿਰਾਂ ਅਨੁਸਾਰ ਇਸ ਰੋਗ ਦਾ ਕਾਰਨ ਇੱਕ ਰਕਤ ਪ੍ਰੋਟੀਨ ਦੀ ਘਾਟ ਹੁੰਦੀ ਹੈ ਜਿਸਨੂੰ ਕਲਾਟਿੰਗ ਫੈਕਟਰ ਵੀ ਕਿਹਾ ਜਾਂਦਾ ਹੈ। ਖ਼ੂਨ ਵਿੱਚ ਇਸ ਫੈਕਟਰ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਸਰੀਰ ਤੋਂ ਵਹਿੰਦੇ ਖ਼ੂਨ ਨੂੰ ਇੱਕ ਥੱਕੇ ਦੇ ਰੂਪ ਵਿੱਚ ਬਦਲ ਦਿੰਦਾ ਹੈ ਜਿਸ ਕਾਰਨ ਲਹੂ ਦਾ ਵਹਾਅ ਰੁੱਕ ਸਕੇ।

ਹੀਮੋਫੀਲੀਆ ਦੇ ਲੱਛਣਾਂ ਵਿੱਚ ਸਾਧਾਰਨ ਸੱਟ ਅਤੇ ਗਹਿਰੀ ਸੱਟ ਲੱਗਣ ਤੇ ਲਹੂ ਦਾ ਲਗਾਤਾਰ ਵਹਿੰਦੇ ਰਹਿਣਾ, ਸਰੀਰ ਦੇ ਵੱਖੋ ਵੱਖਰੇ ਜੋੜਾਂ ਵਿੱਚ ਦਰਦ ਹੋਣਾ, ਸਰੀਰ ਦੇ ਕਿਸੇ ਹਿੱਸੇ ਵਿੱਚ ਅਚਾਨਕ ਸੋਜ ਹੋਣਾ, ਮਲ-ਮੂਤਰ ਵਿੱਚ ਲਹੂ ਆਉਣਾ ਅਤੇ ਸਰੀਰ ਦੇ ਨੀਲੇ ਨਿਸ਼ਾਨ ਨਜ਼ਰ ਆਉਣਾ। ਹੀਮੋਫੀਲੀਆ ਦੇ ਲੱਛਣ ਨਜ਼ਰ ਆਉਣ ਤੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਗੋਬਿੰਦਰ ਸਿੰਘ ਢੀਂਡਸਾ**
**ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)**
**ਈਮੇਲ**
**feedback.gobinder@hotmail.com**

# No body have time to watch Tv advertisement
# No body have time to read Physical newspapers

It's social time .
Online news, advertisement, promotion anytime anywhere .
Doesn't matter where are you .

PREETNAMA ਪ੍ਰੀਤਨਾਮਾ ਖਰਾ ਸੱਚ

Preetnama provide you your business promotion online worldwide on all social sites even TikTok .

## Advertisement with Preetnama .

**Promote your business with TalkShow**
**We gave social stage to show yourself and your business.**

Business Persons, Doctor, Advocates, VISA, Tour Travel, Actor, Singers, writers come Join or TalkShow and Advertisement with us on national & International based.

Search Just Preetnama
- Youtube
- Facebook
- Twitter
- Instagram
- LinkedIn
- TikTok

No need to go anywhere, Just leave message on WhatsApp or email us . We will call you back.

**Contact us immediately**

Pritpal Kaur



www.preetnama.com
www.preetnews.com

Phone- +1 201-312-4180
Email- preetnamausa@gmail.com

# ਪ੍ਰੀਤ ਫੁਲਵਾੜੀ

## ਸਿੱਧੀ ਸਾਦੀ ਦੁਨੀਆ ਸੀ ਸਾਫ ਸਾਰਾ ਜੱਗ ਸੀ

ਸਿੱਧੀ ਸਾਦੀ ਦੁਨੀਆ ਸੀ ਸਾਫ ਸਾਰਾ ਜੱਗ ਸੀ
ਲੋਕਾਂ ਦੇ ਦਿਲਾਂ ਚ ਓਦੋ ਵਸਦਾ ਵੀ ਰੱਬ ਸੀ
ਸਾਧਾਂ ਵਾਲੇ ਭੇਖ ਨਾ ਚੋਰ ਹੁੰਦੇ ਸੀ
ਓਦੋ ਤਾਂ ਜਮਾਨੇ ਸੱਚੀਂ ਹੋਰ ਹੁੰਦੇ ਸੀ
ਓਦੋ ਤਾਂ ਜਮਾਨੇ ਸੱਚੀਂ ਹੋਰ ਹੁੰਦੇ ਸੀ
ਬਾਪੂ ਜੋ ਸੀ ਆਖਦਾ ਓਹੀ ਸੀ ਕਾਨੂੰਨ ਵੀ
ਮਾਂ ਦੀਆਂ ਝਿੜਕਾਂ ਚ ਹੁੰਦਾ ਵੀ ਸਕੂਨ ਸੀ
ਦਾਦੀ ਦੀਆਂ ਬਾਤਾਂ ਵਾਲੇ ਕਿਤੇ ਰਾਜੇ ਰਾਣੀਆਂ
ਕਿਤੇ ਇੱਲ ਕੁੱਕੜ ਤੇ ਮੋਰ ਹੁੰਦੇ ਸੀ
ਓਦੋ ਤਾਂ ਜਮਾਨੇ ਸੱਚੀਂ ਹੋਰ ਹੁੰਦੇ ਸੀ
ਓਦੋ ਤਾਂ ,,,,,,
ਏਸੀ ਜਿਹਾ ਹੁੰਦਾ ਸਾਡੇ ਵੇਹੜੇ ਵਾਲਾ ਨਿੰਮ ਸੀ
ਗੱਡਾ ਓਦੋ ਲਗਦਾ ਸੀ ਜਿਵੇ ਲਿਮੋਜੈਨ ਸੀ
ਓਦੋ ਸਾਡੇ ਪਿੰਡ ਚ ਪ੍ਰਾਇਮਰੀ ਸਕੂਲ ਸੀ
ਘੜੇ ਵਾਲਾ ਪਾਣੀ ਏਨਾ ਕੂਲਰਾਂ ਤੋਂ ਕੂਲ ਸੀ
ਦੇਣ ਲਈ ਛਾਵਾਂ ਬਾਬੇ ਬੋਹੜ ਹੁੰਦੇ ਸੀ
ਓਦੋ ਤਾਂ ਜਮਾਨੇ ਸੱਚੀਂ ਹੋਰ ਹੁੰਦੇ ਸੀ
ਓਦੋਂ ਤਾਂ ਜਮਾਨੇ ਸੱਚੀਂ,,,,,,,
ਘਰੋ ਸੀ ਗਰੀਬ ਪਰ ਰਾਜਿਆਂ ਦੇ ਵਾਂਗ ਸੀ
ਦਸਵੀਂ ਦਾ ਪਾੜ੍ਹਾ ਪੂਰੇ ਪਿੰਡ ਦੀ ਹੀ ਸ਼ਾਨ ਸੀ
ਸਾਨੂੰ ਨਹੀਂ ਸੀ ਪਤਾ ਹੁੰਦੇ ਪੀਜ਼ੇ ਅਤੇ ਕੋਕ ਬਈ
ਲੱਸੀ ਨਾਲ ਮਿੱਸੀ ਰੋਟੀ ਖਾਂਦੇ ਓਦੋ ਲੋਕ ਸੀ
ਅਸੀਂ ਕਿੱਥੇ ਜਾਣਦੇ ਸੀ ਲੁਡੋ ਜਿਹੀ ਗੇਮ ਨੂੰ
ਓਦੋ ਤਾਂ ਕਬੱਡੀਆਂ ਦੇ ਜੋਰ ਹੁੰਦੇ ਸੀ
ਚੰਨੀ ,ਓਦੋ ਤਾਂ ਜਮਾਨੇ ਸੱਚੀ ਹੋਰ ਹੁੰਦੇ ਸੀ
ਓਦੋ ਤਾਂ ਜਮਾਨੇ ਸੱਚੀਂ ਹੋਰ ਹੁੰਦੇ ਸੀ।

**ਚੰਨੀ ਚਹਿਲ**
9915806550

## ਕਦਰ ਧੀਆਂ ਦੀ ਕਰਨੀ ਸਿੱਖੋ

ਟਾਹਣੀਓ ਟੁੱਟੇ ਫੁੱਲ ਹੁੰਦੀਆਂ ਨੇ,,
ਪੁੱਤ ਨਾ ਕਰ ਸਕਣ ਰੀਸਾਂ ਕਦੇ,
ਸੱਚੀਂ ਇਹ ਅਣਮੁੱਲ ਹੁੰਦੀਆਂ ਨੇ....
ਦੇਣੋ ਜਨਮ ਤੋਂ ਡਰਦੇ ਨੇ ਮਾਪੇ ਜੋ,
ਜਾ-ਜਾ ਚੈੱਕਅੱਪ ਕਰਵਾਉਂਦੇ ਨੇ,,
ਜੇ ਫਿਰ ਵੀ ਜਨਮ ਨੇ ਦੇ ਦਿੰਦੇ,
ਲਾਹਨਤਾਂ ਕਰਮਾਂ ਨੂੰ ਪਾਉਂਦੇ ਨੇ,,
ਏਨੀ ਮਾੜੀ ਹੁੰਦੀ ਕੋਈ ਧੀ ਨਹੀਂ,
ਜਿਹੜੀ ਤੱਕੜੀ ਚ ਤੁੱਲ ਹੁੰਦੀਆਂ ਨੇ....
ਕਦਰ ਧੀਆਂ ਦੀ....
ਪੜਣ ਸਕੂਲੇ ਪਾਉਂਦੇ ਜਦ ਵੀ,
ਕਰਨੀ ਬੜੀ ਫਿਕਰ ਜਰੂਰੀ ਏ,,
ਹੈਵਾਨ ਜਮਾਨਾਂ ਹੋਇਆ ਪੂਰਾ,
ਹਰ ਅੱਖ ਵਿੱਚ ਗੰਦੀ ਘੂਰੀ ਏ,,
ਇਨ੍ਹਾਂ ਗੱਲਾਂ ਤੋਂ ਡਰ ਸੋਚਣ ਸਾਰੇ,
ਜਿਵੇਂ ਕੀਤੀ ਵੱਡੀ ਭੁੱਲ ਹੁੰਦੀਆਂ ਨੇ....
ਕਦਰ ਧੀਆਂ ਦੀ....
ਜੋ ਸਾਲਾਂ ਤੱਕ ਸੰਭਾਲ ਕੇ ਰੱਖੀਆਂ,
ਹੋਣ ਮੁਟਿਆਰਾਂ ਵਿਆਹ ਦਿੰਦੇ ਆਂ,,
ਅੱਗੇ ਤਾਂ ਇਨ੍ਹਾਂ ਦੇ ਆਪਣੇ ਲੇਖ ਨੇ,
ਕਹਿਕੇ ਇਹ ਫਰਜ਼ ਨਿਭਾ ਦਿੰਦੇ ਹਾਂ,,
ਲਾਲਚੀ ਟੱਬਰ ਮਿਲਜੇ ਅੱਗਿਓਂ ਤਾਂ,
ਗਲ ਪਾ ਕੇ ਚੁੰਨੀਆਂ ਝੁਲ ਹੁੰਦੀਆਂ ਨੇ....
ਕਦਰ ਧੀਆਂ ਦੀ....
"ਗੁਰੀ" ਮਾਂ ਵੀ ਸਾਡੀ ਧੀ ਕਿਸੇ ਦੀ,
ਕੁੱਖੋਂ ਜਿਹਦੀ ਅਸੀਂ ਜਨਮ ਲਿਆ,,
ਪਰ ਅੱਜ ਕੀ ਹੋਇਆ ਸੋਚਾਂ ਨੂੰ ਐ,
ਜੋ ਇੱਜਤਾਂ ਰੋਲਣ ਦਾ ਪਰਨ ਲਿਆ,,
ਕਰੋ ਸਤਿਕਾਰ ਦੁਆਵਾਂ ਮੰਗ ਲਓ,
ਜਨਨੀ ਸੰਸਾਰ ਦੀ ਕੁੱਲ ਹੁੰਦੀਆਂ ਨੇ....
ਕਦਰ ਧੀਆਂ ਦੀ....

**ਗੁਰਵਿੰਦਰ ਗੁਰੀ**
98154-56177

## ਕਵਿਤਾ

ਕੀ ਤੇਰੇ ਰੱਬ ਨੇ ਭੇਖ ਲਿਆ
ਮੈਂ ਅੰਨਾ ਬਣਕੇ ਵੇਖ਼ਲਿਆ
ਹੁਣ ਦੀਦਾਂ ਮੰਗਣ ਆਵਾਗਾ
ਮੈਂ ਅਪਣਾ ਰੱਬ ਬਣਾਵਾਂਗਾ

ਓਹ ਬਿਰਖਾਂ ਦੀ ਛਾਂ ਵਿਚ ਹੋਣਾ
ਓਹ ਇਸ਼ਕੇ ਦੇ ਨਾ ਵਿਚ ਹੋਣਾ
ਓਹ ਹੋਣਾ ਠੰਡੀਆ ਪੌਣਾ ਵਿਚ
ਓਹ ਤਪਦੇ ਰਾਹਾਂ ਵਿਚ ਹੋਣਾ
ਜੇ ਬਾਹਰੇ ਨਜਰੀਂ ਨਾ ਆਇਆ
ਤਾਂ ਅੰਦਰ ਝਾਤੀ ਲਾਵਾਗਾ
ਮੈ ਆਪਣਾ ਰੱਬ ਬਣਾਵਾਂਗਾ

ਓਹ ਰੱਬ ਕੇ ਜਿਹਨੂੰ ਸਿਜਦੇ ਦੇ
ਲਈ ਜਾਤ ਤੇ ਧਰਮ ਦਾ ਮਸਲਾ ਨਹੀਂ
ਓਹ ਰੱਬ ਕੇ ਜਿਹਨੂੰ ਮਿਲਣੇ ਦੇ ਲਈ
ਜਗਾ ਨਮਾਜ ਦਾ ਮਸਲਾ ਨਹੀ
ਤੇਰਾ ਰੱਬ ਨਾ ਸਾਹਵੇਂ ਆਵਦਾ ਏ
ਮੈ ਓਹਨੂੰ ਸਾਹਵੇਂ ਲੈ ਆਵਾਗਾ
ਮੈਂ ਆਪਣਾ ਰੱਬ ਬਣਾਵਾਂਗਾ

ਕਿਸੇ ਖਿੜਦੇ ਫੁੱਲ
ਕਿਸੇ ਹਸਦੇ ਬੱਚੇ ਦੀ ਮੁਸਕਾਨ ਚ ਹੋਣਾ
ਜ਼ੇ ਧਾਮਾਂ ਉੱਤੇ ਨਾ ਬਹੁੜੇ
ਲਾਜ਼ਿਮ ਸ਼ਮਸ਼ਾਨ ਚ ਹੋਣਾ ਏ
ਜ਼ੇ ਮੜੀਆਂ ਦੇ ਰਾਹੀਂ ਮਿਲਿਆ
ਉੱਥੇ ਪੱਥਰ ਹੋ ਜਾਵੇਗਾ
ਮੈ ਅਪਣਾ ਰੱਬ ਬਣਾਵਾਂਗਾ

ਇਹ ਵਾਹਵਾਂ ਜੋ ਚੱਲਣ ਦਰਿਆ ਜੋ ਵਗਦੇ
ਦਸਦੇ ਨੇ ਰੱਬ ਤਾਂ ਹੋਣਾ
ਏ ਪਰ ਆਪਣੇ ਘਰ ਵਿੱਚ ਖਿੱਚੀਆਂ ਲੀਕਾਂ
ਵੇਖ ਕੇ ਲੁਕ ਗਿਆ ਹੋਣਾ ਏ
ਉਜੜ ਚੁੱਕ ਪਿਓ ਦੇ ਘਰ ਤੋਂ
ਦੁਖੜੇ ਲੈ ਕੇ ਆਵਾਗਾ
ਮੈਂ ਅਪਣਾ ਰੱਬ ਬਣਾਵਾਂਗਾ

**ਸੰਦੀਪ**

## ਧੰਨ ਗੁਰੂ ਨਾਨਕ ਤੂੰ ਹੀ ਤੂੰ

ਬਾਬਾ..ਜੇ ਹੁਣ ਇਥੇ ਆਂਏਗਾ....
ਕਿਦਾਂ ਤੂੰ ਮੁਸਕਾਏਂਗਾ...
ਧਰਤੀ ਓਹੀ....ਅੰਬਰ ਓਹੀ...
ਮਸਜਿਦ ਓਹੀ..ਮੰਦਿਰ ਓਹੀ...
ਬਦਲ ਗਿਆ ..ਹੁਣ ਲਾਲੋ ਤੇਰਾ..
ਮਲਕ ਭਾਗੋ ਦਾ..ਅੰਦਰ ਓਹੀ..
ਵਲੀ ਕੰਧਾਰੀ ਲੱਖਾਂ ਬਣਗੇ...
ਕਿਸ ਕਿਸ ਦੇ ਪਥੱਰ, ਪੰਜੇ ਨਾਲ ਰੋਕ ਪਾਏਂਗਾ
ਕੌਡੇ ਰਾਖਸ਼ਾਂ..
ਨੂੰ ਹੁਣ ਕੜਾਹੇ ਬਾਲਣ ਦੀ ਲੋੜ ਨਹੀਂ
ਚਿਟੇ ਨਾਲ ਹੀ ਚੱਟ ਕਰ ਜਾਂਦੇ...
ਊਤੋਂ.. . ਤੇਰੇ ਨਾਮ ਦਾ ਬੋਰਡ ਲਾਂ੍ਹਦੇ...
ਕਹਿਰ ਕਮਾਂਓਂਦੇ...
ਕਿਦਾਂ ਜ਼ੁਲਮ ਇੰਨਾਂ ਦੇ ਦੇਖ ਪਾਏਂਗਾ..
ਬਾਬਾ ਹੁਣ....ਕਿਦਾਂ ਏਥੇ ਆਂਏਗਾ...
ਰਾਜੇ..ਸ਼ੀਂਹ..ਮੁਕਦੱਮ ਕੁੱਤੇ...
ਰੱਤ ਚੂਸਦੇ...ਮਹਿਰਮ ਸੁਤੇ..
ਤੇਰੇ ਘਰਾਂ ਵਿਚ...ਤੇਰੇ ਬੰਦੇ..ਤੇਰੇ ਨਾਂ ਤੇ..
ਕਰੋੜਾਂ ਦਾ ਨੇ..ਧੰਦਾ ਕਰਦੇ..
ਤੇਰੇ ਨਾਂ ਨੂੰ.. ਵੇਚ ਵੇਚ ਕੇ...
ਤਬੱਲੇ ਕੁਟ ਕੇ...ਬਾਣੀ ਵੇਚ ਕੇ..
ਪੈਸੇ ਲੈ ਲੈ....ਅਰਦਾਸਾਂ ਕਰਦੇ
ਭੁਖਣ-ਭਾਣੇ...ਗਰੀਬ...ਅਜੇ ਵੀ
ਤੰਗਹਾਲੀ ਵਿਚ ਭੁਖੇ ਮਰਦੇ...
ਬਾਬਾ ਕਿਦਾਂ ਦਾ...ਰੰਝ..ਪਾਂਏਗਾ..
ਬਾਬਾ..ਕੀਕਣ ਏਥੇ ਆਂਏਗਾ

**ਪਰਮਜੀਤ ਸਿੰਘ ਦਿਲੀ**

## (ਟੁੱਟ ਚੁੱਕੀ ਹਾਂ)

ਟੁੱਟ ਚੁੱਕੀ ਹਾਂ ,
ਕੱਚ ਦੇ ਟੁਕੜਿਆਂ ,
ਵਾਂਗ .....
ਤਿਨਕਾ ਤਿਨਕਾ ,
ਹੋ ਗਈ ,
ਮਾਚਿਸ ਦੀ ਤੀਲੀ,
ਵਾਂਗ....
ਮੁਰਝਾਂ ਗਈ ਹਾਂ ,
ਫੁੱਲਾਂ ਦੀਆਂ ਕਲੀਆਂ
ਵਾਂਗ ......
ਟੁੱਟ ਚੁੱਕੀ ਹਾਂ,
ਅਸਮਾਨੀ ਤਾਰਿਆਂ,
ਵਾਂਗ......
ਜੁੜ ਨਾ ਪਾਈ ,
ਹਕੀਕਤੀ ਦੁਨੀਆਂ ਨਾਲ ,
ਟੁੱਟ ਚੁੱਕੀ ਹਾਂ,
ਕੱਚ ਦੇ ਟੁਕੜਿਆਂ,
ਵਾਂਗ.....
ਦੋਗਲੀਆਂ ਚਾਲਾਂ ਤੋਂ ,
ਸੱਚ ਤੇ ਪਏ ਪਰਦਿਆਂ ਤੋਂ,
ਤੇ ਝੂਠਿਆਂ ਦੀਆਂ ਪੰਡਾਂ ਤੋਂ ,
ਟੁੱਟ ਚੁੱਕੀ ਹਾਂ,
ਲਾਰਿਆਂ ਤੋਂ .....
ਓਹਨਾ ਹੁਲਾਰਿਆਂ ਤੋਂ,
ਨਾ ਉੱਥੇ ਸੱਚ ਦੀ ਪਹਿਚਾਣ ,
ਬੇਬਾਕ ਲਾਰਿਆਂ ਤੋਂ......
ਟੁੱਟ ਚੁੱਕੀ ਹਾਂ,
ਅਰਮਾਨਾਂ ਦੀ ਝਾਕ ਵਿੱਚ ,
ਨਾ ਪੂਰੇ ਹੁੰਦੇ ਖੁਆਬਾਂ ਵਿੱਚ ,
ਟੁੱਟ ਚੁੱਕੀ ਹਾਂ ,
ਨਿੱਤ ਸੜਦੀ ਹਾਂ ,
"ਤਰਵਿੰਦਰ" ਨਾ ਪੂਰੇ ਹੁੰਦੇ ,
ਅਰਮਾਨਾਂ ਦੀ .....
ਅੱਗ ਦੀ ਭੱਠੀ ਵਿੱਚ ,
ਤੇਲ ਦੀਆਂ ਬੂੰਦਾਂ ਦੀ,
ਕੋਈ ਲੋੜ ਨੀਂ .....
ਨਿੱਤ ਮਚਦੀ ਹਾਂ
ਅੱਗ ਦੀ ਲੋਅ ਵਿੱਚ ...
ਹਿਜ਼ਰਾਂ ਦੇ ਬਿਰਹੋਂ ਵਿੱਚ...
ਅੱਕ ਚੁੱਕੀ ਹਾਂ ,
ਥੱਕ ਚੁੱਕੀ ਹਾਂ ,
ਮੁੱਕ ਚੁੱਕੀ ਹਾਂ,
ਮੈਂ ਟੁੱਟ ਚੁੱਕੀ ਹਾਂ ,
ਕੱਚ ਦੇ ਟੁਕੜਿਆਂ ,
ਵਾਂਗ ,
ਕੱਚ ਦੇ ਟੁਕੜਿਆਂ, ਵਾਂਗ .....

**ਤਰਵਿੰਦਰ ਕੌਰ ਝੰਡੋਕ**
98144-50239

## ਮੈਂ ਪੱਗੜੀ ਸਿੱਖ ਸਰਦਾਰ ਦੀ ਹਾਂ

ਮੈ ਪੱਗੜੀ ਸਿੱਖ ਸਰਦਾਰ ਦੀ ਹਾਂ, ਗੱਲ ਕਰਦੀ ਮਿਲੇ ਸੰਸਕਾਰ ਦੀ ਹਾਂ
ਮੈਂ ਉੱਚੀ ਤੇ ਉੱਚੀ ਤੇ ਸੁੱਚੀ ਸੋਚ ਨਾਲ ,ਡਿੱਗਿਆ ਨੂੰ ਸਦਾ ਉਠਾਊਂਦੀ ਹਾਂ।
ਧੀਆਂ ਨੂੰ ਗਲ ਨਾਲ ਲਾਉਂਦੀ ਹਾਂ,
ਕਦੇ ਊਚ-ਨੀਚ ਨੂੰ ਮੰਨਦੀ ਨਾ ,ਮੈਂ ਹਾਮੀ ਸਦਾ ਇਕਸਾਰਦੀ ਹਾਂ।
ਮੈਂ ਪੱਗੜੀ ---------------
ਜਾ ਵਿੱਚ ਮੈਦਾਨੇ ਖੜਦੀ ਹਾਂ, ਰੱਖ ਤਲੀ ਤੇ ਸਿਰ ਮੈਂ ਲੜਦੀ ਹਾਂ ,ਮੇਰੇ ਬੰਦ-ਬੰਦ ਕਟਵਾ ਦਿੱਤੇ, ਨਾਲੇ ਆਰਿਆਂ ਨਾਲ ਚਿਰਾ ਦਿੱਤਾ, ਪਰ ਮੈਂ---
ਤੱਤੀਆਂ ਤਵੀਆਂ ਠਾਰਦੀ ਹਾਂ।
ਮੈਂ ਪੱਗੜੀ-----------
ਬੰਦੇ ਤੋਂ ਬਹਾਦਰ ਬਣ ਜਾਵਾਂ, ਮੈਂ ਮਰ ਜਾਵਾਂ, ਮੈਂ ਮਿਟ ਜਾਵਾਂ, ਪਰ ਸੀਸ ਨੂੰ ਕਦੇ ਝੁਕਾਵਾਂ ਨਾ।
ਮੈਨੂੰ ਕੂੜ ਤੋਂ ਨਫਰਤ ਜਨਮ-ਜਾਤ,ਗੱਲ ਕਰਦੀ ,ਸੱਚੇ ਕਿਰਦਾਰ ਦੀ ਹਾਂ।
ਮੈਂ ਪੱਗੜੀ --------
ਲੋਹ-ਪੁਰਸ਼ ਦੇ ਨਾਲ-ਨਾਲ ਮੈਨੂੰ ਸ਼ੇਰੇ-ਪੰਜਾਬ ਵੀ ਕਹਿੰਦੇ ਨੇ,ਜਦੋਂ ਔਰਤ ਦੇ ਸਿਰ ਸੱਜ ਜਾਵਾਂ ਮੈਨੂੰ ਮਾਈ ਭਾਗੋ ਕਹਿੰਦੇ ਨੇ,ਜ਼ੁਲਮਾਂ ਦਾ ਖਾਤਮਾ ਕਰਨ ਲਈ ,ਸਦਾ ਜ਼ੁਲਮੀਆਂ ਨੂੰ ਲਲਕਾਰਦੀ ਹਾਂ।
ਮੈਂ ਪੱਗੜੀ ----------
ਹੱਥੀਂ ਕਿਰਤ ਕਰਨਾ ਅਤੇ ਵੰਡ ਛਕਣਾ,ਮੈਨੂੰ ਧੁਰ ਤੋਂ ਇਹ ਸੌਗਾਤ ਮਿਲੀ ,ਇੱਕ ਪੰਗਤ ਵਿੱਚ ਰਲ ਬਹਿ ਛਕਣਾ ,ਮੈਨੂੰ ਰੱਬੀ ਇਹ ਹੈ ਦਾਤ ਮਿਲੀ ,ਵੈਰੀ ਰਣ ਦੇ ਵਿੱਚ ਜਦ ਤੜਫਦੇ ਨੇ,'ਘਨੱਈਆ' ਬਣ ਸੀਨਾ ਠਾਰਦੀ ਹਾਂ।
ਮੈਂ ਪੱਗੜੀ----------
ਮੈਂ ਦੀਨ -ਦੁਖੀ ਮਜ਼ਲੂਮਾਂ ਖਾਤਰ, ਸੀਸ ਕਟਾਉਣ ਵੀ ਜਾਣਦੀ ਹਾਂ,'ਸੱਚੇ-ਪਾਤਸ਼ਾਹ' ਮੈਨੂੰ ਮਾਣ ਦਿੱਤਾ 'ਗੁਰਸਿੱਖ'ਦਾ ਨਾਲ ਖਿਤਾਬ ਦਿੱਤਾ,
ਗੌਰਵਮਈ ਮੇਰੇ ਇਤਿਹਾਸ ਦੇ ਲਈ, 'ਰਾਜਬੀਰ' ਦਿਲੋਂ ਸਤਿਕਾਰ ਦੀ ਹੈ
ਮੈਂ ਪੱਗੜੀ ਸਿੱਖ ਸਰਦਾਰ ਦੀ ਹਾਂ।

**ਰਾਜਬੀਰ ਕੌਰ 9988858325**

## ਵਿਸਾਖੀ ਵਿਸ਼ੇਸ਼

ਏਸ ਵਿਸਾਖੀ ਦੀ ਆਮਦ ਤੇ ਕਣਕਾਂ ਨੇ ਨਈਂ ਰੰਗ ਵਟਾਏ,
ਸੋਨੇ ਰੰਗੇ ਸਿੱਟੇ ਕਣਕ ਦੇ ਪਤਾ ਨਹੀਂ ਕਿਉਂ ਰੱਤੇ ਲੱਗਣ,
ਫਰਜੋਂ ਉਣੇ ਸਾਡੇ ਹਾਕਮ ਹੋਏ, ਪਰਜਾ ਗ਼ਮ ਵਿੱਚ ਤਿਲਮਲਾਏ,
ਪੂੰਜੀਪਤੀ ਦੀ ਭਰਦੇ ਹਾਮੀ, ਓਧਰ ਸੁੱਟਦੇ ਪੱਤੇ ਲੱਗਣ,
ਜ਼ਿਕਰ ਚ ਫ਼ਿਕਰ ਵੀ ਸਹਿਮ ਗਿਆ ਹੈ, ਪਰਬਤ ਜਏ ਦੁੱਖ ਹੰਢਾਏ,
ਹੱਕੀ ਹੱਕ ਮੰਗਣ ਲਈ ਬੈਠੇ, ਨੇਤਾ ਖਾਤਿਓਂ ਲੱਥੇ ਲੱਗਣ,
ਆਓ ਵਿਸਾਖੀ ਯਾਰ ਜ਼ਿਗਰ ਵਿੱਚ ਰੱਖਕੇ ਹਰ ਇੱਕ ਸ਼ਖਸ ਮਨਾਏ,
ਇੱਕ ਦੂਜੇ ਦਾ ਦਾਰੂ ਬਣੀਏ , ਵਪਾਰਕ ਮੋਹ ਦੇ ਜੱਫੇ ਲੱਗਣ,
ਸੇਵਾ ਨਈਂ, ਰਜਵਾੜਾ ਸ਼ਾਹੀ , ਫਿਰ ਤੋਂ ਹਾਵੀ ਕਿਉਂ ਹੋਈ ਜਾਏ,
ਰਾਜ ਚ ਰਾਜ਼ ਰਿਹਾ ਨਾ ਕੋਈ ਬੱਸ ਪਰਜਾ ਨੂੰ ਧੱਫੇ ਲੱਗਣ,

**ਰਾਜਕਲਾਨੌਰ ਫੋਨ ਨੰ : 7087950055**

## ਦੁਨੀਆਂ ਦੋ ਧਾਰੀ ( ਨਜ਼ਮ )

ਮੂੰਹ ਤੇ ਕਰਦੀ ਗੱਲਾਂ ਇਹ ਮਿੱਠੀਆਂ - ਮਿੱਠੀਆਂ,
ਤੇ ਪਿੱਠ ਪਿੱਛੇ ਖੋਲ੍ਹ ਦਿੰਦੀ ਫੱਟ, ਦੁਨੀਆਂ ਦੋ ਧਾਰੀ।
ਨਾ ਜਜ਼ਬਾਤਾਂ ਦੀ ਕਦਰ ਹੁਕਮ ਚਲਾਉਂਦੀ ਆਪਣਾ,
ਇਹ ਸਮਾਂ ਕਿੱਥੇ ਲੰਘਾਈਏ ਝੱਟ, ਦੁਨੀਆਂ ਦੋ ਧਾਰੀ।
ਹੱਕਾਂ ਨੂੰ ਖੋਹ ਕੇ, ਜਬਰ ਜ਼ੁਲਮ ਕਰਦੀ ਨਿਹੱਥਿਆਂ ਤੇ,
ਪਿੱਠ ਪਿੱਛੇ ਕਰਦੀ ਵਾਰ, ਦੋਗਲੀ ਦੁਨੀਆਂ ਦੋ ਧਾਰੀ।
ਚੰਗੇ ਕਰਮਾਂ ਦੀ ਨਾ ਪਰਵਾਹ, ਮਾੜੇ - ਕਰਮਾਂ ਵੱਲ ਤੱਕ,
ਕਿਸੇ ਦੀ ਚੰਗਿਆਈ ਨਾ ਜਾਣਦੀ, ਦੁਨੀਆਂ ਦੋ ਧਾਰੀ।
ਮੁਹੱਬਤ ਕਰਤੀ ਬਦਨਾਮ, ਪਿਆਰ ਦੀਆਂ ਖੇਡਾਂ ਕਹਿਕੇ,
ਭੈੜੀਆਂ ਚਾਲਾਂ ਚੱਲਦੀ ਹਿਜ਼ਰ ਸਾੜ, ਦੁਨੀਆਂ ਦੋ ਧਾਰੀ।
ਹਰ ਰਿਸ਼ਤੇ ਵਿੱਚ ਦੋਗਲਾ, ਸਵਾਰਥੀ, ਬਨਾਵਟੀ ਪਿਆਰ,
ਕਿੱਥੇ ਲਗਾਈਏ ਹੁਣ ਮੁਹੱਬਤਾਂ ਦੀ ਹੱਟ, ਦੁਨੀਆਂ ਦੋ ਧਾਰੀ।
ਜਿੱਤੀ ਬਾਜ਼ੀ ਨਾ ਜਾਈਏ ਹਾਰ, ਮਾਨਸਿਕਤਾ ਹੋਈ ਬਿਮਾਰ,
ਸ਼ਤਰੰਜ ਦਾ ਕਮਾਲ ਚਾਲਾਂ ਰਿਸ਼ਤਿਆਂ 'ਚ, ਦੁਨੀਆਂ ਦੋ ਧਾਰੀ।
ਵਾਹਿਗੁਰੂ - ਵਾਹਿਗੁਰੂ ਜਪੋ, ਜੇ ਬਚਾਉਣਾ ਏ ਦੀਨ ਈਮਾਨ,
ਪ੍ਰਭੂ ਦੇ ਰੰਗ ਵਿੱਚ ਰੰਗ ਜਾਵੋਂ, ਕਿਉਕਿ ਦੁਨੀਆਂ ਦੋ ਧਾਰੀ।
"ਤਰਵਿੰਦਰ" ਵਿੱਕ ਗਿਆ ਈਮਾਨ ਕੀਤਾ ਕਾਲੀਆਂ ਨੀਤੀਆਂ ਨੇ,
ਜਨਤਾ ਨੂੰ ਪਰੇਸ਼ਾਨ ਕਿਹਨੂੰ ਸੁਣਾਈਏ ਹਾਲ, ਦੁਨੀਆਂ ਦੋ ਧਾਰੀ।
ਜੀ ਦੁਨੀਆਂ ਦੋ ਧਾਰੀ,
ਜੀ ਦੁਨੀਆਂ ਦੋ ਧਾਰੀ।

**ਤਰਵਿੰਦਰ ਕੌਰ ਝੰਡੋਕ (ਲੁਧਿਆਣਵੀ )**

## ਅੱਜ ਆਖਾਂ ਮੋਦੀ, ਸਾਹ ਨੂੰ.....।

ਅੱਜ ਆਖਾ ਮੋਦੀ, ਸਾਹ ਨੂੰ ,ਕਿਤੋਂ ਸੰਸਦ ਵਿੱਚੋਂ ਬੋਲ ,
ਕਾਲੇ ਕਾਨੂੰਨ ਰੱਦ ਕਰਨ ਲਈ ਕੋਈ ਅਗਲਾ ਵਰਕਾ ਖੋਲ੍ਹ।
ਲੋਕੀ ਸੜਕਾਂ ਉੱਤੇ ਬੈਠ ਗਏ ਤੂੰ ਕਿਓਂ ਬੈਠਾ ਅਡੋਲ,
ਕਿਤੇ ਇਹ ਨਾ ਹੋਵੇ ਜਾਲਮਾਂ ਜਾਵੇ ਲੋਕਾਂ ਦਾ ਖੂਨ ਖੌਲ।
ਕਿਓ ਤੂੰ ਬੇਦਰਦੀ ਹੋ ਗਿਆ ਸੁਣੇ ਨਾ ਲੋਕਾਂ ਦੀ ਬਾਤ,
ਕਿਤੇ ਠੰਢੇ ਦਿਮਾਗ ਨਾਲ ਸੋਚ ਕੇ ਅੰਦਰ ਮਾਰੀ ਆਪਣੇ ਝਾਤ।
ਕਿਓ ਅੰਡਾਨੀਆ ਅੰਬਾਨੀਆ ਨੂੰ ਵੇਚਦਾ ,ਜਾਵੇ ਦਿਨੋਂ- ਦਿਨ ਦੇਸ,
ਬਣ ਲੁਟੇਰੇ ਲੁੱਟ ਰਹੇ ਜਿਨ੍ਹਾਂ ਬਦਲਿਆ ਹੋਇਆ ਭੇਸ।
ਸਿਆਣਾ ਬਣ ਕੇ ਮੋੜ ਲਾ ਬਣਾਏ ਜੋਂ ਕਾਲੇ ਕਾਨੂੰਨ ,
ਦਿਮਾਗ ਤੇਰਾ ਕਿਓ ਹਿਲਿਆ ਪਰਖੇ ਲੋਕਾਂ ਦੇ ਜਾਨੂੰਨ।
"ਬਲਕਾਰ "ਤੈਨੂੰ ਹੈ ਆਖਦਾ , ਤੂੰ ਵਾਪਸ ਲੈ ਕਾਲੇ ਫੁਰਮਾਨ,
ਹੀਰੋ ਫਿਰ ਤੂੰ ਬਣ ਜਾਣਾ, ਤੇਰਾ ਨਹੀਂ ਹੋਣਾ ਅਪਮਾਨ ..।

**ਬਲਕਾਰ ਸਿੰਘ "ਭਾਈ ਰੂਪਾ"**
**ਰਾਮਪੁਰਾ ਫੂਲ, ਬਠਿੰਡਾ।**
8727892570

## ਬਾਤ ਹੈ ਬਾਕੀ

ਮੈਂ ਹਾਂ ਪਾਣੀ ਦਾ ਇੱਕ ਕਤਰਾ
ਤੂੰ ਹੈਂ ਇੱਕ ਸਮੁੰਦਰ,
ਮੇਰੇ ਬਾਝੋਂ ਤੇਰੀ ਕੀ ਪਰ
ਹੋਂਦ ਹੈ ਇਸ ਜਗ ਅੰਦਰ
ਸੋਨ ਸੁਨਹਿਰੀ ਇੱਟਾਂ ਜੜਿਆ
ਲਿਸ਼ਕੇ ਡਲ ੍ਹਕਾਂ ਮਾਰੇ,
ਅੰਦਰ ਉਸਦੇ ਨ੍ਹੇਰ ਪੱਸਰਿਆ
ਬੇਵੱਸ ਤੇਰਾ ਮੰਦਰ।
ਭੱਜਦੇ ਜਾਂਦੇ ਪਲਾਂ ਛਿਣਾਂ ਦੀ
ਰਮਜ਼ ਪਛਾਣ ਨਾ ਸਕਿਆ,
ਵਿਹੰਦਿਆਂ ਵਿਹੰਦਿਆਂ ਹੋ ਗਿਆ ਤੇਰਾ
ਤਨ ਤੇ ਮਨ ਇਕ ਖੰਡਰ।
ਮਗਰਮੱਛ ਦੇ ਹੰਝੂ ਕੇਰੇਂ
ਦਿਲ ਤੇਰਾ ਪਰ ਸਹਿਰਾ,
ਇਕ ਹੱਥ ਪ੍ਰੀਤ ਦੀ ਤਖ਼ਤੀ ਚਾਈ
ਦੂਜੇ ਦੇ ਵਿਚ ਖੰਜਰ।
ਜੇ ਨਹੀਂ ਸਕਦਾ ਵੇਖ ਨਿਰੰਜਣਾ
ਦਾਨਾ ਬੀਨਾ ਕਾਹਦਾ,
ਤੇਰੇ ਵਿਹੜੇ ਉੱਗ ਆਇਆ ਹੈ ਅੰਨ੍ਹਾ ਬੋਲਾ ਜੰਗਲ।
ਰਾਤ ਨਾ ਮੁੱਕੀ ਬਾਤ ਹੈ ਬਾਕੀ
ਪੌਣਾਂ ਭਰਨ ਹੁੰਗਾਰਾ,
ਨਿਰੰਜਨ ਨੂੰ ਕਿਰਨਾਂ ਚੋਂ ਲੱਭਿਓ
ਜਾਂ ਹਰਫ਼ਾਂ ਦੇ ਅੰਦਰ। ਧੰਨਵਾਦ ਜੀ !

**ਡਾ ਨਿਰੰਜਨ 9872909932**

# ਪ੍ਰੀਤ ਫੁਲਵਾੜੀ

## ਉਦਾਸ ਦਿਲ ਨੂੰ

ਉਦਾਸ ਦਿਲ ਨੂੰ ਐਵੇਂ ਹੋਰ ਪਰੇਸ਼ਾਨ ਨਾ ਕਰ,
ਐ ਕਿਸਮਤ ਸਾਥ ਦੇ ਤਦਬੀਰ ਨੂੰ ਹੈਰਾਨ ਨਾ ਕਰ।
ਪਹਿਲਾਂ ਹੀ ਬਹੁਤ ਨੇ ਸਿਰ ਤੋਂ ਕਿਤੇ ਉੱਚੀਆਂ ਤੇਰੇ,
ਖਾਹਿਸ਼ਾਂ ਰੋਕ ਲੈ ਇਹਨਾਂ ਨੂੰ ਹੋਰ ਜਵਾਨ ਨਾ ਕਰ।
ਆਰਜ਼ੂ ਇੱਕ ਅਦਦ ਰੱਖ ਲੈ ਦਬਾ ਕੇ ਸੀਨੇ ਵਿਚ,
ਵੇਖੀਂ ਬਿਲਕੁਲ ਕਿਤੇ ਰੂਹ ਨੂੰ ਵੀਰਾਨ ਨਾ ਕਰ।
ਤੇਰਾ ਹਰ ਬੋਲ ਸਿਰ ਮੱਥੇ ਪਰ ਸੋਚੀਂ ਜ਼ਰਾ,
ਨਿਭਾ ਹੋਵੇ ਨਾ ਐਸਾ ਕੋਈ ਫੁਰਮਾਨ ਨਾ ਕਰ।
ਬਚਾ ਕੇ ਖ਼ੁਦ ਲਈ ਰੱਖ ਲੈ ਬੇਸ਼ਕ ਗ਼ਮ ਸਹੀ,
ਹਰ ਸ਼ੈ ਆਪਣੀ ਅਜ਼ੀਜ਼ਾਂ ਤੇ ਕੁਰਬਾਨ ਨਾ ਕਰ।
ਜਦ ਵਕਤ ਨਹੀਂ ਪਹਿਲਾਂ ਵਰਗਾ ਫਿਰ ਤੂੰ ਕਿਓਂ ਏ,
ਹਾਂ, ਜ਼ਮੀਰ ਦੇ ਬਦਲਾਅ ਨੂੰ ਪਰਵਾਨ ਨਾ ਕਰ।
'ਅਮਨ" ਇਨਸਾਨ ਨੂੰ ਇਨਸਾਨੀਅਤ ਦੇ ਸ਼ੀਸ਼ੇ ਚੋਂ ਦੇਖ
ਕਿਸੇ ਨੂੰ ਰਾਜਾ ਕਿਸੇ ਨੂੰ ਦਰਬਾਨ ਨਾ ਕਰ।

**ਪ੍ਰੀਤ "ਅਮਨ", ਮੋਰਿੰਡਾ**
6280932905

## ਖਾਲਸਾ ਪੰਥ ਦਾ ਸਾਜਣਾ

ਇਹ ਚਮਤਕਾਰ ਵੱਡਾ ਭਾਰੀ ਖਾਲਸੇ ਦਾ ਸਾਜਣਾ !
ਫੌਜ ਅਕਾਲ ਪੁਰਖ ਦੀ ਸਦਾ ਮੁਖੋਂ ਹੈ ਕਹਾਵਣਾ !
ਜ਼ੁਲਮ ਦੇ ਟਾਕਰੇ ਲਈ ਕੀਤਾ ਹੈ ਤਿਆਰ ਜੱਥਾ ,
ਨਿਰਛੱਲ ,ਨਿਰਕਪਟ ਕੰਮ ਕਰਦੀ ਹੈ ਭਾਵਨਾ !
ਹਨੇਰੇ ਦੀਆਂ ਪੈੜਾਂ ਦਾ ਕਰਦਾ ਹੈ ਸਫਾਇਆ ਜੋ ,
ਜੱਗਮਗ ਜੱਗਮਗ ਹੋ ਜਾਏ ਸਾਰੇ ਹੀ ਚਾਨਣਾ !
ਸਮੇਂ ਦੀ ਲੋੜ ਸੀ ਦਲ ਐਸਾ ਪੈਦਾ ਕਰਨਾ ਜੋ ਕਿ ,
ਜਾਬਰ ਨੂ ਸਿਖਉਣਾ ਸਬਕ ਹੁਕਮ ਹੈ ਪਾਲਣਾ !
ਪੰਜ ਕਰਾਰਾਂ ਦਾ ਧਾਰਨੀ ਹੈ ਇਹ ਤੇਰਾ ਖਾਲਸਾ !
ਰਹਿਤ ਨਿਆਰੀ ਤੇ ਪੁਸ਼ਾਕ ਵੀ ਅਜ਼ੀਬ ਪਹਿਣੇ ,
ਲੱਖਾਂ ਵਿਚ ਖੜਾ ਦਿਸੇ ਨਿਆਰਾ ਤੇਰਾ ਖਾਲਸਾ !
ਮਿਹਨਤ ,ਮੁਸੱਕਤ ਵਿਚ ਰਖਦਾ ਯਕੀਨ ਸਦਾ ,
ਹੱਕ ਤੇ ਨਿਹੱਕੇ ਦਾ ਨਿਬੇੜਾ ਕਰੇ ਤੇਰਾ ਖਾਲਸਾ !
ਤੱਤੀਆਂ ਤਵੀਆਂ ਤੇ ਪਰਖਿਆ ਸਿਦਕ ਇਹਦਾ ,
ਆਰੇ ਨਾਲ ਸੀਸ ਵੀ ਹੈ ਚਿਰਾਏ ਤੇਰਾ ਖਾਲਸਾ !
ਦੇਗਾਂ 'ਚ ਉਬਲ ਕੇ ਅਡੋਲ ਚਿੱਤ ਰਹਿਣ ਵਾਲਾ,
ਮੁਖੋਂ ਸਤਿਨਾਮ ਦਾ ਜਾਪੁ ਜਪਾਏ ਤੇਰਾ ਖਾਲਸਾ !
ਚਰਖੜੀ ਦੇ ਦੰਦਿਆਂ ਸਰੀਰ ਨੂੰ ਦੋਫਾੜ ਕੀਤਾ,
ਭਾਣੇ 'ਚ ਰਹਿ ਦੁਖ ਸੁਖ ਮਨਾਏ ਤੇਰਾ ਖਾਲਸਾ !
ਬੱਚਿਆਂ ਦੀਆਂ ਬੋਟੀਆਂ ਝੋਲੀਆਂ 'ਚ ਪਵਾ ਕੇ ਵੀ ,
ਰਹਿਣ ਅਡੋਲ ਜਰਾ ਨਾ ਘਬਰਾਏ ਤੇਰਾ ਖਾਲਸਾ !
ਜ਼ੁਲਮ ਦੀਆਂ ਭੱਠੀਆਂ 'ਤੇ ਬੈਠ ਜਪਾਉਂਦੇ ਨਾਮ ,
ਪ੍ਰਭੂ ਤਾਈਂ ਸਦਾ ਹੀ ਮਨੋਂ ਧਿਆਏ ਤੇਰਾ ਖਾਲਸਾ !
ਰਾਜਿਆਂ ਦੀ ਕੈਦ ਵਿਚ ਕੱਟ ਕੇ ਦਿਹੁੰ ਔਖੇ ਮੰਦੇ ,
ਹਰ ਥਾਂ ਪ੍ਰੀਤ ਬੂਟਾ ਲਾਉਂਦਾ ਜਾਏ ਤੇਰਾ ਖਾਲਸਾ !
ਕਰ ਕੇ ਨਿਆਰੀਆਂ ਯਾਦਾਂ ਕਾਇਮ ਸਿੱਖਾਂ ਦੀਆਂ,
ਮਨ ਦਾ ਭੈਅ ਜੜ੍ਹਾਂ ਤੋਂ ਹੀ ਮੁਕਾਏ ਤੇਰਾ ਖਾਲਸਾ !
ਹੋਕਾ ਦੇ ਕੇ ਆਖਦਾ ' ਆਜ਼ਾਦ ' ਪਿਆਰੇ ਵੀਰਨੋ !
ਹਰ ਵੀਰ- ਭੈਣ ਸੱਜ ਜਾਏ ਨਿਰੋਲ ਤੇਰਾ ਖਾਲਸਾ !

**ਰਣਜੀਤ ਸਿੰਘ ਆਜ਼ਾਦ (ਕਾਂਝਲਾ)**
ਮੋਬ.09464697781

## ਕੁਦਰਤ ਦੇ ਰੰਗ

ਅੱਜ ਨੱਕ ਤੇ ਮੂੰਹ ਸਭ ਢੱਕੀ ਫਿਰਦੇ,
ਕਦੇ ਦੇਂਦੇ ਸੀ ਮੁੱਛਾਂ ਨੂੰ ਬੜਾ ਤਾਅ ਯਾਰੋ..!
ਉੱਚਾ ਸਾਹ ਵੀ ਅੱਜ ਨਾ ਲੈਣ ਭੁੱਲ ਕੇ,
ਕਦੇ ਖੰਘਦੇ ਸੀ ਗਲੀ ਦੇ ਵਿੱਚ ਆ ਯਾਰੋ..!!
ਸਾਧ ਪਖੰਡੀ ਜੋ ਮਾਇਆ ਵਿੱਚ ਹੋਏ ਅੰਨ੍ਹੇ,
ਪਾਵੇ ਉਹਨਾਂ ਨੂੰ ਕੋਈ ਨਾ ਅੱਜ ਘਾਹ ਯਾਰੋ..!
ਰੋਟੀ ਉਹਨਾਂ ਦੀ ਤਾਈਂ ਨੇ ਅੱਜ ਪਏ ਲਾਲੇ,
ਛੱਤੇ ਮਹਿਲ ਜਿਹਨਾਂ ਨੇ ਲਾ ਕੇ ਦਾਅ ਯਾਰੋ..!!
ਵਿੱਚ ਡੇਰਿਆਂ ਦੇ ਭਰਦੇ ਸੀ ਚੌਂਕੀਆਂ ਜੋ,
ਸ਼ਬਦ ਗੁਰੂ ਨੂੰ ਰਹੇ ਨੇ ਸਭ ਧਿਆ ਯਾਰੋ..!
ਨਾ ਖੇਡ ਆਉਂਦੀ ਤੇ ਨਾ ਕੋਈ ਕਸਰ ਪੈਂਦੀ,
ਤੰਗ ਕਰਦੀ ਨਾਂ ਹੁਣ ਕੋਈ ਬਲਾ ਯਾਰੋ..!!
ਲਾੜੀ ਆਉਂਦੀ ਏ ਬਿਨਾਂ ਹੁਣ ਵਾਜਿਆਂ ਦੇ,
ਸਭ ਵਿਸਰ ਗਏ ਸ਼ਗਨ ਤੇ ਚਾਅ ਯਾਰੋ..!
ਗਿੱਟੇ ਗੋਡੇ ਨਹੀਂ ਕਿਸੇ ਦੇ ਹੁਣ ਪੀੜ ਹੁੰਦੇ,
ਹਲਦੀ ਦੁੱਧ 'ਚ' ਲੈਂਦੇ ਨੇ ਸਭ ਪਾ ਯਾਰੋ..!!
ਮੁਰਗੇ ਖਾਂਦੇ ਸੀ ਕਦੇ ਜੋ ਵਿੱਚ ਹੋਟਲਾਂ ਦੇ,
ਰੋਟੀ ਚਟਣੀ ਨਾਲ ਲੈਂਦੇ ਨੇ ਹੁਣ ਖਾ ਯਾਰੋ..!
ਹੰਕਾਰੀ ਰਾਜੇ ਘਰਾਂ ਚ ਅੱਜ ਕੈਦ ਹੋ ਗਏ,
ਜਿਹਨਾਂ ਗਰੀਬ ਦਾ ਸੂਤ ਲਿਆ ਏ ਸਾਹ ਯਾਰੋ..!!
ਜਾਤ ਪਾਤ ਦਾ ਅੱਜ ਨਹੀਂ ਵਣਜ ਚੱਲਦਾ,
ਕੁਦਰਤ ਤੋਲਦੀ ਪਈ ਏ ਇੱਕੋ ਭਾਅ ਯਾਰੋ..!
ਅੱਜ ਤੋਂ ਬਾਅਦ ਨਾ ਕਰੂ ਗੁਮਾਨ "ਭੁੱਲਰ",
ਡਾਹਢਾ ਬਖਸ਼ ਦੇਵੇ ਜੇ ਕੀਮਤੀ ਸਾਹ ਯਾਰੋ..!!

**ਗੁਰਦੀਪ ਸਿੰਘ "ਭੁੱਲਰ" ਮੋ: 9417241037**

## ਪੀੜਾਂ ਦੇ ਸਿਲਸਿਲੇ

ਪੀੜਾਂ ਦੇ ਸਿਲਸਿਲੇ ਤਾਂ ਚਲਦੇ ਰਹਿਣੇ ਨੇ
ਤੂੰ ਨਿੱਕੀਆਂ ਖੁਸੀਆਂ ਦੇ ਗਲ ਬਾਹਾਂ ਪਾ
ਰੰਗ ਤਾਂ ਹਰ ਇੱਕ ਛੁੱਟ ਹੀ ਜਾਏਗਾ ਇੱਕ ਦਿਨ
ਇਸ ਤੋਂ ਡਰ ਕੇ ਤੇ ਨਾ ਬੇਰੰਗ ਬਣ ਜਾ
ਡਰਦਾ ਏ ਜੇ ਦਿਲ ਗੁਸਤਾਖੀਆਂ ਤੋਂ
ਫ਼ਿਰ ਕਿਵੇਂ ਜ਼ਿੰਦਗੀ ਦੇ ਦੱਸ ਕੰਮ ਹੋਣੇ ਨੇ
ਬੰਦ ਰੱਖਦਾ ਏ ਨੇ ਦਿਲ ਦੇ ਅਹਿਸਾਸਾਂ ਨੂੰ
ਯਾਦ ਰੱਖੀਂ ਇਹ ਮੁਹੱਬਤ ਵੇਲੇ ਮੁੜ ਕੇ ਨਾ ਆਉਣੇ ਨੇ
ਤੁਰਨਾ ਹੀ ਛੱਡ ਦਿੱਤਾ ਜੇ ਡਿੱਗਣ ਦੇ ਡਰੋਂ
ਫ਼ਿਰ ਕਿੱਦਾਂ ਅਗਾਂਹ ਕਦਮ ਚੁੱਕੇ ਜਾਣਗੇ
ਸੁਪਨਾ ਨਾ ਕੋਈ ਵੇਖਿਆ ਟੁੱਟ ਜਾਣ ਦੇ ਡਰ ਤੋਂ
ਫ਼ਿਰ ਰਾਤਾਂ ਨੂੰ ਮੋਏ ਚਾਅ ਆ ਕੇ ਰੁਲਾਣਗੇ
ਦਿਲ ਦੇ ਰਿਸ਼ਤਿਆਂ ਚ ਕਿਸ ਗੱਲ ਦੀ ਨਫਰਤ
ਕੜਵਾਹਟ ਕਿਉਂ ਕੌੜੇ ਸ਼ਬਦਾਂ ਨਾਲ ਘੋਲਣੀ
ਦਰਦ ਦਾ ਸਾਹਮਣਾ ਜਦ ਖੁਦ ਤੋਂ ਨਾ ਹੋਵੇ
ਖੁਸ਼ਪ੍ਰੀਤ ਫ਼ਿਰ ਖਾਮੋਸ਼ੀ ਵਿੱਚੋਂ ਸ਼ੁਰੂ ਕਰ ਕਵਿਤਾ
ਟੋਲਣੀ

**ਖੁਸ਼ਪ੍ਰੀਤ ਚਹਿਲ ਕੋਟ ਲੱਲੂ**

## ਅਪਰੈਲ 1699 ਤੇ ਦਿਨ ਸੀ ਵਿਸਾਖੀ ਜੀ,

ਅਪਰੈਲ 1699 ਤੇ ਦਿਨ ਸੀ ਵਿਸਾਖੀ ਜੀ,
ਸਜੇ ਹੋਏ ਪੰਡਾਲ ਵਿੱਚ ਗੁਰਾਂ ਗੱਲ ਇੱਕ ਆਖੀ ਜੀ,
ਪੰਜ ਸੀਸਾਂ ਦੀ ਹੈ ਲੋੜ, ਉੱਚੀ ਤਲਵਾਰ ਨੂੰ ਲਹਿਰਾਇਆ,
ਸਾਜ ਪੰਜ-ਪਿਆਰੇ ਗੁਰੂ ਗੋਬਿੰਦ ਸਿੰਘ ਨੇ, ਖਾਲਸਾ-ਪੰਥ ਸਜਾਇਆ,
ਸਾਜ ਪੰਜ-ਪਿਆਰੇ.....

ਧਰਮ ਖਾਤਰ ਤਲਵਾਰ ਮੇਰੀ, ਪੰਜ ਬਲੀਦਾਨਾਂ ਦੀ ਪਿਆਸੀ ਏ,
ਸੁਣ ਸ਼ਬਦ ਮੇਰੇ ਕਿਤੇ ਅੰਦਰ ਤੁਹਾਡੇ, ਪਸਰੀ ਤਾਂ ਨਾ ਉਦਾਸੀ ਏ,
ਹੋਊ ਸੱਚਾ ਸਿੰਘ ਮੇਰਾ ਇਸ ਮੌਕੇ ਜੀਹਨੇ ਹੌਂਸਲਾ ਦਿਖਾਇਆ,
ਸਾਜ ਪੰਜ-ਪਿਆਰੇ.....

ਸੀਸ ਝੁਕਾ ਕੇ ਗੁਰਾਂ ਅੱਗੇ ਭਾਈ ਦਇਆ ਰਾਮ ਖੜ੍ਹ ਗਏ,
ਮੈਂ ਦਵਾਂਗਾ ਬਲੀਦਾਨ ਪਾਤਸ਼ਾਹ, ਇਸ ਗੱਲ ਉੱਤੇ ਅੜ ਗਏ,
ਕਲਗੀਧਰ ਦਸਮੇਸ਼ ਪਿਤਾ ਨੇ ਭਾਈ ਜੀ ਦੇ ਹੌਂਸਲੇ ਨੂੰ ਸਲਾਹਿਆ,
ਸਾਜ ਪੰਜ-ਪਿਆਰੇ.....

ਇਸੇ ਤਰ੍ਹਾਂ ਧਰਮ ਦਾਸ, ਮੋਹਕਮ ਚੰਦ ਜੀ ਨੇ ਹਿੰਮਤ ਦਿਖਾਈ,
ਉਨ੍ਹਾਂ ਪਿੱਛੋਂ ਵਾਰੀ ਸਾਹਿਬ ਚੰਦ, ਹਿੰਮਤ ਰਾਏ ਜੀ ਦੀ ਆਈ,
ਕਰ ਵਚਨ ਪਾਤਸ਼ਾਹ ਦੇ ਪੂਰੇ, ਸਿੱਖਾਂ ਨੂੰ ਰਾਹ ਬਲੀਦਾਨ ਦਾ ਦਿਖਾਇਆ,
ਸਾਜ ਪੰਜ-ਪਿਆਰੇ.....

ਦਿੱਤਾ ਜੋੜ ਨਾਮ ਨਾਲ ਸਿੰਘ ਗੁਰਾਂ, ਛਕਾਇਆ ਅੰਮ੍ਰਿਤ ਖੰਡੇ ਬਾਟੇ ਦਾ,
ਰਹਿਣਾ ਸ਼ੁਕਰਾਨੇ 'ਚ ਤੇ ਪੈਣਾਂ ਲੱਖਾਂ ਉੱਤੇ ਭਾਰੀ, ਸਬਕ ਸੀ ਦਾਤੇ ਦਾ,
'ਖਾਲਸਾ ਗੁਰੂ ਤੇ ਗੁਰੂ ਹੈ ਖਾਲਸਾ' ਕਹਿ ਖਾਲਸੇ ਦਾ ਮਾਣ ਵਧਾਇਆ,
ਸਾਜ ਪੰਜ-ਪਿਆਰੇ ਗੁਰੂ ਗੋਬਿੰਦ ਸਿੰਘ ਨੇ, ਖਾਲਸਾ-ਪੰਥ ਸਜਾਇਆ,
ਸਾਜ ਪੰਜ-ਪਿਆਰੇ.....

**ਜੀਤ ਕੌਰ ਖੁਰਦ**

## ਆਸ

ਲਫਜ਼ਾਂ ਨੂੰ ਪਰੋ-ਪਰੋ ਕੇ
ਆਪਣੇ ਅਧੂਰੇ ਸੁਪਨਿਆਂ ਨੂੰ
ਜੱਗ ਜ਼ਾਹਿਰ ਕਰਦੀ ਹਾਂ ,
ਮਿਲ ਜੇ ਕੋਈ ਆਪਣਾ
ਜਿਹਦਾ ਨਿੱਤ ਇੰਤਜ਼ਾਰ ਕਰਦੀ ਹਾਂ ,
ਆਪਣੇ ਤੋਂ ਵੱਧ ਮੈਨੂੰ
ਚਾਹੁਣ ਵਾਲਾ ਹੋਵੇ ,
ਜਿਹਦੇ ਦੀਦਾਰ ਦੀ ਮੈਂ
ਨਿੱਤ ਆਸ ਕਰਦੀ ਹਾਂ ,
ਨਾ ਰਾਜਿਆਂ ਦੀ ਝਾਕ
ਨਾ ਮਹਿਲੀ ਰਹਿਣ ਦੀ
ਕੋਈ ਖੁਆਹਿਸ਼ ਰੱਖਦੀ ਹਾਂ ,
ਮਿਲ ਜੇ ਦੋ ਡੰਗ ਦੀ ਰੋਟੀ
ਸਬਰ , ਸੰਤੋਖ ਤੇ ਹੱਕ ਵਾਲੀ ,
ਜਿਹਦੀ ਮੈਂ ਨਿੱਤ ਅਰਦਾਸ ਕਰਦੀ ਹਾਂ ,
ਨਾ ਪੈਸਿਆਂ ਵੱਲ ਕੋਈ ਝਾਕ
ਨਾ ਪੂਰੇ ਹੋਣ ਵਾਲੇ ਉੱਚੇ
ਕੋਈ ਖੁਆਬ ਰੱਖਦੀ ਹਾਂ ,
ਮੈਂ ਤਾਂ ਸਿਰਫ ਸੱਚੇ ਦਿਲੋਂ
ਪਿਆਰ ਤੇ ਸਤਿਕਾਰ
ਕਰਨ ਵਾਲੇ ਦਾ
ਸੱਚੇ ਮੰਨੋ ਇੰਤਜ਼ਾਰ ਕਰਦੀ ਹਾਂ ,
ਰੱਬ ਦੀ ਹੋ ਜਾਵੇ ਜੇ ਬਖਸ਼ਿਸ਼
"ਤਰਵਿੰਦਰ" ਜ਼ਿੰਦਗੀ ਖੁੱਲ ਕੇ
ਜਿਉਂਣ ਦੀ ਆਸ ਕਰਦੀ ਹੈ !!

**ਤਰਵਿੰਦਰ ਕੌਰ ਝੰਡੋਕ ( ਲੁਧਿਆਣਵੀ )**
98144-50239

## ਬੋਲਦਾ ਇਤਿਹਾਸ ਖਾਲਸੇ ਦਾ

ਬੋਲਦਾ ਇਤਿਹਾਸ ਖਾਲਸੇ ਦਾ,
ਕਿੰਝ ਵੈਰੀਆਂ ਦੀਆਂ ਭਾਜੀਆਂ ਜਾਂਦੀਆਂ
ਮੋੜੀਆਂ,
ਕਿੰਝ ਲਈ ਦੀ ਜ਼ੁਲਮ ਨਾਲ ਟੱਕਰ,
ਖਾਲਸੇ ਜਿਹੀਆਂ ਉਦਾਹਰਨਾਂ ਜੱਗ ਵਿੱਚ
ਥੋੜੀਆਂ
ਪੁੱਤ ਧਰਮ ਲਈ ਵਾਰਨੇ ਹਾਂ ਜਾਣਦੇ,
ਪਿਤਾ ਨੂੰ ਵੀ ਸ਼ਹੀਦੀ ਲਈ ਤੋਰੀਏ,
ਖਾਲਸੇ ਦਾ ਇਤਿਹਾਸ ਦੱਸੇ ਦੇਣਾ ਕੁਰਬਾਨੀਆਂ,
ਆਪਾ ਵਾਰਨੋ ਵੀ ਨਾ ਕਦੇ ਡੋਲੀਏ
ਬੰਦ ਬੰਦ ਕੱਟੇ, ਆਰੇ ਨਾਲ ਚੀਰੇ,
ਪੁੱਤ ਵੀ ਮਾਵਾਂ ਝੋਲੀਆਂ ਕਰ ਡੱਕਰੇ ਪਵਾਏ,
ਖੋਪੜੀਆਂ ਲਾਹ ਲਾਹ ਵੈਰੀਆਂ ਵੇਖ ਲਈਆਂ,
ਹੌਂਸਲੇ ਖਾਲਸੇ ਦੇ ਨਾ ਗਏ ਢਾਏ
ਤੱਤੀ ਤਵੀ ਤੇ ਬੈਠ ਤੱਤੀ ਰੇਤ ਪਵਾ,
ਮੌਤ ਪ੍ਰੇਮਣੇ ਦਾ ਦਿੱਤਾ ਖਾਲਸੇ ਪਾਠ ਪੜ੍ਹਾ,
ਸ਼ਹੀਦਾਂ ਦੇ ਸਰਤਾਜ ਵੀ ਖਾਲਸੇ ਨੇ ਦਿੱਤੇ,
ਆਪਾ ਵਾਰ ਜਿਨ੍ਹਾਂ ਲਿਆ ਧਰਮ ਬਚਾ
ਭਾਈ ਮਤੀ ਦਾਸ ਵਰਗੇ ਸ਼ਹੀਦ ਵੀ ਨੇ,
ਜਾਲਮਾਂ ਨੇ ਜਿਨ੍ਹਾਂ ਨੂੰ ਦੋ ਫਾੜ ਕੀਤਾ,
ਚਾੜ ਚਰਖੜੀਆ ਤੇ ਵੀ ਪਰਖਿਆ
ਪਰ ਖਾਲਸਾ ਸਿਦਕ ਤੋਂ ਨਾ ਹੀਲੇ
ਬਾਬਾ ਦੀਪ ਸਿੰਘ ਨੂੰ ਜੱਗ ਜਾਣੇ,
ਵੱਢਿਆ ਸੀਸ ਤਲੀ ਤੇ ਰੱਖ ਲੜਨ ਵਾਲੇ,
ਕੌਤਕ ਖਾਲਸੇ ਦਾ ਸਾਰਾ ਜੱਗ ਵੇਖ਼ੇ,
ਐਸੀ ਫੋਜ ਤੋਂ ਜੱਗ ਕੁਰਬਾਨ ਜਾਵੇ
ਖਾਲਸੇ ਜਿਹੀਆਂ ਰੀਤਾਂ ਨਾ ਕਿਧਰੇ ਜੱਗ ਵਿੱਚ,
ਸਿਰ ਵੱਟੇ ਮਿਲਦੀਆਂ ਨੇ ਸਰਦਾਰੀਆਂ,
ਆਉਣਾ ਪੈਂਦਾ ਹੈ ਸੀਸ ਤਲੀ ਤੇ ਰੱਖ ਕੇ,
ਜੱਗੋ ਵੱਖਰੀਆਂ ਖਾਲਸੇ ਦੀਆਂ ਕਚਿਹਰੀਆਂ
ਗੁਰੂ ਗੋਬਿੰਦ ਦੀ ਫੌਜ ਹੈ ਖਾਲਸਾ,
ਇਹ ਫੋਜਾਂ ਨਾ ਕਿਧਰੇ ਹੋਰ ਬੋਹੜੀਆਂ,
ਬੋਲਦਾ ਇਤਿਹਾਸ ਖਾਲਸੇ ਦਾ
ਖਾਲਸੇ ਜਿਹੀਆਂ ਉਦਾਹਰਨਾਂ ਜੱਗ ਵਿੱਚ
ਥੋੜੀਆਂ

**ਮਨਦੀਪ ਪਾਲ ਕੌਰ 9463192156**

## ਪੜ੍ਹਿਆ ਪੁੱਤ ਪੜ੍ਹਾਕ ਦਾ ਸੋਲਾਂ ਦੂਣੀ ਅੱਠ

ਬਹੁਤਾ ਪੜ੍ਹਣ ਪੜ੍ਹਾਉਣ ਦਾ ਕੀ ਫਾਇਦਾ,
ਸਾਧ ਬਣ ਕੇ ਸਿਆਸਤ ਤੋਰ ਬਾਬਾ।
ਚੋਣਾਂ ਜਿੱਤ ਕੇ ਬਣ ਵਜੀਰ ਜਾਵੀਂ,
ਭਾਵੇਂ ਲੁੱਟ ਲਈਂ ਸਹਿਰ ਭੰਬੋਰ ਬਾਬਾ।
ਵੋਟ ਮਸੀਨਾਂ ਵਿੱਚ ਮਚਾ ਧਮੱਚੜ,
ਕਰ ਹੋਰ ਦਾ ਦੇਵੀਂ ਕੁਝ ਹੋਰ ਬਾਬਾ।
ਹੱਥ ਮਲਦੇ ਹੀ ਰਹਿ ਜਾਣ ਲੋਕੀਂ,
ਰਲੇ ਵੇਖ ਕੇ ਕੁੱਤੀ ਤੇ ਚੋਰ ਬਾਬਾ।
ਬੇਈਮਾਨੀਆਂ ਧੋਖੇ ਸਭ ਨਾਲ ਤੇਰੇ,
ਸਮਝ ਬੈਠੀਂ ਨਾ ਤੂੰ ਕਮਜੋਰ ਬਾਬਾ।
ਚੁੱਕ ਜੁੱਲੀ ਬਿਸਤਰਾ ਤੀਰ ਹੋਈਂ,
ਜਦੋਂ ਉੱਡ ਗਏ ਕਲਹਿਰੀ ਮੋਰ ਬਾਬਾ।
ਧੀ ਪੁੱਤ ਨਾ ਕੋਈ ਗੋਡੇ ਮੋਢੇ ਤੇਰੇ,
ਜਿੰਨ੍ਹਾਂ ਸਿਰ 'ਤੇ ਦਿਖਾਉਣੈ ਜੋਰ ਬਾਬਾ।
ਲਾਂਬੂ ਲਾਸ ਨੂੰ ਲਾਊ ਕੌਣ 'ਭਗਤਾ',
ਪਊ ਲੱਭਣਾ ਗੈਰ ਕੋਈ ਹੋਰ ਬਾਬਾ।

## ਆਸਾਂ ਕਣਕ ਤੋਂ

ਸੋਨੇ ਰੰਗੀਆਂ ਕਣਕਾਂ ਹੋਈਆਂ,
ਚਾਰ ਚੁਫੇਰੇ ਨੇ ਖੁਸਬੋਈਆਂ,
ਰੀਝਾਂ ਦਿਲ ਵਿਚ ਉੱਮਡ ਪਈਆਂ,
ਜਦ ਖੇਤੀਂ ਫਸਲਾਂ ਪੱਕ ਗਈਆਂ।
ਐਤਕੀਂ ਨੇ ਕਈ ਕਾਜ ਰਚਾਉਣੇ,
ਫਸਲ ਵੇਚਕੇ ਕਰਜੇ ਲਾਹੁਣੇ।
ਆੜਤੀਏ ਵੀ ਕਰਨ ਉਡੀਕਾਂ,
ਭੈਣਾਂ ਦੇ ਵੀ ਉਲਾਂਭੇ ਲਾਹੁਣੇ।
ਸੁੱਖੀ ਸਾਂਦੀ ਚੜਨ ਨੇਪਰੇ,
ਕਾਰਜ ਸਾਰੇ ਪੂਰੇ ਕਰਨੇ।
ਜੱਟ ਨੇ ਆਸਾਂ ਬੜੀਆਂ ਲਾਈਆਂ,
ਫਸਲਾਂ ਨੇ ਦੁੱਖ ਦੂਰ ਜਾ ਕਰਨੇ।
ਸਾਲਾ ਹਰ ਪੰਜਾਬੀ ਵੱਸੇ,
ਹਰ ਕਿਸਾਨ ਖੁਸੀ ਵਿੱਚ ਗਾਵੇ,
ਖੁਸੀਆਂ ਵਾਲੀ ਆਏ ਵਿਸਾਖੀ,
ਕਿਰਤੀ ਕਾਮਾ ਭੰਗੜੇ ਪਾਵੇ।

**ਰਾਜਨਦੀਪ ਕੌਰ ਮਾਨ 6239326166**

## ਹਾਲਾਤ-ਏ-ਪੰਜਾਬ

ਹਰ ਪਾਸੇ ਤੋਂ ਹੈ ਖੋਖਲਾ ਪੰਜਾਬ ਹੋ ਰਿਹਾ,
ਵਿਕਾਸ ਦੀਆਂ ਡੀਂਗਾਂ ਐਵੇਂ ਮਾਰੀ ਜਾਂਦੇ ਆ।
ਨਸਿਆਂ ਦੇ ਗੜ੍ਹ ਦਾ ਤਖੱਲਸ ਮਿਲਿਆ,
ਕਾਗਜਾਂ ਚ ਗੁੱਡੀ ਐਵੇਂ ਚਾੜ੍ਹੀ ਜਾਂਦੇ ਆ।
ਪਿੰਡੀਂ ਸਹਿਰੀਂ ਸੜਕਾਂ ਦਾ ਹਾਲ ਮਾੜਾ ਏ,
ਲਾ ਲਾ ਕੇ ਟਾਕੀਆਂ ਹੀ ਸਾਰੀ ਜਾਂਦੇ ਆ।
ਇਥੇ ਦਿਨ ਦੀਵੀ ਇਜਤਾਂ ਤੇ ਡਾਕੇ ਪੈਂਦੇ ਨੇ,
ਕੁੱਖਾਂ ਚ ਭਰੂਣ ਨੂੰ ਵੀ ਮਾਰੀ ਜਾਂਦੇ ਆ।
ਰੱਜਵੀਂ ਨਾ ਰੋਟੀ ਮਿਲਦੀ ਗਰੀਬਾਂ ਨੂੰ,
ਗੁਦਾਮਾਂ ਵਿਚ ਪਿਆ ਅੰਨ ਸਾੜੀ ਜਾਂਦੇ ਆ।
ਗਰੀਬ ਦੀ ਤਾਂ ਬਾਂਹ ਫੜ੍ਹ ਰਾਜੀ ਕੋਈ ਨਾ,
ਹੱਕ ਓਹਦੇ ਪੈਰਾਂ ਚ ਲਿਤਾੜੀ ਜਾਂਦੇ ਆ।
ਕਸੂਰਵਾਰ ਕਾਨੂੰਨ ਦੇ ਖੇਹ ਪੌਂਦੇ ਅੱਖਾਂ ਚ,
ਬੇਕਸੂਰਿਆਂ ਦੀ ਭੁਗਤ ਸਵਾਰੀ ਜਾਂਦੇ ਆ।
ਸੱਚ ਨੂੰ ਤਾਂ ਫਾਂਸੀ ਇਥੇ ਸਰੇਆਮ ਹੁੰਦੀ ਹੈ,
ਝੂਠਿਆਂ ਤੇ ਕਰੀ ਇਤਬਾਰੀ ਜਾਂਦੇ ਆ।
ਤਸੱਕਰਾਂ ਦੇ ਟੋਲੇ ਖੁਲ੍ਹੇ ਇਥੇ ਆਮ ਫਿਰਦੇ,
ਨਾਬਾਲਗਾਂ ਨੂੰ ਜੇਲ੍ਹਾਂ ਵਿੱਚ ਤਾੜੀ ਜਾਂਦੇ ਆ।
ਦੱਸੋ ਦੋਸਤੋ ਕੀ ਬਣੂੰ ਰੰਗਲੇ ਪੰਜਾਬ ਦਾ,
ਦੱਦਾਹੂਰੀਏ ਜਿਹੇ ਕਈ ਤਾਅਨੇ ਮਾਰੀ ਜਾਂਦੇ ਆ।

**ਜਸਵੀਰ ਸਰਮਾਂ ਦੱਦਾਹੂਰ**
95691-49556

## ਕਹਿਰ ਕਰੋਨਾਂ ਦਾ

ਨਵੇਂ ਸਾਲ ਦੀ ਸਭ ਨੂੰ ਮੁਬਾਰਕਬਾਦ ,
ਪੁਰਾਣਾ ਸਾਲ ਖੁਸ਼ੀਆਂ ਗਮੀਆਂ ਨਾਲ ਹੰਢਾਇਆਂ ,
ਕਰੋਨਾਂ ਨੇ ਸਾਰੇ ਸੰਸਾਰ ਨੂੰ ਹਿਲਾਇਆਂ ,
ਕੈਦ ਜਿਹੜੇ ਸੀ ਪੰਛੀ ,
ਕਰੋਨਾਂ ਨੇ ਇਨਸਾਨਾਂ ਨੂੰ ਪਿੰਜਰੇ ਵਿਚ ਪਾਇਆਂ ,
ਆਜ਼ਾਦੀ ਭਰਪੂਰ ਮਾਣੀ ਪੰਛੀਆਂ ਨੇ ,
ਅਦਭੁਤ ਕੁਦਰਤ ਦਾ ਨਵਾਂ ਦ੍ਰਿਸ਼ ਵੇਖਾਇਆਂ ,
ਜਿਹੜੇ ਕਹਿੰਦੇ ਅਸੀ ਕੰਮ ਕਾਰ ਵਾਲੇ ,
ਕਰੋਨਾਂ ਨੇ ਵਿਹਲੇ ਓਹਨਾ ਨੂੰ ਬੈਠਾਇਆਂ ,
ਅਮੀਰ ਖਾਂਦੇ ਵਿਭਿੰਨ ਵਿਅੰਜਨ ਰੱਜ ਕੇ,
ਗਰੀਬਾਂ ਨੂੰ ਦਰ ਦਰ ਮੰਗਣੇ ਲਿਆਇਆਂ ,
ਭਲਾ ਸੇਵਾਂ ਸੰਸਥਾਵਾਂ ਦਾ ,
ਗਰੀਬ ਦੇ ਅੰਨ ਮੂੰਹ ਪਾਇਆਂ ,
ਬਿਮਾਰੀ ਆਈ ਦੇਸ਼ ਤੋਂ ਬਾਹਰੋਂ ,
ਸਾਰੇ ਜੱਗ ਨੂੰ ਜੰਜਾਲ ਵਿਚ ਫਸਾਇਆਂ ,
ਹਾਏ ਰੱਬਾ ਹਾਏ ਰੱਬਾ ਕਹਿ ਕੇ ,
ਕਈ ਇਨਸਾਨਾਂ ਨੇ ਮੌਤ ਨੂੰ ਗਲ ਲਾਇਆਂ ,
ਨੇਤਾ ,ਮੰਤਰੀ ਅਮੀਰ ਜੋ ਬਣੇ ਫਿਰਦੇ ,
ਬਿਮਾਰੀ ਨੇ ਓਹਨਾ ਨੂੰ ਪੜ੍ਹਨੇ ਪਾਇਆਂ ,
ਨਵਾਂ ਸਾਲ ਤਾਂ ਚੜ੍ਹ ਗਿਆ ,
ਪਰ ਕਰੋਨਾ ਤੇ ਕਾਲੇ ਕਾਨੂੰਨਾਂ ਨੇ,
ਆਮ ਜਨਤਾ ਨੂੰ ਰੁਲਾਇਆਂ ,
" ਤਰਵਿੰਦਰ "ਨਵੇਂ ਸਾਲ ਹੋਵੇ ਖੁਸ਼ੀਆਂ ਦੀ ਬੁਛਾਰ ,
ਪੁਰਾਣੇ ਸਾਲ ਨੇ ਤਾਂ ਬਹੁਤ ਕਹਿਰ ਢਾਇਆਂ ..

**ਤਰਵਿੰਦਰ 98144-50239**

## ਫਾਹਾ ਈ ਵੱਢ ਦਿਓ...

ਲਓ ਬਈ ਝੰਡੇ ਈ ਗੱਡ ਦਿਓ,
ਲੋਕੋ ਹੁਣ ਤੁਸੀਂ ਫਾਹਾ ਈ ਵੱਢ ਦਿਓ।
ਆਉਣ ਵਾਲੀਆਂ ਵੋਟਾਂ ਦੇ ਵਿੱਚ,
ਮੋਦੀ ਵਾਲਾ ਕੰਡਾ ਈ ਕੱਢ ਦਿਓ।
ਲਓ ਬਈ.....
ਨੀਂ ਇਹ ਮੋਦੀ ਬੜਾ ਹੀ ਮਾੜਾ,
ਇਹਨੇ ਕਰਿਆ ਦੇਸ ਦਾ ਕਬਾੜਾ।
ਆਪਸ ਦੇ ਵਿੱਚ ਲੋਕ ਲੜਾ 'ਤੇ,
ਪਾਇਆ ਧਰਮਾਂ ਜਾਤਾਂ ਦਾ ਪੁਆੜਾ।
ਭੁੱਲ ਨਾਂ ਜਾਇਓ ਘੀਸੀਆਂ ਕੱਢੀਆਂ,
ਇਹਦਾ ਹੁਣ ਖਹਿੜ੍ਹਾ ਈ ਛੱਡ ਦਿਓ।
ਲਓ ਬਈ...
ਸਾਰਾ ਕੁੱਝ ਇਹ ਵੇਚ ਕੇ ਖਾ ਲਿਆ,
ਦੇਸ ਅਮੀਰਾਂ ਹੱਥ ਫੜਾ ਗਿਆ।
ਜਿਸ ਤੇ ਪੂਰਾ ਕੁਨਬਾ ਪਲਦਾ,
ਕਿਸਾਨੀ ਨੂੰ ਇਹ ਥੱਲੇ ਲਾ ਗਿਆ।
ਹੁਣ ਜੇ ਬੱਚਦੀ ਜਾਨ ਬਚਾ ਲਓ,
ਇਹਨੂੰ ਬੱਸ ਕਰ ਈ ਅੱਡ ਦਿਓ।
ਲਓ ਬਈ...
ਏਹਨੇ ਨਾਂ ਕੋਈ ਲੈਣਾ ਦੇਣਾ,
ਮਰੇ ਨੂੰ ਮਾਰ ਹੋਰ ਇਸ ਦੇਣਾ।
ਜੇ ਤੁਸਾਂ ਹੈ ਸੌਖਾ ਜੀਵਨ ਜੀਣਾ,
ਮੰਨ ਲਓ ਫੇਰ 'ਮਨਜੀਤ' ਦਾ ਕਹਿਣਾ।
ਇਹਨੂੰ ਸਮਝ ਨਾਂ ਏਦਾ ਆਉਣੀ,
ਇਹਦੇ ਤਾਂ ਤੋੜ ਈ ਹੱਡ ਦਿਓ।
ਲਓ ਬਈ ਝੰਡੇ ਈ ਗੱਡ ਦਿਓ,
ਲੋਕੋ ਤੁਸੀਂ ਹੁਣ ਫਾਹਾ ਈ ਵੱਢ ਦਿਓ।
ਆਉਣ ਵਾਲੀਆਂ ਵੋਟਾਂ ਦੇ ਵਿੱਚ,
ਮੋਦੀ ਵਾਲਾ ਕੰਡਾ ਈ ਕੱਢ ਦਿਓ।

**ਮਨਜੀਤ ਕੌਰ :9464633059**


ਖਾਲਸਾ ਸਾਜਨਾ
ਦਿਵਸ ਅਤੇ
ਵਿਸਾਖੀ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
A Trusted and Successful Name
Prithipal S. Bhatti (Bobby)
Licensed Real Estate Person
Cell : (516) 286-2535
Office : (516) 346-5034
Bobbyrealtor32@yahoo.com
www.Searchlongislanhome.com
175 Crossways Park Drive West Woodbury NY 11797